@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 6 August 2024

Punjabi National Daily

Qaumi Patrika NO.1

ਨਵੀਂ ਦਿੱਲੀ: ਮੰਗਲਵਾਰ 6 ਅਗਸਤ 2024, 22 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

VISIT: www.qaumipatrika.org
Email: qpatrika@gmail.com

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 271. qpatrika@gmail.com ਫੋਨ : 9971359517 www.qaumipatrika.org

# ਪ੍ਰਧਾਨ ਮੰਤਰੀ ਨੇ ਦਿੱਤਾ ਅਸਤੀਫਾ, ਸ਼ੇਖ ਹਸੀਨਾ ਨੇ ਛੱਡਿਆ ਢਾਕਾ

**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 5 ਅਗਸਤ। ਬੰਗਲਾਦੇਸ 'ਚ ਭਾਰੀ ਹਿੰਸਾ ਤੋਂ ਬਾਅਦ ਪ੍ਰਧਾਨ ਮੰਤਰੀ ਸੇਖ ਹਸੀਨਾ ਨੇ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਫੌਜ ਮੁਖੀ ਵਕਾਰ-ਉਜ-ਜਮਾਨ ਨੇ ਹਸੀਨਾ ਨੂੰ 45 ਮਿੰਟਾਂ ਦੇ ਅੰਦਰ ਅਸਤੀਫਾ ਦੇਣ ਦਾ ਅਲਟੀਮੇਟਮ ਦਿੱਤਾ ਸੀ। ਪ੍ਰਧਾਨ ਮੰਤਰੀ ਸੇਖ ਹਸੀਨਾ ਦੇਸ ਛੱਡ ਕੇ ਸੁਰੱਖਿਅਤ ਸਥਾਨ 'ਤੇ ਚਲੀ ਗਈ ਹੈ। ਪ੍ਰਦਰਸਨਕਾਰੀ ਸੇਖ ਹਸੀਨਾ ਦੇ ਘਰ 'ਚ ਦਾਖਲ ਹੋ ਗਏ ਹਨ ਅਤੇ ਭੰਨਤੋੜ ਕਰ ਰਹੇ ਹਨ। ਦੇਸ ਦੇ ਕਈ ਇਲਾਕਿਆਂ ਵਿੱਚ ਜਿੱਤ ਦੇ ਜਸਨ ਮਨਾਏ ਜਾ ਰਹੇ ਹਨ। ਇਸ ਹਿੰਸਾ ਵਿੱਚ 300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸੇਖ ਹਸੀਨਾ ਦੇ ਨਾਲ ਉਨ੍ਹਾਂ ਦੀ ਭੈਣ ਵੀ ਢਾਕਾ ਛੱਡ ਗਈ ਹੈ। ਬੰਗਲਾਦੇਸ ਦੇ ਫੌਜ ਮੁਖੀ ਨੇ ਹਸੀਨਾ ਨੂੰ ਕਿਹਾ ਸੀ ਕਿ ਉਹ ਸਨਮਾਨਜਨਕ ਤਰੀਕੇ ਨਾਲ ਸੱਤਾ ਤੋਂ ਅਸਤੀਫਾ ਦੇ ਦੇਵੇ। ਇਸ ਦੌਰਾਨ ਬੰਗਲਾਦੇਸ ਦੇ ਪ੍ਰਧਾਨ ਮੰਤਰੀ ਦੇ ਪੁੱਤਰ ਨੇ ਸੁਰੱਖਿਆ ਬਲਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਅਣ-ਚੁਣੀ ਸਰਕਾਰ ਨੂੰ ਸੱਤਾ ਵਿਚ ਆਉਣ ਤੋਂ ਰੋਕਣ। ਫੌਜ ਮੁਖੀ ਰਾਸਟਰ ਨੂੰ ਸੰਬੋਧਨ ਕਰਨ ਜਾ ਰਹੇ ਹਨ। ਪ੍ਰਧਾਨ ਮੰਤਰੀ ਸੇਖ ਹਸੀਨਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਐਤਵਾਰ ਨੂੰ ਸੁਰੂ ਹੋਈ ਹਿੰਸਾ ਵਿੱਚ ਕੁਝ ਘੰਟਿਆਂ ਵਿੱਚ ਹੀ 300 ਲੋਕਾਂ ਦੀ ਮੌਤ ਹੋ ਗਈ ਅਤੇ ਅਰਬਾਂ ਦੀ ਜਾਇਦਾਦ ਨੂੰ ਅੱਗ ਲਾ ਦਿੱਤੀ ਗਈ। ਸਾਰੇ ਵੱਡੇ ਸਹਿਰਾਂ 'ਚ ਲੱਖਾਂ ਲੋਕ ਸੇਖ ਹਸੀਨਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਹਨ। ਰਾਜਧਾਨੀ ਢਾਕਾ 'ਤੇ ਪ੍ਰਦਰਸਨਕਾਰੀਆਂ ਨੇ ਪੂਰੀ ਤਰ੍ਹਾਂ ਕਬਜਾ ਕਰ ਲਿਆ ਹੈ ਅਤੇ ਲੱਖਾਂ ਲੋਕ ਪ੍ਰਮੁੱਖ ਚੌਕੀਆਂ 'ਤੇ ਇਕੱਠੇ ਹੋਏ ਹਨ। ਪਿਛਲੇ ਕੁਝ ਦਿਨਾਂ ਵਿੱਚ ਬੰਗਲਾਦੇਸ ਵਿੱਚ ਪ੍ਰਦਰਸਨਾਂ ਦੌਰਾਨ ਹਿੰਸਾ ਵਿੱਚ 300 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਕਾਰਨ ਦੇਸ ਦੀ ਅਵਾਮੀ ਲੀਗ ਸਰਕਾਰ ਅਤੇ ਪ੍ਰਧਾਨ ਮੰਤਰੀ ਸੇਖ ਹਸੀਨਾ ਸੱਕ ਦੇ ਘੇਰੇ ਵਿੱਚ ਆ ਗਏ ਹਨ। ਬੰਗਲਾਦੇਸ ਮੀਡੀਆ ਮੁਤਾਬਕ ਦੇਸ ਦੇ ਫੌਜ ਮੁਖੀ ਇਸ ਸਮੇਂ ਦੇਸ ਦੀ ਸਥਿਤੀ 'ਤੇ ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਨਾਲ ਸਲਾਹ-ਮਸਵਰੇ 'ਚ ਲੱਗੇ ਹੋਏ ਹਨ। ਇਸ ਤੋਂ ਬਾਅਦ ਫੌਜ ਮੁਖੀ ਸੰਬੋਧਨ ਕਰਨਗੇ। ਬੰਗਲਾਦੇਸ ਦੇ ਫੌਜ ਮੁਖੀ ਦਾ ਟੈਲੀਵਿਜਨ ਸੰਬੋਧਨ ਇਕ ਵਾਰ ਫਿਰ ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਆਰਮੀ ਚੀਫ ਆਪਣੇ ਸੰਬੋਧਨ 'ਚ ਸੱਤਾ ਪਰਿਵਰਤਨ ਦਾ ਐਲਾਨ ਕਰਨਗੇ। ਲੱਖਾਂ ਲੋਕ ਸੜਕਾਂ 'ਤੇ ਹਨ ਅਤੇ ਉਨ੍ਹਾਂ ਨੂੰ ਰੋਕਿਆ ਨਹੀਂ ਜਾ ਰਿਹਾ ਹੈ। ਪਿਛਲੇ ਮਹੀਨੇ, ਢਾਕਾ



ਯੂਨੀਵਰਸਿਟੀ ਵਿੱਚ ਵਿਦਿਆਰਥੀ ਕਾਰਕੁਨਾਂ ਦੀ ਬੰਗਲਾਦੇਸ ਵਿੱਚ ਵਿਵਾਦਤ ਕੋਟਾ ਪ੍ਰਣਾਲੀ ਨੂੰ ਲੈ ਕੇ ਪੁਲਸ ਅਤੇ ਸਰਕਾਰ ਪੱਖੀ ਪ੍ਰਦਰਸਨਕਾਰੀਆਂ ਨਾਲ ਹਿੰਸਕ ਝੜਪ ਹੋਈ ਸੀ। ਇਨ੍ਹਾਂ ਪ੍ਰਦਰਸਨਾਂ ਵਿੱਚ ਭੀੜ ਵਧਣ ਲੱਗੀ ਅਤੇ ਹਿੰਸਾ ਸੁਰੂ ਹੋ ਗਈ। ਜਦੋਂ ਸੁਪਰੀਮ ਕੋਰਟ ਨੇ ਕੋਟਾ ਘਟਾਉਣ ਦਾ ਫੈਸਲਾ ਕੀਤਾ ਤਾਂ ਹਾਲਾਤ ਠੀਕ ਹੁੰਦੇ ਜਾਪਦੇ ਸਨ, ਪਰ ਐਤਵਾਰ ਨੂੰ ਲੱਖਾਂ ਲੋਕ ਹਸੀਨਾ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਸੜਕਾਂ 'ਤੇ ਉਤਰ ਆਏ ਅਤੇ ਗੱਲ ਸੇਖ ਹਸੀਨਾ ਦੇ ਹੱਥੋਂ ਨਿਕਲ ਗਈ। ਬੰਗਲਾਦੇਸ ਵਿਚ ਤਖਤਾਪਲਟ ਹੋ ਗਿਆ ਹੈ। ਅਚਾਨਕ ਵਾਪਰੇ ਸਿਆਸੀ ਘਟਨਾਕ੍ਰਮ ਵਿਚਕਾਰ ਫੌਜ ਮੁਖੀ ਜਨਰਲ ਵਕਾਰ-ਉਜ-ਜਮਾਨ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਸੇਖ ਹਸੀਨਾ ਦੇ ਅਸਤੀਫਾ ਦੇਣ ਅਤੇ ਦੇਸ ਛੱਡ ਕੇ ਸੁਰੱਖਿਅਤ ਸਥਾਨ 'ਤੇ ਚਲੇ ਜਾਣ ਤੋਂ ਬਾਅਦ ਸਾਰੀਆਂ ਪਾਰਟੀਆਂ ਦੀ ਭਾਗੀਦਾਰੀ ਨਾਲ ਅੰਤਰਿਮ ਸਰਕਾਰ ਦੇ ਗਠਨ ਦਾ ਐਲਾਨ ਕੀਤਾ। ਜਨਰਲ ਜਮਾਨ ਨੇ ਰਾਸਟਰ ਨੂੰ ਆਪਣੇ ਸੰਬੋਧਨ ਵਿੱਚ ਕਿਹਾ, "ਅਸੀਂ ਸਾਰੀਆਂ ਸਿਆਸੀ ਪਾਰਟੀਆਂ ਨਾਲ ਸਾਰਥਕ ਵਿਚਾਰ ਵਟਾਂਦਰੇ ਤੋਂ ਬਾਅਦ ਦੇਸ ਵਿੱਚ ਅੰਤਰਿਮ ਸਰਕਾਰ ਬਣਾਉਣ ਦਾ ਫੈਸਲਾ ਕੀਤਾ ਹੈ। ਹੁਣ ਅਸੀਂ ਸਥਿਤੀ ਨੂੰ ਸੁਲਝਾਉਣ ਲਈ ਰਾਸਟਰਪਤੀ ਮੁਹੰਮਦ ਸਹਾਬੂਦੀਨ ਨਾਲ ਗੱਲ ਕਰਾਂਗੇ।"

## ਮੁੱਖ ਮੰਤਰੀ ਨੇ ਸ਼ਹੀਦ ਹੋਮਗਾਰਡ ਜਵਾਨ ਜਸਪਾਲ ਸਿੰਘ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ

ਚੰਡੀਗੜ੍ਹ 5 ਅਗਸਤ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡਿਊਟੀ ਦੌਰਾਨ ਆਪਣੀ ਜਾਨ ਕੁਰਬਾਨ ਕਰਨ ਵਾਲੇ ਹੋਮਗਾਰਡ ਜਵਾਨ ਜਸਪਾਲ ਸਿੰਘ ਦੇ ਪਰਿਵਾਰ ਨੂੰ ਅੱਜ ਇਕ ਕਰੋੜ ਰੁਪਏ ਦਾ ਬੀਮਾ ਸੁਰੱਖਿਆ ਦਾ ਚੈੱਕ ਦਿੱਤਾ। ਪਰਿਵਾਰ ਨੂੰ ਚੈੱਕ ਸੌਂਪਦਿਆਂ ਤੇ ਉਨ੍ਹਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਪਣੇ ਜਵਾਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਸਹੀਦ ਦਾ ਪੁੱਤਰ ਪਹਿਲਾਂ ਹੀ ਪੁਲਸ ਬਲ ਵਿਚ ਸਿਪਾਹੀ ਵਜੋਂ ਭਰਤੀ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜਸਪਾਲ ਸਿੰਘ ਦੀ ਸੁਲਤਾਨਪੁਰ ਲੋਧੀ ਵਿਖੇ ਡਿਊਟੀ ਨਿਭਾਉਂਦੇ ਹੋਏ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਅੱਜ ਐੱਚ.ਡੀ.ਐੱਫ.ਸੀ. ਬੈਂਕ ਰਾਹੀਂ ਇਕ ਕਰੋੜ ਰੁਪਏ ਦੇ ਬੀਮੇ ਦੀ ਅਦਾਇਗੀ ਕੀਤੀ ਗਈ, ਜਦਕਿ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਪਰਾਲਾ ਸੂਬੇ ਵਿਚ ਅਮਨ-




ਕਾਨੂੰਨ ਨੂੰ ਕਾਇਮ ਰੱਖਣ ਲਈ ਧਰਤੀ ਮਾਤਾ ਦੇ ਇਸ ਸਪੂਤ ਵੱਲੋਂ ਦਿੱਤੇ ਵਡਮੁੱਲੇ ਯੋਗਦਾਨ ਨੂੰ ਸਤਿਕਾਰ ਭੇਟ ਕਰਨ ਲਈ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਜਸਪਾਲ ਸਿੰਘ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਸੂਬਾ ਸਰਕਾਰ ਦੀ ਸੈਨਿਕਾਂ (ਹਥਿਆਰਬੰਦ ਬਲਾਂ, ਅਰਧ ਸੈਨਿਕ ਬਲਾਂ ਅਤੇ ਪੁਲਸ ਤੋਂ) ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਯਕੀਨੀ ਬਣਾਉਣ ਦੀ ਵਚਨਬੱਧਤਾ ਅਨੁਸਾਰ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜਾਹਰ ਕੀਤੀ ਕਿ ਸੂਬਾ ਸਰਕਾਰ ਵੱਲੋਂ ਕੀਤਾ ਗਿਆ ਇਹ ਨਿਮਾਣਾ ਜਿਹਾ ਉਪਰਾਲਾ ਇਕ ਪਾਸੇ ਪੀੜਤ ਪਰਿਵਾਰ ਦੀ ਮਦਦ ਕਰੇਗਾ ਅਤੇ ਦੂਜੇ ਪਾਸੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕਰੇਗਾ। ਉਨ੍ਹਾਂ ਨੇ ਦੇਸ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਇਨ੍ਹਾਂ ਬਹਾਦਰ ਯੋਧਿਆਂ ਦੇ ਲਾਮਿਸਾਲ ਯੋਗਦਾਨ ਨੂੰ ਸਤਿਕਾਰ ਦੇਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ।

## ਹਰਿਆਣਾ ਸਰਕਾਰ ਨੇ ਖੇਡਿਆ ਵੱਡਾ ਚੁਣਾਵੀ ਦਾਅ

ਕੁਰੂਕਸ਼ੇਤਰ 5 ਅਗਸਤ। ਹਰਿਆਣਾ ਦੇ ਸੀ.ਐੱਮ. ਨਾਇਬ ਸੈਣੀ ਨੇ ਐਤਵਾਰ ਨੂੰ ਕੁਰੂਕਸ਼ੇਤਰ 'ਚ ਕਿਸਾਨਾਂ ਲਈ ਵੱਡੇ ਐਲਾਨ ਕੀਤੇ ਹਨ। ਸੀ.ਐੱਮ. ਨੇ ਕਿਸਾਨਾਂ ਦਾ 133 ਕਰੋੜ 55 ਲੱਖ ਰੁਪਏ ਦਾ ਕਰਜਾ ਮੁਆਫ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪੁਰਾਣੇ ਬੰਦ ਹੋ ਚੁੱਕੇ ਟਿਊਬਵੈੱਲਾਂ ਨੂੰ ਦੂਜੀ ਜਗ੍ਹਾ ਲਗਾਉਣ 'ਤੇ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਸੂਬੇ 'ਚ ਸਾਰੀਆਂ ਫਸਲਾਂ ਨੂੰ ਐੱਮ.ਐੱਸ.ਪੀ. 'ਤੇ ਖਰੀਦੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਨਵੀਆਂ-ਨਵੀਆਂ ਤਕਨੀਕਾਂ ਨਾਲ ਝੂਠ ਫੈਲਾਅ ਕੇ ਸਰਕਾਰ ਬਣਾਉਣਾ ਚਾਹੁੰਦੀ ਹੈ, ਲੋਕਾਂ ਨੂੰ ਬਚ ਕੇ ਰਹਿਣਾ ਹੈ। ਮੁੱਖ ਮੰਤਰੀ ਨਾਇਬ ਸੈਣੀ ਨੇ ਕਿਹਾ ਕਿ ਅੱਜ ਸਾਡੇ ਲਈ ਖਾਸ ਦਿਨ ਹੈ। ਅਸੀਂ ਕੁਰੂਕਸੇਤਰ ਦੀ ਪਵਿੱਤਰ ਧਰਤੀ ਤੋਂ ਸੁਰੂਆਤ ਕਰ ਰਹੇ ਹਾਂ ਅਤੇ ਅੱਜ ਦੀ ਰੈਲੀ ਤੋਂ ਬਾਅਦ 90 ਵਿਧਾਨ ਸਭਾ ਹਲਕਿਆਂ ਵਿੱਚ ਰੈਲੀਆਂ ਕਰਾਂਗੇ। ਚੋਣਾਂ ਦੀ ਸੁਰੂਆਤ ਚੋਣ ਸੰਖ ਰੈਲੀ ਨਾਲ ਹੋ ਗਈ ਹੈ। ਇਹ




ਗੀਤਾ ਦਾ ਸਥਾਨ ਹੈ, ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ ਚਰਨ ਵੀ ਇੱਥੇ ਪਏ ਸਨ। ਸ੍ਰੀ ਕ੍ਰਿਸਨ ਨੇ ਇੱਥੋਂ ਹੀ ਗੀਤਾ ਦਾ ਪ੍ਰਚਾਰ ਕੀਤਾ ਸੀ।ਸੀ.ਐੱਮ. ਨੇ ਕਿਹਾ ਕਿ ਅਸੀਂ ਹਰਿਆਣਾ ਦੀ ਤਸਵੀਰ ਬਦਲ ਦਿੱਤੀ ਹੈ। ਸਰਕਾਰੀ ਖਜਾਨੇ ਵਿੱਚੋਂ ਲਿਆ ਪੈਸਾ ਲਾਭਪਾਤਰੀਆਂ ਤੱਕ ਪਹੁੰਚਾਉਣ ਦਾ ਕੰਮ ਕੀਤਾ ਗਿਆ ਹੈ। ਅਸੀਂ ਬਿਨਾਂ ਪੈਸੇ ਦਿੱਤੇ ਨੌਕਰੀ ਦਿੱਤੀ ਹੈ। ਹਰਿਆਣਾ ਬਣਨ ਤੋਂ ਬਾਅਦ ਲੋਕਾਂ ਨੇ ਕਈ ਸਰਕਾਰਾਂ ਦਾ ਕੰਮ ਦੇਖਿਆ ਹੈ, ਉਸ ਸਮੇਂ ਡਰ ਅਤੇ ਭ੍ਰਿਸਟਾਚਾਰ ਸੀ ਪਰ ਅਸੀਂ ਉਸ ਨੂੰ ਬਦਲ ਦਿੱਤਾ ਹੈ। ਅਸੀਂ ਗਰੀਬਾਂ ਦਾ ਦੁੱਖ ਸਮਝ ਲਿਆ ਹੈ। ਦੱਸ ਦੇਈਏ ਕਿ ਹਰਿਆਣਾ 'ਚ ਆਉਣ ਵਾਲੇ ਦਿਨਾਂ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸਨੂੰ ਲੈ ਕੇ ਭਾਜਪਾ ਮੈਦਾਨ 'ਚ ਉਤਰ ਗਈ ਹੈ। ਭਾਜਪਾ ਨੇ ਐਕਸ 'ਤੇ ਪੋਸਟ 'ਚ ਕਿਹਾ ਕਿ ਹਰਿਆਣਾ ਭਾਜਪਾ ਨੇ ਐਤਵਾਰ ਨੂੰ ਧਰਮਕਸੇਤਰ ਕੁਰੂਕਸੇਤਰ ਤੋਂ ਥਾਨੇਸਰ ਵਿਧਾਨ ਸਭਾ ਦੀ 'ਮਹਾਰਾ ਹਰਿਆਣਾ ਨਾਨ ਸਟਾਪ ਹਰਿਆਣਾ' ਰੈਲੀ ਰਾਹੀਂ ਵਿਧਾਨ ਸਭਾ ਚੋਣਾਂ ਲਈ ਤੀਜੀ ਵਾਰ ਜਿੱਤ ਦਾ ਬਿਗੁਲ ਵਜਾਇਆ ਹੈ।

## ਵਕਫ ਐਕਟ 'ਚ ਸੋਧ ਬਿੱਲ ਨੂੰ ਕੈਬਨਿਟ ਦੀ ਮਨਜ਼ੂਰੀ

ਨੈਸ਼ਨਲ ਡੈਸਕ 5 ਅਗਸਤ। ਮੋਦੀ ਸਰਕਾਰ ਵਕਫ ਐਕਟ ਵਿਚ ਵੱਡੇ ਸੋਧ ਕਰਨ ਜਾ ਰਹੀ ਹੈ। ਸੂਤਰਾਂ ਮੁਤਾਬਕ ਕੈਬਨਿਟ ਨੇ ਵਕਫ ਐਕਟ ਵਿਚ ਕਰੀਬ 40 ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਵਕਫ ਐਕਟ ਵਿਚ ਸੋਧ ਲਈ ਇਕ ਬਿੱਲ ਅਗਲੇ ਹਫਤੇ ਸੰਸਦ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵਕਫ ਬੋਰਡ ਦੀਆਂ ਕਿਸੇ ਵੀ ਜਾਇਦਾਦ ਨੂੰ ਵਕਫ ਜਾਇਦਾਦ ਬਣਾਉਣ ਦੇ ਅਧਿਕਾਰਾਂ 'ਤੇ ਰੋਕ ਲਗਾਉਣਾ ਚਾਹੁੰਦੀ ਹੈ। 40 ਪ੍ਰਸਤਾਵਿਤ ਸੋਧਾਂ ਮੁਤਾਬਕ ਵਕਫ ਬੋਰਡਾਂ ਵਲੋਂ ਜਾਇਦਾਦਾਂ 'ਤੇ ਕੀਤੇ ਗਏ ਦਾਅਵਿਆਂ ਦੀ ਲਾਜਮੀ ਤਸਦੀਕ ਹੋਵੇਗੀ। ਸੂਤਰਾਂ ਮੁਤਾਬਕ ਸਰਕਾਰ ਵਕਫ ਐਕਟ 'ਚ ਸੋਧ ਬਿੱਲ ਅਗਲੇ ਹਫਤੇ ਸੰਸਦ 'ਚ ਪੇਸ ਕਰ ਸਕਦੀ ਹੈ। ਵਕਫ ਬੋਰਡ ਕੋਲ ਕਰੀਬ 8.7 ਲੱਖ ਜਾਇਦਾਦਾਂ ਹਨ। 2013 ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ ਸਰਕਾਰ ਨੇ ਮੂਲ ਵਕਫ ਐਕਟ ਵਿਚ ਸੋਧ ਕਰਕੇ ਵਕਫ ਬੋਰਡਾਂ ਨੂੰ ਵਧੇਰੇ ਸਕਤੀਆਂ ਦਿੱਤੀਆਂ। ਜਿਸ ਜਾਇਦਾਦ ਨੂੰ ਵਕਫ ਬੋਰਡ ਆਪਣੀ ਘੋਸ਼ਿਤ ਕਰਦਾ ਹੈ, ਉਸ ਨੂੰ ਵਾਪਸ ਲੈਣ ਲਈ ਜਮੀਨ ਮਾਲਕ ਨੂੰ ਅਦਾਲਤ ਵਿਚ ਲੜਨਾ ਪੈਂਦਾ ਹੈ। ਵਕਫ ਬੋਰਡ ਨੂੰ 2013 ਵਿਚ ਤਤਕਾਲੀ ਯੂ. ਪੀ. ਏ ਸਰਕਾਰ ਦੌਰਾਨ ਕਿਸੇ ਵੀ ਜਾਇਦਾਦ ਨੂੰ ਆਪਣੀ ਘੋਸ਼ਿਤ ਕਰਨ ਦਾ ਅਧਿਕਾਰ ਮਿਲਿਆ ਸੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸੇ ਵੀ ਜਾਇਦਾਦ 'ਤੇ ਦਾਅਵਾ ਕਰਨ ਲਈ ਸੂਬੇ 'ਚ ਵਕਫ ਬੋਰਡਾਂ ਨੂੰ ਦਿੱਤੇ ਗਏ ਵਿਆਪਕ ਅਧਿਕਾਰਾਂ ਅਤੇ ਜ਼ਿਆਦਾਤਰ ਸੂਬਿਆਂ 'ਚ ਅਜਿਹੀ ਜਾਇਦਾਦ ਦੇ ਸਰਵੇ 'ਚ ਹੋ ਰਹੀ ਦੇਰੀ ਦਾ ਨੋਟਿਸ ਲਿਆ ਸੀ। ਸਰਕਾਰ ਨੇ ਜਾਇਦਾਦਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਵਕਫ ਜਾਇਦਾਦਾਂ ਦੀ ਨਿਗਰਾਨੀ ਵਿਚ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਸਾਮਲ ਕਰਨ ਦੀ ਸੰਭਾਵਨਾ 'ਤੇ ਵੀ ਵਿਚਾਰ ਕੀਤਾ ਸੀ।

ਵਕਫ ਬੋਰਡ ਦੇ ਕਿਸੇ ਵੀ ਫੈਸਲੇ ਖ਼ਿਲਾਫ ਸਿਰਫ ਅਦਾਲਤ

## ਬੰਗਲਾਦੇਸ਼ ਦੇ ਹਾਲਾਤਾਂ ਵਿਚਾਲੇ ਪ੍ਰਧਾਨ ਮੰਤਰੀ ਮੋਦੀ ਨੇ ਬੁਲਾਈ ਹਾਈਲੈਵਲ ਮੀਟਿੰਗ

**ਏਜੰਸੀਆਂ**

ਨਵੀਂ ਦਿੱਲੀ 5 ਅਗਸਤ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੰਗਲਾਦੇਸ ਦੇ ਮੌਜੂਦਾ ਹਾਲਾਤ ਨੂੰ ਲੈ ਕੇ ਮੀਟਿੰਗ ਕਰ ਰਹੇ ਹਨ। ਇਹ ਮੀਟਿੰਗ ਪ੍ਰਧਾਨ ਮੰਤਰੀ ਨਿਵਾਸ, 7 ਲੋਕ ਕਲਿਆਨ ਮਾਰਗ 'ਤੇ ਹੋ ਰਹੀ ਹੈ। ਸੂਤਰਾਂ ਮੁਤਾਬਕ ਬੈਠਕ 'ਚ ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸਾਹ, ਵਿਦੇਸ ਮੰਤਰੀ ਐੱਸ ਜੈਸੰਕਰ, ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਰਾਸਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਪੀਐੱਮਓ ਦੇ ਅਧਿਕਾਰੀ ਮੌਜੂਦ ਹਨ। ਇਸ ਤੋਂ ਪਹਿਲਾਂ ਵਿਦੇਸ ਮੰਤਰੀ ਐੱਸ ਜੈਸੰਕਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਬੰਗਲਾਦੇਸ ਦੀ ਨੇਤਾ ਸੇਖ ਹਸੀਨਾ ਦਾ ਫੌਜੀ ਜਹਾਜ ਉਸ ਦੇ ਦੇਸ ਵਿਚ ਗੜਬੜੀ ਦੇ ਵਿਚਕਾਰ, ਦਿੱਲੀ ਦੇ ਨਾਲ ਲੱਗਦੇ ਗਾਜੀਆਬਾਦ ਦੇ ਹਿੰਡਨ ਏਅਰਬੇਸ 'ਤੇ ਉਤਰਿਆ। ਉਹ ਭਾਰਤ ਦੇ ਰਸਤੇ ਲੰਡਨ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਜੈਸੰਕਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਗੁਆਂਢੀ ਦੇਸ 'ਚ ਬਦਲਦੇ ਘਟਨਾਕ੍ਰਮ ਦੀ ਜਾਣਕਾਰੀ ਦਿੱਤੀ। ਹਾਲਾਂਕਿ ਮੀਟਿੰਗ ਨੂੰ ਲੈ ਕੇ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਬੰਗਲਾਦੇਸ ਦੀ ਪ੍ਰਧਾਨ ਮੰਤਰੀ ਸੇਖ ਹਸੀਨਾ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਹੁਣ ਅੰਤਰਿਮ ਸਰਕਾਰ ਚਾਰਜ ਸੰਭਾਲੇਗੀ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੰਸਦ ਭਵਨ ਕੰਪਲੈਕਸ 'ਚ ਵਿਦੇਸ ਮੰਤਰੀ ਐੱਸ ਜੈਸੰਕਰ ਨਾਲ ਮੁਲਾਕਾਤ ਕੀਤੀ ਅਤੇ



ਬੰਗਲਾਦੇਸ ਦੇ ਵਿਕਾਸ 'ਤੇ ਚਰਚਾ ਕੀਤੀ। ਕਾਂਗਰਸ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਸਾਬਕਾ ਕਾਂਗਰਸ ਪ੍ਰਧਾਨ ਨੇ ਬੰਗਲਾਦੇਸ ਦੇ ਤਾਜਾ ਘਟਨਾਕ੍ਰਮ 'ਤੇ ਚਰਚਾ ਕੀਤੀ, ਹਾਲਾਂਕਿ ਇਸ ਦਾ ਵਿਸਥਾਰ ਨਹੀਂ ਕੀਤਾ। ਬੰਗਲਾਦੇਸ ਦੀ ਪ੍ਰਧਾਨ ਮੰਤਰੀ ਸੇਖ ਹਸੀਨਾ ਨੇ ਦੇਸ 'ਚ ਕਈ ਦਿਨਾਂ ਦੇ ਵਿਰੋਧ ਪ੍ਰਦਰਸਨ ਤੋਂ ਬਾਅਦ ਸੋਮਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਬੰਗਲਾਦੇਸ ਦੇ ਫੌਜ ਮੁਖੀ ਜਨਰਲ ਵਕਾਰ-ਉਜ-ਜਮਾਨ ਨੇ ਸੋਮਵਾਰ ਨੂੰ ਕਿਹਾ ਕਿ ਹੁਣ ਅੰਤਰਿਮ ਸਰਕਾਰ ਕਾਰਜਭਾਰ ਸੰਭਾਲੇਗੀ। ਬੰਗਲਾਦੇਸ ਵਿਚ ਸਿਆਸੀ ਤਖਤਾ ਪਲਟ ਦੇ ਦੌਰਾਨ, ਭਾਰਤ ਦੇ ਰਾਸਟਰੀ ਸੁਰੱਖਿਆ ਸਲਾਹਕਾਰ (ਐੱਨਐੱਸਏ) ਅਜੀਤ ਡੋਭਾਲ ਨੇ ਗਾਜੀਆਬਾਦ ਦੇ ਹਿੰਡਨ ਏਅਰਬੇਸ 'ਤੇ ਬੰਗਲਾਦੇਸ ਦੀ ਸਾਬਕਾ ਪ੍ਰਧਾਨ ਮੰਤਰੀ ਸੇਖ ਹਸੀਨਾ ਨਾਲ ਮੁਲਾਕਾਤ ਕੀਤੀ। ਸੂਤਰਾਂ ਮੁਤਾਬਕ ਡੋਭਾਲ ਨੇ ਬੰਗਲਾਦੇਸ ਦੀ ਸਥਿਤੀ ਬਾਰੇ ਜਾਣਕਾਰੀ ਲਈ ਹੈ। ਇਸ ਤੋਂ ਪਹਿਲਾਂ ਸੇਖ ਹਸੀਨਾ ਵਿਸੇਸ ਜਹਾਜ ਰਾਹੀਂ ਸਾਮ 5.36 ਵਜੇ ਗਾਜੀਆਬਾਦ ਦੇ ਹਿੰਡਨ ਏਅਰਬੇਸ ਪਹੁੰਚੀ। ਹਸੀਨਾ ਫਿਲਹਾਲ ਹਿੰਡਨ ਏਅਰਬੇਸ 'ਤੇ ਰਹਿ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਹ ਲੰਡਨ ਲਈ ਰਵਾਨਾ ਹੋ ਸਕਦੀ ਹੈ।

## ਨਾਜਾਇਜ ਮਾਈਨਿੰਗ ਕਰਨ ਵਾਲੇ ਅਤੇ ਨਸ਼ਾ ਤਸਕਰਾਂ ਨੂੰ ਪ੍ਰਭਾਵ ਦੇ ਬਾਵਜੂਦ ਬਖਸ਼ਿਆ ਨਹੀਂ ਜਾਵੇਗਾ: ਡਾ: ਜਤਿੰਦਰ ਸਿੰਘ

**ਨਵਦੀਪ ਸਿੰਘ ਸਾਹਨੀ**

ਜੈਤੋ 5 ਅਗਸਤ। ਕੇਂਦਰੀ ਵਿਗਿਆਨ ਅਤੇ ਤਕਨਾਲੋਜੀ ਰਾਜ ਮੰਤਰੀ (ਸੁਤੰਤਰ ਚਾਰਜ), ਪ੍ਰਧਾਨ ਮੰਤਰੀ ਦਫਤਰ, ਅਮਲਾ, ਲੋਕ ਸ਼ਿਕਾਇਤਾਂ, ਪੈਨਸਨਾਂ, ਪਰਮਾਣੂ ਊਰਜਾ ਅਤੇ ਪੁਲਾੜ ਵਿਭਾਗ ਦੇ ਕੇਂਦਰੀ ਰਾਜ ਮੰਤਰੀ ਡਾ: ਜਤਿੰਦਰ ਸਿੰਘ ਨੇ ਅੱਜ ਇੱਥੇ ਕਿਹਾ ਕਿ ਗੈਰ-ਕਾਨੂੰਨੀ ਮਾਈਨਿੰਗ, ਡਰੱਗਜ ਮਾਫੀਆ, ਪ੍ਰਸਾਸਨ ਅਤੇ ਪੁਲਿਸ ਨੇ ਮਿਲ ਕੇ ਪਸੂ ਤਸਕਰਾਂ ਨਾਲ ਨਜਿੱਠਣ ਲਈ ਮੁਹਿੰਮ ਸੁਰੂ ਕੀਤੀ ਹੈ। ਉਨ੍ਹਾਂ ਸਮਾਜ ਦੇ ਸਾਰੇ ਵਰਗਾਂ ਨੂੰ ਨਸ਼ਿਆਂ ਦੀ ਵਰਤੋਂ, ਪਸੂਆਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਚੱਲ ਰਹੇ ਯਤਨਾਂ ਵਿੱਚ ਸਹਿਯੋਗ ਕਰਨ ਦਾ ਸੱਦਾ ਦਿੱਤਾ। ਮੰਤਰੀ ਜੰਮੂ-ਕਸਮੀਰ ਦੇ ਕਠੂਆ ਜ਼ਿਲ੍ਹੇ ਦੇ ਹੀਰਾਨਗਰ ਦੇ ਸਰਕਾਰੀ ਡਿਗਰੀ ਕਾਲਜ 'ਚ ਕਰਵਾਏ ਵਿਕਸਤ ਭਾਰਤ ਲਈ ਨੌਜਵਾਨਾਂ ਦੇ ਸਸਕਤੀਕਰਨ 'ਤੇ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਸਥਾਨਕ ਪ੍ਰਸਾਸਨ ਅਤੇ ਪੁਲਸ ਵੱਲੋਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਸਮੱਗਲਰਾਂ, ਗੈਰ-ਕਾਨੂੰਨੀ ਮਾਈਨਰਾਂ ਅਤੇ ਦਹਿਸਤਗਰਦਾਂ ਦੇ ਸਹਾਇਕਾਂ ਨਾਲ ਨਜਿੱਠਣ ਵਿੱਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ, ਚਾਹੇ ਉਹ ਕਿਸੇ ਵੀ ਤਰ੍ਹਾਂ ਦੇ ਪ੍ਰਭਾਵ ਜਾਂ ਸਿਆਸੀ ਸਬੰਧਾਂ ਦੇ ਹੋਣ। ਜਤਿੰਦਰ ਸਿੰਘ ਨੇ ਕਿਹਾ ਕਿ ਜੋ ਲੋਕ ਦੂਜੇ ਲੋਕਾਂ ਦੇ ਬੱਚਿਆਂ ਨੂੰ ਨਸ਼ਿਆਂ ਵੱਲ ਧੱਕ ਰਹੇ ਹਨ, ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਆਪਣੇ ਬੱਚੇ ਬਿਲਕੁਲ ਵੀ ਸੁਰੱਖਿਅਤ ਨਹੀਂ ਹਨ, ਕਿਉਂਕਿ ਉਹ ਇੱਕੋ ਸਮਾਜ ਵਿੱਚ ਰਹਿ ਰਹੇ ਹਨ, ਇਸ ਲਈ ਉਨ੍ਹਾਂ ਨੂੰ ਵੀ ਇਸ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਾਲਜ ਪ੍ਰਸਾਸਨ ਨੂੰ ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਨੂੰ ਉਜਾਗਰ ਕਰਨ ਲਈ ਵਿਸੇਸ ਕਲਾਸਾਂ ਦਾ ਆਯੋਜਨ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਆਉਣ ਵਾਲੇ ਸਮੇਂ ਵਿੱਚ ਵਿਕਸਤ ਭਾਰਤ ਦੇ ਨਿਰਮਾਤਾ ਹੋਣਗੇ। ਸਿੰਘ ਨੇ ਜੋਰ ਦੇ ਕੇ ਕਿਹਾ ਕਿ ਉਸ ਦੀ ਊਰਜਾ ਅਤੇ ਪ੍ਰਤਿਭਾ ਨੂੰ ਇਨ੍ਹਾਂ ਅਪਰਾਧਾਂ ਦੀ ਵੇਦੀ ਉੱਤੇ ਕੁਰਬਾਨ ਨਹੀਂ ਕੀਤਾ ਜਾ ਸਕਦਾ। ਜਤਿੰਦਰ ਸਿੰਘ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਲੜਾਈ ਵਿੱਚ



ਆਪਣੀ ਭੂਮਿਕਾ ਨਿਭਾਉਣ। ਉਨ੍ਹਾਂ ਨੇ ਲੋਕਾਂ ਨੂੰ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਸਹੁੰ ਚੁੱਕਣ ਅਤੇ ਵਧੇਰੇ ਪਾਰਦਰਸਤਾ ਅਤੇ ਵਧੇਰੇ ਇਮਾਨਦਾਰ ਪ੍ਰਸਾਸਨ ਦੀ ਸੁਰੂਆਤ ਕਰਨ ਦੇ ਉਦੇਸ ਨਾਲ ਸਰਕਾਰ ਦੇ ਉਪਾਵਾਂ ਨੂੰ ਮਜਬੂਤ ਕਰਨ ਦੀ ਅਪੀਲ ਵੀ ਕੀਤੀ। ਕੇਂਦਰੀ ਮੰਤਰੀ ਨੇ ਅੱਤਵਾਦੀਆਂ ਅਤੇ ਨਸੀਲੇ ਪਦਾਰਥਾਂ ਦੇ ਵਪਾਰੀਆਂ ਵਿਚਕਾਰ ਗਠਜੋੜ ਨੂੰ ਤੋੜਨ ਦਾ ਵੀ ਸੱਦਾ ਦਿੱਤਾ। ਖਿੱਤੇ ਵਿੱਚ ਵੱਧ ਰਹੀਆਂ ਅੱਤਵਾਦੀ ਘਟਨਾਵਾਂ ਨਾਲ ਨਜਿੱਠਣ ਲਈ ਚੁੱਕੇ ਗਏ ਕਦਮਾਂ ਬਾਰੇ ਡਾ: ਸਿੰਘ ਨੇ ਕਿਹਾ ਕਿ ਵੀਡੀਜੀ ਨੂੰ ਮਜਬੂਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਤਿ-ਆਧੁਨਿਕ ਹਥਿਆਰ ਮੁਹੱਈਆ ਕਰਵਾਏ ਗਏ ਹਨ। ਡਾ: ਸਿੰਘ ਨੇ ਕਿਹਾ ਕਿ ਰੱਖਿਆ ਬਲਾਂ ਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਅੱਤਵਾਦੀਆਂ ਦੁਆਰਾ ਦਰਪੇਸ ਚੁਣੌਤੀਆਂ ਦਾ ਵਧੇਰੇ ਪ੍ਰਭਾਵਸਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਆਪਣੀਆਂ ਰਣਨੀਤੀਆਂ ਬਦਲ ਦਿੱਤੀਆਂ ਹਨ। ਜਤਿੰਦਰ ਸਿੰਘ ਨੇ ਦੱਸਿਆ ਕਿ ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਵਿੱਚ ਕਠੂਆ ਜ਼ਿਲ੍ਹੇ ਵਿੱਚ ਤੇਜੀ ਨਾਲ ਵਿਕਾਸ ਹੋਇਆ ਹੈ। ਉੱਤਰੀ ਭਾਰਤ ਦੇ ਪਹਿਲੇ ਬਾਇਓ-ਟੈਕ ਪਾਰਕ ਵਰਗੇ ਪਹਿਲੇ ਰਾਸਟਰੀ ਪ੍ਰੋਜੈਕਟ ਦੇ ਨਾਲ ਜ਼ਿਲ੍ਹੇ ਨੇ ਇੱਕ ਵਿਲੱਖਣ ਪਛਾਣ ਪ੍ਰਾਪਤ ਕੀਤੀ ਹੈ। ਇਸ ਤੋਂ ਬਾਅਦ ਕੇਂਦਰੀ ਮੰਤਰੀ ਨੇ ਦੋ ਘੰਟੇ ਤੋਂ ਵੱਧ ਸਮਾਂ ਜਨਤਾ ਦਰਬਾਰ ਲਗਾਇਆ, ਜਿਸ ਵਿਚ ਡਿਪਟੀ ਕਮਿਸਨਰ ਰਾਕੇਸ ਮਿਨਹਾਸ ਨਾਲ ਡਾ: ਸਿੰਘ ਨੇ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਮੰਗਾਂ ਸੁਣੀਆਂ।

## ਰਾਜ ਸਭਾ 'ਚ ਸਤਨਾਮ ਸੰਧੂ ਨੇ ਸਕੂਲੀ ਬੱਚਿਆਂ ਨੂੰ ਪੰਜਾਬ ਦੇ ਸੱਭਿਆਚਾਰ ਤੇ ਵਿਰਸੇ ਤੋਂ ਜਾਣੂ ਕਰਵਾਉਣ ਲਈ ਕੀਤੇ ਉਪਰਾਲਿਆਂ ਦਾ ਮੰਗਿਆ ਵੇਰਵਾ

**ਤੇਜਿੰਦਰ ਕੌਰ ਬੱਬਰ**

ਮੋਹਾਲੀ, 5 ਅਗਸਤ। ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ 'ਚ ਚੱਲ ਰਹੇ ਬਜਟ ਇਜਲਾਸ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਸਿੱਖੀ ਦੇ ਅਮੀਰ ਵਿਰਸੇ ਤੇ ਪੰਜਾਬ ਦੇ ਇਤਿਹਾਸ ਬਾਰੇ ਜਾਣੂ ਕਰਵਾਉਣ ਤੇ ਪੰਜਾਬ ਦੇ ਨਾਇਕਾਂ ਤੇ ਆਜ਼ਾਦੀ ਘੁਲਾਟੀਆਂ ਵਲੋਂ ਦੇਸ਼ ਲਈ ਦਿੱਤੇ ਬਲੀਦਾਨ ਦੀਆਂ ਕਹਾਣੀਆਂ ਲੋਕਾਂ ਤਕ ਪਹੁੰਚਾਉਣ ਦਾ ਮੁੱਦਾ ਉਠਾਇਆ ਅਤੇ ਸਕੂਲੀ ਬੱਚਿਆਂ ਨੂੰ ਸੱਭਿਆਚਾਰ ਬਾਰੇ ਸਿੱਖਿਅਤ ਕਰਨ ਲਈ ਕੀਤੀਆਂ ਪਹਿਲਕਦਮੀਆਂ ਦਾ ਵੇਰਵੇ ਨੂੰ ਮੁਹੱਈਆ ਕਰਵਾਉਣ ਲਈ ਆਖਿਆ। ਕੇਂਦਰੀ ਸਿੱਖਿਆ ਰਾਜ ਮੰਤਰੀ ਜਯੰਤ ਚੌਧਰੀ ਨੇ ਐੱਮ. ਪੀ. ਸੰਧੂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਕਿਹਾ ਕਿ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਨ. ਸੀ. ਈ. ਆਰ. ਟੀ.) ਵਲੋਂ ਤਿਆਰ ਕੀਤੀਆਂ ਪਾਠ-ਪੁਸਤਕਾਂ ਵਿਚ ਵੱਖ-ਵੱਖ ਧਾਰਮਿਕ ਪ੍ਰਤੀਕਾਂ ਤੇ ਭਾਰਤ ਭਰ ਦੇ ਆਜ਼ਾਦੀ ਘੁਲਾਟੀਆਂ ਦੀਆਂ ਪ੍ਰਸਿੱਧ ਕਹਾਣੀਆਂ ਦਾ ਜ਼ਿਕਰ ਹੈ। ਐੱਨ. ਸੀ. ਆਰ. ਟੀ. ਦੀਆਂ ਮੌਜੂਦਾ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚ ਬੱਚਿਆਂ ਨੂੰ ਇਤਿਹਾਸ, ਪੰਜਾਬ ਸੂਬੇ ਨਾਲ ਸਬੰਧਤ ਕਹਾਣੀਆਂ ਅਤੇ ਆਜ਼ਾਦੀ ਘੁਲਾਟੀਆਂ ਦਿੱਤੇ ਬਲੀਦਾਨ ਦੇ ਇਤਿਹਾਸ ਬਾਰੇ ਪੜ੍ਹਾਇਆ ਜਾ ਰਿਹਾ ਹੈ। ਇਸ ਵਿਚ 7ਵੀਂ ਜਮਾਤ ਦੇ ਬੱਚਿਆਂ ਦੀ ਇਤਿਹਾਸ ਦੀ ਪੁਸਤਕ ਸਾਡਾ ਅਤੀਤ-2 ਦੇ 6ਵੇਂ ਪਾਠ 'ਚ ਬਾਬਾ ਗੁਰੂ ਨਾਨਕ ਨੇੜੇ ਤੋਂ ਇਕ ਨਜ਼ਰ 'ਤੇ 8ਵੇਂ ਪਾਠ ਸਿੱਖ ਧਰਮ ਦੇ ਵਿਚ ਸਿੱਖਾਂ ਦੇ ਇਤਿਹਾਸ ਬਾਰੇ



ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ 8ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਸਾਡਾ ਅਤੀਤ-3 ਦੇ ਪਾਠ-2 ਵਿਚ ਮਹਾਰਾਜਾ ਰਣਜੀਤ ਸਿੰਘ ਤੇ ਪਾਠ-7 'ਚ ਸਿੰਘ ਸਭਾ ਲਹਿਰ ਵਿਚ ਸਿੱਖਾਂ ਦੇ ਅਧਿਕਾਰਾਂ ਲਈ ਅੰਦੋਲਨ ਸ਼ੁਰੂ ਕੀਤਾ ਗਿਆ ਸੀ ਉਸ ਬਾਰੇ ਵੀ ਬੱਚਿਆਂ ਨੂੰ ਸਿੱਖਿਅਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਾਠ-8 'ਚ ਬੱਚਿਆਂ ਨੂੰ ਲਾਲਾ ਲਾਜਪਤ ਰਾਏ, ਜਲ੍ਹਿਆਂਵਾਲਾ ਬਾਗ ਅਤੇ ਭਗਤ ਸਿੰਘ ਦੇ ਇਤਿਹਾਸ ਬਾਰੇ ਪੜ੍ਹਾਇਆ ਜਾ ਰਿਹਾ ਹੈ। ਸਿੱਖਿਆ ਭਾਰਤੀ ਸੰਵਿਧਾਨ ਵਿਚ ਸਮਕਾਲੀ ਸੂਚੀ ਦਾ ਹਿੱਸਾ ਹੈ ਤੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਇਨ੍ਹਾਂ ਮੁੱਦਿਆਂ ਨੂੰ ਉਜਾਗਰ ਕਰਨ ਲਈ ਆਪਣਾ ਸਬੰਧਤ ਪਾਠਕ੍ਰਮ ਹੈ। ਦੀ ਨੈਸ਼ਨਲ ਫਰੇਮ ਵਰਕ ਫਾਰ ਫਾਊਂਡੇਸ਼ਨ ਸਟੇਜ-2022 (ਐੱਨ. ਸੀ. ਐੱਫ.-ਐੱਫ. ਐੱਸ.) ਤੇ ਦੀ ਨੈਸ਼ਨਲ ਕਰੀਕੁਲਮ ਫਰੇਮ ਵਰਕ ਫਾਰ ਸਕੂਲ ਐਜੂਕੇਸ਼ਨ (ਐੱਨ. ਸੀ. ਐੱਫ.-ਐੱਸ. ਈ.) 2023 ਦੇ ਸਾਰੇ ਪੜਾਵਾਂ ਵਿਚ ਪਾਠਕ੍ਰਮ ਉਨ੍ਹਾਂ ਟੀਚਿਆਂ ਤੇ ਯੋਗਤਾਵਾਂ ਨੂੰ ਦਰਸਾਉਂਦੇ ਹਨ, ਜੋ ਭਾਰਤੀ ਸਿੱਖਿਆ ਪ੍ਰਣਾਲੀ ਨੂੰ ਤਾਕਤ ਪ੍ਰਦਾਨ ਕਰਦੀਆਂ ਹਨ। ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ 'ਤੇ ਉਨ੍ਹਾਂ ਦੇ ਪ੍ਰਤੀਕਾਂ ਨੂੰ 1,2,3 ਤੇ 6ਵੀਂ ਜਮਾਤ ਦੀਆਂ ਨਵੀਆਂ ਪਾਠ-ਪੁਸਤਕਾਂ ਤੇ ਹੋਰ ਸਿੱਖਿਆ ਸਮੱਗਰੀ ਜਿਵੇਂ ਕਿ ਐੱਨ. ਸੀ. ਆਰ. ਟੀ. ਵਲੋਂ ਤਿਆਰ ਕੀਤੀ ਪੁਸਤਕ ਜਾਦੂ ਦਾ ਪਿਟਾਰਾ ਵਿਚ ਸ਼ਾਮਲ ਕੀਤਾ ਗਿਆ ਹੈ। ਕੇਂਦਰੀ ਮੰਤਰਾਲੇ ਵਲੋਂ ਮਿਲੇ ਜਵਾਬ 'ਤੇ ਸਤਨਾਮ ਸਿੰਘ ਸੰਧੂ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੇਂਦਰੀ ਸਿੱਖਿਆ ਮੰਤਰਾਲੇ ਨੇ ਸਿੱਖ ਧਰਮ ਅਤੇ ਪੰਜਾਬ ਦੇ ਪ੍ਰਤੀਕਾਂ 'ਤੇ ਇਹ ਜ਼ੋਰ ਦਿੱਤਾ ਹੈ।

## ਜੀਵਨ ਅਤੇ ਸਿਹਤ ਬੀਮੇ 'ਤੇ ਜੀਐੱਸਟੀ ਤੁਰੰਤ ਹਟਾਓ

ਨੈਸ਼ਨਲ ਡੈਸਕ 5 ਅਗਸਤ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੁੱਕਰਵਾਰ ਨੂੰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਪੱਤਰ ਲਿਖ ਕੇ ਜੀਵਨ ਬੀਮਾ ਅਤੇ ਸਿਹਤ ਬੀਮਾ ਪ੍ਰੀਮੀਅਮਾਂ 'ਤੇ 18 ਫੀਸਦੀ ਜੀਐੱਸਟੀ ਵਾਪਸ ਲੈਣ ਦੀ ਮੰਗ ਕੀਤੀ ਹੈ। ਆਪਣੇ ਪੱਤਰ ਵਿਚ ਮਮਤਾ ਬੈਨਰਜੀ ਨੇ ਕਿਹਾ, "ਮੈਂ ਮਹਿਸੂਸ ਕਰਦੀ ਹਾਂ ਕਿ ਜੀਵਨ ਬੀਮਾ ਅਤੇ ਸਿਹਤ ਬੀਮੇ 'ਤੇ 18 ਫੀਸਦੀ ਜੀਐੱਸਟੀ ਲਗਾਉਣਾ ਇਕ ਲੋਕ ਵਿਰੋਧੀ ਫੈਸਲਾ ਹੈ। ਇਸ ਤੋਂ ਇਲਾਵਾ ਨਵੇਂ ਟੈਕਸ ਢਾਂਚੇ ਤਹਿਤ ਧਾਰਾ 80ਸੀ ਅਤੇ 80ਡੀ ਤਹਿਤ ਛੋਟ ਨਾ ਮਿਲਣਾ ਵੀ ਆਮ ਆਦਮੀ ਲਈ ਅਸੁਵਿਧਾਜਨਕ ਹੈ। ਉਨ੍ਹਾਂ ਅੱਗੇ ਲਿਖਿਆ, "ਬੀਮਾ ਪ੍ਰੀਮੀਅਮ 'ਤੇ ਜੀਐੱਸਟੀ ਆਮ ਆਦਮੀ 'ਤੇ ਵਿੱਤੀ ਬੋਝ ਨੂੰ ਵਧਾਉਂਦਾ ਹੈ। ਇਹ ਵਾਧੂ ਬੋਝ ਬਹੁਤ ਸਾਰੇ ਵਿਅਕਤੀਆਂ ਨੂੰ ਨਵੀਂ ਪਾਲਿਸੀ ਖਰੀਦਣ ਜਾਂ ਪੁਰਾਣੀ ਬੀਮਾ ਕਵਰੇਜ ਨੂੰ ਜਾਰੀ ਰੱਖਣ ਤੋਂ ਰੋਕ ਸਕਦਾ ਹੈ।" ਉਨ੍ਹਾਂ ਕਿਹਾ, "ਕਿਸਾਨਾਂ ਅਤੇ ਮਜਦੂਰਾਂ ਤੋਂ ਲੈ ਕੇ ਤਨਖਾਹਦਾਰ ਵਰਗ ਤੱਕ, ਸਮਾਜ ਦੇ ਹਰ ਵਿਅਕਤੀ ਲਈ ਜੀਵਨ ਅਤੇ ਸਿਹਤ ਬੀਮਾ





ਉਪਲਬਧ ਹੋਣਾ ਚਾਹੀਦਾ ਹੈ। ਇਹ ਸਪੱਸਟ ਹੈ ਕਿ ਸਿਹਤ ਅਤੇ ਜੀਵਨ ਬੀਮਾ 'ਤੇ ਜੀਐੱਸਟੀ ਦਾ ਬੋਝ ਆਮ ਆਦਮੀ ਨੂੰ ਹੋਰ ਤਣਾਅ ਵਿਚ ਪਾ ਦੇਵੇਗਾ। ਮੈਂ ਤੁਹਾਨੂੰ ਬੇਨਤੀ ਕਰਦੀ ਹਾਂ ਕਿ ਆਮ ਆਦਮੀ ਦੀ ਮਾਨਸਿਕ ਸ਼ਾਂਤੀ ਅਤੇ ਵਿੱਤੀ ਖੁਸਹਾਲੀ ਲਈ ਵਧੇਰੇ ਲੋਕਾਂ ਨੂੰ ਬੀਮਾ ਕਵਰ ਦੇ ਅਧੀਨ ਲਿਆਉਣ ਅਤੇ ਨਵੀਂ ਟੈਕਸ ਪ੍ਰਣਾਲੀ ਵਿਚ ਧਾਰਾਵਾਂ 80 ਅਤੇ 80 ਨੂੰ ਸਾਮਲ ਕਰਨ ਲਈ ਇਸ ਨੂੰ ਛੱਡ ਦਿਓ।

# ਜ਼ੁਲਮ ਦੀ ਹੱਦ ! ਰੋਟੀ ਮੰਗਣ 'ਤੇ ਹੈਵਾਨ ਬਣੀ ਨੂੰਹ, ਤਸਵੀਰਾਂ 'ਚ ਦੇਖੋ ਕੀ ਕਰ ਦਿੱਤਾ 95 ਸਾਲਾ ਸੱਸ ਦਾ ਹਾਲ

ਫਿਲੌਰ 5 ਅਗਸਤ। ਕਲਯੁਗੀ ਨੂੰਹ ਦੀ ਬੇਹੱਦ ਸ਼ਰਮਨਾਕ ਕਰਤੂਤ, ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿਚ ਖਾਣਾ ਮੰਗਣ 'ਤੇ 95 ਸਾਲਾ ਬਜ਼ੁਰਗ ਸੱਸ ਨੂੰ ਉਸ ਦੀ ਨੂੰਹ ਜ਼ਮੀਨ 'ਤੇ ਸੁੱਟ ਕੇ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟ ਰਹੀ ਹੈ। ਬੀਤੇ ਦਿਨ ਜਦੋਂ ਉਸ ਨੇ ਆਪਣੀ ਸੱਸ ਦੀ ਕੁੱਟਮਾਰ ਕੀਤੀ ਤਾਂ ਉਸ ਦੀ ਹਾਲਤ ਇੰਨੀ ਜ਼ਿਆਦਾ ਖਰਾਬ ਹੋ ਗਈ ਕਿ ਉਸ ਨੂੰ ਇਲਾਜ ਲਈ ਉਸ ਦੇ ਬੇਟੇ ਨੇ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਆਪਣੀ ਸ਼ਰਮਨਾਕ ਕਰਤੂਤ ਦੇ ਵਾਇਰਲ ਹੋਣ ਤੋਂ ਬਾਅਦ ਮੁਲਜ਼ਮ ਨੂੰਹ ਜੋ 2 ਬੱਚਿਆਂ ਦੀ ਮਾਂ ਹੈ, ਘਰੋਂ ਫਰਾਰ ਦੱਸੀ ਦਾ ਰਹੀ ਹੈ। ਸੂਚਨਾ ਮੁਤਾਬਕ ਸ਼ਹਿਰ ਦੇ ਵਾਰਡ ਨੰ. 8 ਸਬਜ਼ੀ ਮੁਹੱਲਾ ਦੇ ਸੈਂਦਾ ਮੁਹੱਲੇ ਦੀ ਰਹਿਣ ਵਾਲੀ ਬਜ਼ੁਰਗ ਔਰਤ ਸ਼ੀਲਾ ਦੇਵੀ (95) ਜੋ ਆਪਣੀ ਹੀ ਨੂੰਹ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕਰਨ ਕਰ ਕੇ ਜ਼ਖਮੀ ਹਾਲਤ 'ਚ ਸਥਾਨਕ ਹਸਪਤਾਲ 'ਚ ਜ਼ੇਰੇ ਇਲਾਜ ਪਈ ਹੈ, ਨੇ ਦੱਸਿਆ ਕਿ ਉਸ ਦੇ ਪਤੀ ਦਾ ਦਿਹਾਂਤ ਹੋ ਚੁੱਕਾ ਹੈ। ਉਸ ਦੀ ਇਕ ਬੇਟੀ ਅਤੇ ਇਕ ਬੇਟਾ ਮਨਜੀਤ ਕੁਮਾਰ ਹੈ। ਦੋਵੇਂ ਵਿਆਹੇ ਹੋਏ ਹਨ। ਉਹ ਆਪਣੇ ਬੇਟੇ ਨਾਲ ਹੀ ਉਹ ਘਰ 'ਚ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੀ ਨੂੰਹ ਨਾ ਤਾਂ ਉਸ ਦਾ ਕਹਿਣਾ ਮੰਨਦੀ ਹੈ ਤੇ ਨਾ ਹੀ ਆਪਣੇ ਪਤੀ ਦਾ। ਉਸ ਨੇ ਰੋਂਦੇ ਹੋਏ ਦੱਸਿਆ ਕਿ ਜਿਉਂ ਹੀ ਉਸ ਦਾ ਬੇਟਾ ਰੋਜ਼ਾਨਾ ਸਵੇਰੇ ਘਰੋਂ ਕੰਮ 'ਤੇ ਚਲਾ ਜਾਂਦਾ ਹੈ ਤਾਂ ਉਸ ਦੀ ਨੂੰਹ ਦਾ ਉਸ 'ਤੇ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਹ ਉਸ ਨੂੰ ਧੋਤੇ ਹੋਏ



ਕੱਪੜੇ ਵੀ ਨਹੀਂ ਦਿੰਦੀ ਹੈ। ਇਸ ਉਮਰ 'ਚ ਵੀ ਉਹ ਆਪਣੇ ਕੱਪੜੇ ਖ਼ੁਦ ਹੀ ਧੋਂਦੀ ਹੈ, ਉਸ ਨੂੰ ਪੂਰਾ ਦਿਨ ਖਾਣਾ ਨਹੀਂ ਦਿੱਤਾ ਜਾਂਦਾ ਹੈ। ਸਿਰਫ ਇਕ ਵੇਲੇ ਰਾਤ ਨੂੰ ਖਾਣਾ ਦਿੰਦੀ ਹੈ, ਜਦੋਂ ਉਸ ਦਾ ਬੇਟਾ ਘਰ ਆਉਣ ਵਾਲਾ ਹੁੰਦਾ ਹੈ। ਜੇਕਰ ਦਿਨ ਸਮੇਂ ਉਹ ਭੁੱਖ ਲੱਗਣ 'ਤੇ ਖਾਣਾ ਮੰਗਦੀ ਹੈ ਤਾਂ ਬਦਲੇ 'ਚ ਉਹ ਉਸ ਦੇ ਮੂੰਹ 'ਤੇ 2-3 ਥੱਪੜ ਮਾਰ ਦਿੰਦੀ ਹੈ। ਉਸ ਦੀ ਨੂੰਹ ਦੇ ਜ਼ੁਲਮ ਦਿਨ-ਬ-ਦਿਨ ਵਧਦੇ ਜਾ ਰਹੇ ਹਨ ਅਤੇ ਉਹ ਉਸ ਨੂੰ ਪਹਿਲਾਂ ਪਟਕ ਕੇ ਜ਼ਮੀਨ 'ਤੇ ਸੁੱਟਦੀ ਹੈ, ਉਸ ਤੋਂ ਬਾਅਦ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਦੀ ਹੈ। ਸੂਰਜ ਢਲਦੇ ਹੀ ਉਸ ਦੇ ਬੇਟੇ ਦੇ ਆਉਣ ਤੋਂ ਪਹਿਲਾਂ ਜਾਨਵਰਾਂ ਵਾਂਗ ਉਸ ਦੇ ਅੱਗੇ ਖਾਣਾ ਸੁੱਟ ਕੇ ਚਲੀ ਜਾਂਦੀ ਹੈ। ਬਜ਼ੁਰਗ ਔਰਤ 'ਤੇ ਰੋਜ਼ਾਨਾ ਉਸ ਦੀ ਨੂੰਹ ਵੱਲੋਂ ਕੀਤੇ ਜਾਣ ਵਾਲੇ ਜ਼ੁਲਮ 'ਤੇ ਕਿਸੇ ਹੋਰ ਤੀਜੇ ਦੀ ਵੀ ਨਜ਼ਰ ਸੀ। ਬੀਤੇ ਦਿਨ ਜਦੋਂ ਬਜ਼ੁਰਗ ਔਰਤ ਨੇ ਘਰ ਦੇ ਬਰਾਂਡੇ 'ਚ ਬੈਠ ਕੇ ਆਪਣੀ ਨੂੰਹ ਨੂੰ ਆਵਾਜ਼ਾਂ ਮਾਰ ਕੇ ਖਾਣਾ ਮੰਗਿਆ ਤਾਂ ਉਹ ਕਮਰੇ 'ਚੋਂ ਭੜਕੀ ਹੋਈ ਬਾਹਰ ਆਈ। ਪਹਿਲਾਂ ਉਸ ਨੇ ਪੀੜਤ ਨੂੰ ਜ਼ਮੀਨ 'ਤੇ ਪਟਕਿਆ। ਉਸ ਤੋਂ ਬਾਅਦ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਲੱਗ ਪਈ। ਇਸ ਵਾਰ ਉਸ ਦੇ ਜ਼ੁਲਮ ਦੀ ਪੂਰੀ ਵੀਡੀਓ ਕਿਸੇ ਤੀਜੇ ਨੇ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਆਪਣਾ ਪਰਦਾਫਾਸ਼ ਹੁੰਦਾ ਦੇਖ ਕੇ ਕਲਯੁਗੀ ਬਹੂ ਘਰੋਂ ਫਰਾਰ ਦੱਸੀ ਜਾਂਦੀ ਹੈ। ਬੇਟੇ ਨੇ ਘਰ ਪੁੱਜ ਕੇ ਆਪਣੀ ਮਾਤਾ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਬਜ਼ੁਰਗ ਮਾਤਾ ਨੇ ਕਿਹਾ ਕਿ ਨੂੰਹ ਉਸ ਨੂੰ ਮਾਰ ਕੇ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਉਹ ਤਾਂ ਖੁਦ ਰੱਬ ਅੱਗੇ ਫਰਿਆਦ ਕਰਦੀ ਹੈ ਕਿ ਜੇਕਰ ਉਸ ਨੂੰ ਜਿਊਂਦਾ ਰੱਖਣਾ ਹੈ ਤਾਂ ਉਸ ਨੂੰ ਨਿਆਂ ਦਿਵਾ ਦੇਵੇ ਜਾਂ ਫਿਰ ਉਸ ਦੀ ਜਾਨ ਕੱਢ ਲਵੇ। ਉਸ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਉਸ ਦੀ ਨੂੰਹ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਲੋਕ ਸਭਾ ਚੋਣਾਂ ਦੇ ਮੱਦੇਨਜਰ ਨਾਕਿਆਂ 'ਤੇ ਤਾਇਨਾਤ ਪੁਲਸ ਮੁਲਾਜਮਾਂ ਲਈ ਅਹਿਮ ਹੁਕਮ ਜਾਰੀ

ਚੰਡੀਗੜ੍ਹ, 5 ਅਗਸਤ। ਗਰਮੀ ਦੇ ਮੌਸਮ 'ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਹਿਰ ਦੇ ਐਂਟਰੀ ਪੁਆਇੰਟਾਂ 'ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਹੁਣ ਜੂਸ, ਲੱਸੀ, ਪਾਣੀ ਤੇ ਹੋਰ ਤਰਲ ਪਦਾਰਥ ਦਿਨ ਵਿਚ ਤਿੰਨ ਵਾਰ ਮੁਹੱਈਆ ਕਰਵਾਏ ਜਾਣਗੇ। ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਗਰਮੀ ਦੇ ਮੱਦੇਨਜ਼ਰ ਆਪਣੇ ਪੁਲਸ ਮੁਲਾਜ਼ਮਾਂ ਲਈ ਇਹ ਹੁਕਮ ਜਾਰੀ ਕੀਤੇ ਹਨ। ਪੁਲਸ ਵਿਭਾਗ ਵੱਲੋਂ ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ 'ਤੇ ਚੈਕਿੰਗ ਲਈ 38 ਨਾਕੇ ਲਾਏ ਗਏ ਹਨ। ਪੁਲਸ ਤੇ ਰਿਜ਼ਰਵ ਫੋਰਸ ਦੇ ਜਵਾਨ ਇਨ੍ਹਾਂ ਨਾਕਿਆਂ 'ਤੇ ਦਿਨ-ਰਾਤ ਤਾਇਨਾਤ ਰਹਿੰਦੇ ਹਨ। ਪੁਲਸ ਮੁਲਾਜ਼ਮ ਨਾਕੇ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾ ਸਕਦੇ। ਇਸੇ ਲਈ ਐੱਸ. ਐੱਸ. ਪੀ ਨੇ ਪੁਲਸ ਮੁਲਾਜ਼ਮਾ ਨੂੰ ਗਰਮੀ 'ਚ ਲੱਸੀ, ਜੂਸ ਅਤੇ ਪਾਣੀ ਦੇ ਇੰਤਜ਼ਾਮ ਕਰਨ ਦੀ ਜਿ਼ੰਮੇਵਾਰੀ ਲਈ ਆਈ. ਟੀ. ਪਾਰਕ, ਮਨੀਮਾਜਰਾ, ਸਾਰੰਗਪੁਰ, ਮਲੋਆ, ਮੌਲੀਜਾਗਰਾਂ, ਸੈਕਟਰ 31, ਸੈਕਟਰ 36, ਸੈਕਟਰ 39 ਤੇ ਸੈਕਟਰ 49 ਦੇ ਥਾਣਾ ਇੰਚਾਰਜਾਂ ਨੂੰ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਐੱਸ. ਐੱਸ. ਪੀ. ਨੇ ਲੱਸੀ, ਜੂਸ ਤੇ ਪਾਣੀ ਦੇ ਬਿੱਲ ਹਰ ਰੋਜ਼ ਚੋਣ ਸੈੱਲ 'ਚ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

## ਦੀਨਾਨਗਰ ਪੁਲਸ ਵੱਲੋਂ ਸੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ

ਦੀਨਾਨਗਰ 5 ਅਗਸਤ। ਦੀਨਾਨਗਰ ਪੁਲਸ ਵੱਲੋਂ ਸੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਪੁਲਸ ਪਾਰਟੀ ਵਹੀਕਲਾ ਦੀ ਚੈਕਿੰਗ ਦੇ



ਸਬੰਧ ਵਿੱਚ ਸ਼ੂਗਰ ਮਿੱਲ ਪਨਿਆੜ ਦੇ ਸਾਹਮਣੇ ਨੈਸ਼ਨਲ ਹਾਈਵੇ 'ਤੇ ਪਠਾਨਕੋਟ ਸਾਇਡ ਵਲੋਂ ਆਉਂਦੇ ਵਹੀਕਲਾਂ ਦੀ ਚੈਕਿੰਗ ਕਰਨ ਲਈ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਪਠਾਨਕੋਟ ਸਾਇਡ ਤੋਂ ਇੱਕ ਕਾਰ ਮਾਰਕਾ ਗਰੈਂਡ ਆਈ 10 ਆਈ ਜਿਸ ਕਾਰ ਦੀ ਤਲਾਸੀ ਕੀਤੀ ਗਈ। ਤਲਾਸ਼ੀ ਦੌਰਾਨ ਕਾਰ ਦੇ ਡੈਸ਼ ਬੋਰਡ 'ਚੋਂ 290 ਗ੍ਰਾਮ ਚਰਸ ਬਰਾਮਦ ਹੋਈ ਹੈ। ਕਾਰ ਵਿਚ ਸਵਾਰ ਨੌਜਵਾਨਾਂ ਦੀ ਪੁਲਸ ਮੁਤਾਬਕ ਪਛਾਣ ਪ੍ਰਦੀਪ ਸ਼ਰਮਾ ਉਰਫ ਮਨੀ ਪੁੱਤਰ ਸੁਰੇਸ਼ ਕੁਮਾਰ ਵਾਸੀ ਅਰਾਈਆ ਗਲੀ ਗੀਤਾ ਭਵਨ ਰੋਡ ਗੁਰਦਾਸਪੁਰ, ਅਹਿਤ ਕੁਮਾਰ ਉਰਫ ਹੈਪੀ ਪੁੱਤਰ ਸੁਭਾਸ ਕੁਮਾਰ ਵਾਸੀ ਡੁਮਨਾ ਗਲੀ ਬਾਟਾ ਚੌਂਕ ਗੁਰਦਾਸਪੁਰ ਵਜੋਂ ਦੱਸੀ ਗਈ ਹੈ। ਪੁਲਸ ਨੇ ਦੋਵਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਸੂਰੂ ਕਰ ਦਿੱਤੀ ਗਈ ਹੈ ।

## ਕੋਰਟ ਕੰਪਲੈਕਸ ਦੀ ਪਾਰਕਿੰਗ 'ਚੋਂ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਭੱਜਿਆ ਚੋਰ

ਜਲੰਧਰ 5 ਅਗਸਤ। ਕੋਰਟ ਕੰਪਲੈਕਸ ਦੀ ਪਾਰਕਿੰਗ ਵਿਚੋਂ ਇਕ ਚੋਰ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਫਰਾਰ ਹੋ ਗਿਆ। ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਚੋਰ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਚੌਂਕੀ ਫੋਕਲ ਪੁਆਇੰਟ ਦੇ ਏ. ਐੱਸ. ਆਈ. ਰਾਜਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਦੀ ਬਾਈਕ ਨਾਲ ਨਵਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਨਿਵਾਸੀ ਕਰਤਾਰਪੁਰ ਨੂੰ ਗ੍ਰਿਫਤਾਰ ਕੀਤਾ ਸੀ। ਮੁਲਜਮ ਪੇਸ਼ੇਵਰ ਚੋਰ ਸੀ, ਜਿਸ ਖਿ਼ਲਾਫ



ਪਹਿਲਾਂ ਵੀ ਕੇਸ ਦਰਜ ਸੀ। ਮੁਲਜਮ ਨੂੰ ਲੈ ਕੇ ਉਹ ਸਿਪਾਹੀ ਬਿਕਰਮਜੀਤ ਸਿੰਘ ਨਾਲ ਉਸ ਨੂੰ ਕੋਰਟ ਵਿਚ ਪੇਸ਼ ਕਰਨ ਲਈ ਆਪਣੇ ਨਿੱਜੀ ਵਾਹਨ 'ਤੇ ਗਿਆ ਸੀ। ਕੋਰਟ ਵਿਚ ਪੇਸ਼ ਕਰਕੇ ਉਹ ਮੁਲਜਮ ਨੂੰ ਲੈ ਕੇ ਬਾਹਰ ਪਾਰਕਿੰਗ ਵਿਚ ਆ ਗਏ ਅਤੇ ਜਿਵੇਂ ਹੀ ਆਪਣੀ ਬਾਈਕ ਵੱਲ ਜਾਣ ਲੱਗੇ ਤਾਂ ਨਵਪ੍ਰੀਤ ਸਿੰਘ ਸਿਪਾਹੀ ਬਿਕਰਮਜੀਤ ਸਿੰਘ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ ਅਤੇ ਹੱਥਕੜੀ ਵੀ ਆਪਣੇ ਨਾਲ ਲੈ ਗਿਆ। ਪੁਲਸ ਨੇ ਮੁਲਜਮ ਦਾ ਪਿੱਛਾ ਵੀ ਕੀਤਾ ਪਰ ਉਸਦਾ ਕੋਈ ਸੁਰਾਗ ਨਹੀਂ ਲੱਗਾ ਅਤੇ ਉਹ ਗਾਇਬ ਹੋ ਗਿਆ। ਓਧਰ ਏ. ਐੱਸ. ਆਈ. ਰਾਜਪਾਲ ਸਿੰਘ ਨੇ ਕਿਹਾ ਕਿ ਮੁਲਜਮ ਨਵਪ੍ਰੀਤ ਸਿੰਘ ਦੀ ਭਾਲ ਵਿਚ ਉਨ੍ਹਾਂ 2 ਥਾਵਾਂ 'ਤੇ ਰੇਡ ਕੀਤੀ ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗਾ। ਉਨ੍ਹਾਂ ਕਿਹਾ ਕਿ ਜਲਦ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਵਸੀਕਾ ਨਵੀਸ ਤੇ ਉਸ ਦਾ ਸਹਾਇਕ 2,25,000 ਰੁਪਏ ਦੀ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ

ਚੰਡੀਗੜ੍ਹ 5 ਅਗਸਤ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਬ ਡਵੀਜਨ ਕਾਦੀਆਂ, ਜਿ਼ਲ੍ਹਾ ਗੁਰਦਾਸਪੁਰ ਵਿਖੇ ਕੰਮ ਕਰਦੇ ਕੰਵਰਪਾਲ ਸਿੰਘ (ਕੇ.ਪੀ.) ਵਸੀਕਾ ਨਵੀਸ (ਡੀਡ ਰਾਈਟਰ) ਅਤੇ ਉਸਦੇ ਸਹਾਇਕ ਨੂੰ 225000 ਰੁਪਏ ਰਿਸਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਵਸੀਕਾ ਨਵੀਸ ਅਤੇ ਉਸ ਦੇ ਨਿੱਜੀ ਸਹਾਇਕ ਨੂੰ ਕੁਲਵੰਤ ਸਿੰਘ ਵਾਸੀ ਪਿੰਡ ਸੇਰਪੁਰ, ਤਹਿਸੀਲ ਬਟਾਲਾ, ਜਿ਼ਲ੍ਹਾ ਗੁਦਾਸਪੁਰ (ਮੌਜੂਦਾ ਸਮੇਂ ਬਰਤਾਨੀਆ ਨਿਵਾਸੀ) ਵੱਲੋਂ ਮੁੱਖ ਮੰਤਰੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਪੋਰਟਲ 'ਤੇ ਦਰਜ ਕਰਵਾਈ ਗਈ ਆਨਲਾਈਨ ਸਿ਼ਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿ਼ਕਾਇਤਕਰਤਾ ਨੇ ਆਪਣੀ ਸਿ਼ਕਾਇਤ 'ਚ ਦੋਸ ਲਾਇਆ ਹੈ ਕਿ ਉਕਤ ਵਸੀਕਾ ਨਵੀਸ ਨੇ ਉਸਦੀ ਜੱਦੀ ਜਮੀਨ ਦੀ




ਮਲਕੀਅਤ (ਇੰਤਕਾਲ) ਉਸਦੇ ਨਾਂ ਕਰਵਾਉਣ ਬਦਲੇ ਉਸ ਕੋਲੋਂ 225000 ਰੁਪਏ ਦੀ ਰਿਸਵਤ ਲਈ ਸੀ। ਇਸ ਤੋਂ ਇਲਾਵਾ ਉਸ ਦੇ ਦਫਤਰ 'ਚ ਕੰਮ ਕਰਦੇ ਟਾਈਪਿਸਟ ਸੰਨੀ ਨੇ ਵੀ ਉਕਤ ਇੰਤਕਾਲ ਦਰਜ ਕਰਵਾਉਣ ਲਈ ਉਸ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸਿ਼ਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਕਤ ਵਸੀਕਾ ਨਵੀਸ ਨੇ ਉਕਤ ਸਿ਼ਕਾਇਤਕਰਤਾ ਤੋਂ ਤਿੰਨ ਕਿਸਤਾਂ 'ਚ 225000 ਰੁਪਏ ਦੀ ਰਿਸਵਤ ਲਈ ਹੈ। ਇਸ ਤੋਂ ਇਲਾਵਾ ਉਸ ਦੇ ਨਿੱਜੀ ਸਹਾਇਕ ਸੰਨੀ ਨੇ ਸਿ਼ਕਾਇਤਕਰਤਾ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਜਾਂਚ ਤੋਂ ਬਾਅਦ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਮੁਕੱਦਮੇ 'ਚ ਸਬੰਧਤ ਹਲਕਾ ਪਟਵਾਰੀ ਅਤੇ ਨਾਇਬ ਤਹਿਸੀਲਦਾਰ ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਨਾੜ ਨੂੰ ਲਗਾਈ ਅੱਗ ਨਾਲ ਵੱਡੀ ਗਿਣਤੀ 'ਚ ਦਰੱਖਤ ਝੁਲਸੇ

ਚੋਗਾਵਾਂ 5 ਅਗਸਤ। ਕਿਸਾਨਾਂ ਵੱਲੋਂ ਕਣਕ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਲਗਾਈ ਗਈ ਅੱਗ ਨਾਲ ਸੜਕਾਂ ਦੇ ਆਲੇ-ਦੁਆਲੇ ਅਤੇ ਖੇਤਾਂ ਵਿਚ ਖੜ੍ਹੇ ਰੁਖ ਬੁਰੀ ਤਰ੍ਹਾਂ ਨਲ ਝੁਲਸ ਗਏ ਹਨ। ਕਈ ਰੁੱਖ ਤਾਂ ਇੰਨੇ ਜ਼ਿਆਦਾ ਸੜ ਚੁੱਕੇ ਹਨ ਕਿ ਉਹ ਦੁਬਾਰਾ ਹਰੇ ਹੋਣ ਦੀ ਹਾਲਤ ਵਿਚ ਵੀ ਨਹੀਂ ਰਹੇ। ਇਸ ਦਾ ਜਿੱਥੇ ਵਾਤਾਵਰਣ 'ਤੇ ਬਹੁਤ ਬੁਰਾ ਅਸਰ ਹੋ ਰਿਹਾ ਹੈ, ਉੱਥੇ ਵਾਤਾਵਰਣ ਪ੍ਰੇਮੀ ਵੀ ਡਾਢੇ ਪ੍ਰੇਸ਼ਾਨ ਹਨ। ਇਸ ਸਬੰਧੀ ਵਾਤਾਵਰਣ ਪ੍ਰੇਮੀ ਕਰਨਰਾਜ ਸਿੰਘ, ਫਤਿਹ ਸਿੰਘ ਨੇ ਕਿਹਾ ਕਿ ਨਾੜ ਨੂੰ ਅੱਗ ਨਾਲ ਜਿੱਥੇ ਦਰੱਖਤਾਂ ਦਾ ਨੁਕਸਾਨ ਹੰਦਾ ਹੈ, ਉੱਥੇ ਸੜਕ 'ਤੇ ਆਉਣ ਜਾਣ ਵਾਲੇ ਰਾਹਗੀਰ ਵੀ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ ਅਤੇ ਜ਼ਮੀਨ ਉਪਜਾਊ ਸ਼ਕਤੀ ਵੀ ਘਟਦੀ ਹੈ ਅੱਜ ਕੱਲ ਪੈ ਰਹੀ ਅੰਤਾਂ ਦੀ ਗਰਮੀ ਵੀ ਇਸੇ ਦੀ ਦੇਣ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਕਣਕ ਦੇ ਰਹਿੰਦ ਖੂੰਹਦ ਨੰ ਅੱਗ ਲਗਾਉਣ ਤੋਂ ਬਿਨਾਂ ਨਹੀਂ ਰਹਿ ਸਕਦੇ ਤਾਂ ਘੱਟ ਤੋਂ ਘੱਟ ਸੜਕਾਂ ਅਤੇ ਦਰੱਖਤਾਂ ਦੇ ਨੇੜੇ ਜ਼ਮੀਨ ਨੂੰ ਵਾਹ ਦਿੱਤਾ ਜਾਵੇ

## ਰਾਮਲੱਲਾ ਦੇ ਦਰਸ਼ਨਾਂ ਲਈ ਗਏ ਬੱਚੇ ਹੋਏ ਲਾਪਤਾ, ਨਦੀ ਕੰਢਿਓਂ ਮਿਲੇ ਕੱਪੜੇ ਦੇਖ ਮਾਂ ਦਾ ਰੋ-ਰੋ ਹੋਇਆ ਬੁਰਾ ਹਾਲ

ਪਟਿਆਲਾ 5 ਅਗਸਤ। ਪਟਿਆਲਾ ਦੀ ਤੇਜਬਾਗ ਕਾਲੋਨੀ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਰਹਿਣ ਵਾਲੇ 2 ਬੱਚੇ ਭੇਤਭਰੀ ਹਾਲਤ 'ਚ ਲਾਪਤਾ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਬੱਚੇ ਸੰਗਤਾਂ ਨਾਲ ਇਕ ਬੱਸ 'ਚ ਸਵਾਰ ਹੋ ਕੇ ਸ਼੍ਰੀ ਰਾਮ ਲੱਲਾ ਦੇ ਦਰਸ਼ਨਾਂ ਲਈ ਅਯੁੱਧਿਆ ਗਏ ਹੋਏ ਸਨ, ਜਿਸ ਤੋਂ ਬਾਅਦ ਉਹ ਅਚਾਨਕ ਲਾਪਤਾ ਹੋ ਗਏ ਹਨ। ਗੁੰਮਸ਼ੁਦਾ ਬੱਚੇ ਤੇਜਬਾਗ ਕਾਲੋਨੀ ਦੇ ਰਹਿਣ ਵਾਲੇ ਕਾਰਤਿਕ ਅਤੇ ਪ੍ਰਿੰਸ ਹਨ, ਜਿਨ੍ਹਾਂ ਦੇ ਲਾਪਤਾ ਹੋਣ 'ਤੇ ਪਰਿਵਾਰ ਵਾਲਿਆਂ ਦਾ ਰੋ-ਰੋ ਦੇ ਬੁਰਾ ਹਾਲ ਹੋ ਗਿਆ ਹੈ। ਜਿ਼ਕਰਯੋਗ ਹੈ ਕਿ ਸ਼ਹਿਰ ਦੀ ਤੇਜਬਾਗ ਕਾਲੋਨੀ ਤੋਂ 17 ਮਈ ਨੂੰ ਸ਼੍ਰੀ ਅਯੁੱਧਿਆ ਧਾਮ ਵਿਖੇ ਸ਼੍ਰੀ ਰਾਮ ਲੱਲਾ ਜੀ ਦੇ ਦਰਸ਼ਨਾਂ ਲਈ ਇਕ ਬੱਸ ਗਈ ਸੀ। ਇਸ ਬੱਸ 'ਚ ਸੰਗਤਾਂ ਨਾਲ ਪ੍ਰਿੰਸ ਅਤੇ ਕਾਰਤਿਕ ਵੀ ਸ਼ਾਮਲ ਸਨ ਤੇ 18 ਮਈ ਨੂੰ ਬੱਚੇ ਲਾਪਤਾ ਹੋ ਗਏ। ਇਸ ਤੋਂ ਬਾਅਦ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਰਿਵਾਰ ਵਾਲਿਆਂ ਨੂੰ ਦੋਵਾਂ ਬੱਚਿਆਂ ਦੇ ਕੱਪੜੇ ਨਦੀ ਦੇ ਕਿਨਾਰੇ ਤੋਂ ਮਿਲੇ ਹਨ। ਇਸ ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਆਖਿਰ ਬੱਚੇ ਕਿੱਧਰ ਗਏ ? ਕਿਤੇ ਉਨ੍ਹਾਂ ਨਾਲ ਕੋਈ ਹਾਦਸਾ ਨਾ ਵਾਪਰ ਗਿਆ ਹੋਵੇ। ਪਰਿਵਾਰ ਵਾਲਿਆਂ ਵੱਲੋਂ ਬੱਚਿਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਵੱਲੋਂ ਪ੍ਰਸ਼ਾਸਨ ਅੱਗੇ ਵੀ ਬੱਚਿਆਂ ਦਾ ਪਤਾ ਲਗਾਉਣ ਦੀ ਗੁਹਾਰ ਲਗਾਈ ਜਾ ਰਹੀ ਹੈ।

## ਰੇਲ ਯਾਤਰੀ ਹੋ ਜਾਓ ਸਾਵਧਾਨ ! ਇਹ ਗਲਤੀ ਕਰਨ 'ਤੇ ਹੁਣ ਲੱਗੇਗਾ ਜੁਰਮਾਨਾ

ਜੈਤੋ 5 ਅਗਸਤ। ਉੱਤਰੀ ਰੇਲਵੇ ਦੇ ਫਿ਼ਰੋਜ਼ਪੁਰ ਰੇਲਵੇ ਡਵੀਜਨ ਦੇ ਸੀਨੀਅਰ ਕਮਰਸੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਸੁੱਕਰਵਾਰ ਨੂੰ ਕਿਹਾ ਕਿ ਜੇਕਰ ਕੋਈ ਯਾਤਰੀ ਰੇਲਵੇ ਕਾਊਂਟਰ ਤੋਂ ਯਾਤਰਾ ਟਿਕਟ ਲੈ ਕੇ ਟਿਕਟ ਕੈਂਸਲ ਕਰਵਾ ਲੈਂਦਾ ਹੈ ਤਾਂ ਉਸ ਨੂੰ ਤੁਰੰਤ ਰਿਫੰਡ ਮਿਲ ਜਾਂਦਾ ਹੈ। ਪਰ ਜੇਕਰ ਯਾਤਰੀ ਨੇ ਆਈਆਰਸੀਟੀਸੀ ਦੀ ਵੈੱਬਸਾਈਟ ਜਾਂ ਆਨਲਾਈਨ ਰਾਹੀਂ ਟਿਕਟ ਬੁੱਕ ਕੀਤੀ ਹੈ, ਤਾਂ ਰੱਦ ਹੋਣ 'ਤੇ ਪੈਸੇ ਵਾਪਸ ਲੈਣ ਵਿੱਚ ਸਮਾਂ ਲੱਗਦਾ ਹੈ। ਇਸ ਦੇ ਲਈ ਯਾਤਰੀ ਨੂੰ ਟਿਕਟ ਡਿਪਾਜਿ਼ਟ ਰਸੀਦ (ਟੀਡੀਆਰ) ਫਾਈਲ ਕਰਨੀ ਹੋਵੇਗੀ। ਇਸ ਤੋਂ ਇਲਾਵਾ, ਜੇਕਰ ਰੇਲਗੱਡੀ ਰੱਦ ਹੋ ਜਾਂਦੀ ਹੈ ਜਾਂ ਇਸਦਾ ਰੂਟ ਬਦਲਿਆ ਜਾਂਦਾ ਹੈ, ਤਾਂ ਯਾਤਰੀ ਨੂੰ ਟਿਕਟ ਰੱਦ ਕਰਨ ਲਈ ਟੀਡੀਆਰ ਫਾਈਲ ਕਰਨਾ ਪੈਂਦਾ ਹੈ। ਦਾ ਮਤਲਬ ਹੈ ਟਿਕਟ ਡਿਪਾਜਿ਼ਟ ਰਸੀਦ ਜਿਸਦੀ ਵਰਤੋਂ ਯਾਤਰੀ ਦੁਆਰਾ ਯਾਤਰਾ ਟਿਕਟ ਰੱਦ



ਕਰਨ ਤੋਂ ਬਾਅਦ ਰਿਫੰਡ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਕਈ ਯਾਤਰੀਆਂ ਨੇ ਆਨਲਾਈਨ ਟਿਕਟਾਂ ਦੀ ਦੁਰਵਰਤੋਂ ਕੀਤੀ। ਆਨਲਾਈਨ ਟਿਕਟਾਂ ਦੇ ਮਾਮਲੇ 'ਚ ਯਾਤਰੀ ਟੀਡੀਆਰ ਫਾਈਲ ਕਰਦੇ ਸਨ ਅਤੇ ਟਰੇਨ 'ਚ ਸਫਰ ਵੀ ਕਰਦੇ ਸਨ, ਜਿਸ ਕਾਰਨ ਰੇਲਵੇ ਨੂੰ ਰਿਫੰਡ ਦੇ ਰੂਪ 'ਚ ਨੁਕਸਾਨ ਉਠਾਉਣਾ ਪੈ ਰਿਹਾ ਸੀ। ਹੁਣ ਰੇਲਵੇ ਬੋਰਡ ਦੇ ਨਵੇਂ ਨਿਯਮ ਮੁਤਾਬਕ ਜੇਕਰ ਕੋਈ ਯਾਤਰੀ ਟੀਡੀਆਰ ਭਰਨ ਤੋਂ ਬਾਅਦ ਰਿਜਰਵ ਸੀਟ 'ਤੇ ਸਫਰ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਿਨਾਂ ਟਿਕਟ ਦੇ ਮੰਨਿਆ ਜਾਵੇਗਾ ਅਤੇ ਰੇਲਵੇ ਨਿਯਮਾਂ ਦੇ ਮੁਤਾਬਕ ਚਾਰਜ ਕੀਤਾ ਜਾਵੇਗਾ। ਹੁਣ, ਟਿਕਟ ਚੈਕਿੰਗ ਸਟਾਫ ਐਚਐਚਟੀ (ਹੈਂਡ ਹੈਲਡ ਟਰਮੀਨਲ) ਮਸੀਨਾਂ ਨਾਲ ਲੈਸ ਹੈ, ਜਿਸ ਰਾਹੀਂ ਸੀਟ ਦੀ ਉਪਲਬਧਤਾ, ਉਡੀਕ ਟਿਕਟਾਂ ਅਤੇ ਹੋਰ ਜਾਣਕਾਰੀ ਅਸਲ ਸਮੇਂ ਵਿੱਚ ਉਪਲਬਧ ਹੋ ਜਾਂਦੀ ਹੈ। ਐਚਐਚਟੀ ਦੇ ਜਰੀਏ, ਟਿਕਟ ਚੈਕਿੰਗ ਸਟਾਫ ਟੀਡੀਆਰ ਦੀ ਦੁਰਵਰਤੋਂ ਕਰਨ ਵਾਲੇ ਯਾਤਰੀ ਦਾ ਆਸਾਨੀ ਨਾਲ ਪਤਾ ਲਗਾ ਸਕੇਗਾ।

## ਫ਼ਰੀਦਕੋਟ ਜੇਲ ਦੇ ਹਵਾਲਾਤੀ ਦੀ ਇਕ ਹੋਰ ਵੀਡੀਓ ਵਾਇਰਲ

ਫ਼ਰੀਦਕੋਟ 5 ਅਗਸਤ। ਸਥਾਨਕ ਜੇਲ ਵਿੱਚੋਂ ਲਗਭਗ ਤੀਸਰੀ ਵਾਰ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ'ਤੇ ਪੁਲਸ ਵੱਲੋਂ ਜੇਲ ਅਧਿਕਾਰੀਆਂ ਨਾਲ ਮਿਲ ਕੇ ਇਸਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਡੀ.ਐੱਸ.ਪੀ ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਇਹ ਵੀਡੀਓ ਹਵਾਲਾਤੀ ਰਾਜਨ ਭੰਡਾਰੀ ਵਾਸੀ ਫਿਰੋਜ਼ਪੁਰ ਜਿਸ'ਤੇ 302, ਐੱਨ.ਡੀ.ਪੀ.ਐੱਸ ਅਤੇ ਹੋਰ ਸੰਗੀਨ ਮਾਮਲੇ ਦਰਜ ਹਨ ਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਦ ਪੁਸ਼ਟੀ ਲੈਣ ਲਈ ਜੇਲ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਵਾਲਾਤੀ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਇਸਨੇ ਦੱਸਿਆ ਕਿ ਇਹ ਵੀਡੀਓ ਉਸਨੇ ਉਸ ਵੇਲੇ ਬਣਾਈ ਸੀ ਜਦੋਂ ਉਹ ਗੋਇੰਦਵਾਲ ਜੇਲ ਵਿਚ ਬੰਦ ਸੀ ਅਤੇ ਹਵਾਲਾਤੀ ਦੇ ਕਹਿਣ ਅਨੁਸਾਰ ਉਸਦੀ ਇਹ ਵੀਡੀਓ ਇਸਦੇ ਕਿਸੇ ਰਿਸ਼ਤੇਦਾਰ ਨੇ ਸ਼ੋਸ਼ਲ ਮੀਡੀਆ 'ਤੇ ਪਾਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਲ ਅਧਿਕਾਰੀਆਂ ਵੱਲੋਂ ਲਿਖਤੀ ਕਾਰਵਾਈ ਕਰਨ ਉਪਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਵਕੀਲ ਅਤੇ ਟਾਈਪਿਸਟ ਨੂੰ 5 ਹਥਿਆਰਬੰਦਾਂ ਨੇ ਬਣਾਇਆ ਨਿਸ਼ਾਨਾ, ਨਕਦੀ ਤੇ ਮੋਬਾਇਲ ਲੈ ਕੇ ਹੋਏ ਫਰਾਰ

ਤਰਨਤਾਰਨ 5 ਅਗਸਤ। ਅਦਾਲਤ ਜਾ ਰਹੇ ਵਕੀਲ ਅਤੇ ਉਸਦੇ ਟਾਈਪਿਸਟ ਨੂੰ ਪੰਜ ਹਥਿਆਰਬੰਦ ਲੁਟੇਰਿਆਂ ਵੱਲੋਂ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜੋ 6500 ਰੁਪਏ ਦੀ ਨਕਦੀ ਅਤੇ ਮੋਬਾਈਲ ਫੋਨ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਵਨ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਬਾਬਾ ਬਸਤਾ ਸਿੰਘ ਐਨਕਲੇਵ ਸਾਹਮਣੇ ਟੱਕਰ ਸਾਹਿਬ ਗੁਰਦੁਆਰਾ ਤਰਨਤਾਰਨ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਖਡੂਰ ਸਾਹਿਬ ਕਚਹਿਰੀ ਵਿਚ ਬਤੌਰ ਵਕੀਲ ਕੰਮ ਕਰ ਰਿਹਾ ਹੈ। ਬੀਤੇ ਕੱਲ ਉਹ ਆਪਣੇ ਟਾਈਪਿਸਟ ਗੁਰਜੀਤ ਸਿੰਘ ਸਮੇਤ ਆਪਣੀ ਸਕੂਟਰੀ 'ਤੇ ਸਵਾਰ ਹੋ ਖਡੂਰ ਸਾਹਿਬ ਜਾ ਰਹੇ ਸਨ। ਜਦੋਂ ਉਹ ਪਿੰਡ ਕੱਲਾ ਵਿਖੇ ਪੁਰਾਣੇ ਸ਼ੈਲਰ ਸਾਹਮਣੇ ਪੁੱਜੇ ਤਾਂ ਸਾਹਮਣੇ ਪਾਸਿਓਂ ਦੋ




ਮੋਟਰਸਾਈਕਲ ਉਪਰ ਸਵਾਰ ਕੁੱਲ ਪੰਜ ਨਕਾਬ ਪੋਸ਼ ਵਿਅਕਤੀਆਂ ਨੇ ਉਸਦੀ ਸਕੂਟਰੀ ਰੋਕ ਲਈ ਜਿਨ੍ਹਾਂ ਵਿਚੋਂ ਇਕ ਨੇ ਹੱਥ ਵਿਚ ਫੜਿਆ ਪਿਸਤੌਲ ਉਸ ਤੋਂ ਉਪਰ ਤਾਣ ਦਿੱਤਾ। ਇਸ ਦੌਰਾਨ ਲੁਟੇਰਿਆਂ ਨੇ ਉਸਦੇ ਪਰਸ ਵਿਚੋਂ 3000 ਰੁਪਏ, ਮੋਬਾਈਲ ਫੋਨ ਅਤੇ ਟਾਈਪਿਸਟ ਗੁਰਜੀਤ ਸਿੰਘ ਦੇ ਪਰਸ ਵਿਚੋਂ 3500 ਦੀ ਨਕਦੀ ਅਤੇ ਸਕੂਟਰੀ ਦੀ ਚਾਬੀ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਜਸਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਵੱਲੋਂ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਕਾਰ ਸਵਾਰ ਵਿਅਕਤੀ ਨੂੰ ਮਾਰ ਦੇਣ ਦੀ ਨੀਯਤ ਨਾਲ ਕੀਤੇ ਫਾਇਰ

ਫਿਰੋਜ਼ਪੁਰ 5 ਅਗਸਤ। ਫਿਰੋਜ਼ਪੁਰ ਵਿਖੇ ਕਾਰ ਸਵਾਰ ਨੂੰ ਮਾਰ ਦੇਣ ਦੀ ਨੀਯਤ ਨਾਲ ਪਿਸਤੌਲ ਨਾਲ ਫਾਇਰ ਕਰਕੇ ਇਕ ਵਿਅਕਤੀ ਨੂੰ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਅਤੇ 5-6 ਅਣਪਛਾਤੇ ਵਿਅਕਤੀਆਂ ਖਿ਼ਲਾਫ 307, 148, 149 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜਸਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਾਗ ਵਾਲੀ ਅਲੀ ਕੇ ਰੋਡ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਚਾਚੇ ਦੇ ਮੁੰਡੇ ਸਾਗਰ ਉਰਫ ਬੱਗੀ ਪੁੱਤਰ ਜੱਸਾ ਸਿੰਘ ਵਾਸੀ ਬਸਤੀ ਬਾਗ ਵਾਲੀ ਅਲੀਕੇ ਰੋਡ ਸਿਟੀ ਫਿਰੋਜ਼ਪੁਰ ਨਾਲ ਆਪਣੀ ਕਾਰ ਆਈ-20 'ਤੇ ਸਵਾਰ ਹੋ ਕੇ ਬਾਬਾ ਖੇਤਰਪਾਲ ਦੇ ਮੱਥਾ ਟੇਕਣ ਜਾ ਰਿਹਾ ਸੀ। ਜਦ ਉਹ ਅਲੀ ਕੇ ਰੋਡ ਆਟਾ ਚੱਕੀ ਪਾਸ ਪੁੱਜੇ ਤਾਂ ਪਿੱਛੇ ਮੋਟਰਸਾਈਕਲ 'ਤੇ ਰਾਜਬੀਰ ਸਿੰਘ ਉਰਫ ਦਲੇਰ ਪੁੱਤਰ ਮਹਿੰਦਰ ਸਿੰਘ ਤੇ ਸੁੱਖੂ ਪੁੱਤਰ ਕਰਨੈਲ ਸਿੰਘ ਵਾਸੀਅਨ ਬਸਤੀ ਬਾਗ ਵਾਲੀ ਸਿਟੀ ਫਿਰੋਜ਼ਪੁਰ ਆ ਰਹੇ ਸੀ। ਨਾਲ ਹੀ 5-6 ਅਣਪਛਾਤੇ ਮੁੰਡੇ ਵੀ ਮੋਟਰਸਾਈਕਲਾਂ 'ਤੇ ਆ ਰਹੇ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਰਾਜਬੀਰ ਸਿੰਘ ਦੇ ਹੱਥ ਪਿਸਤੌਲ ਫੜਿਆ ਹੋਇਆ ਸੀ। ਸੁੱਖੂ ਨੇ ਕਾਰ ਦੇ ਬਰਾਬਰ ਕਾਰ ਕਰਕੇ ਪਿਸਤੌਲ ਕੱਢ ਲਿਆ ਤੇ ਮਾਰ ਦੇਣ ਦੀ ਨੀਯਤ ਨਾਲ ਉਨ੍ਹਾਂ 'ਤੇ ਫਾਇਰ ਕੀਤੇ, ਜਿਨ੍ਹਾਂ ਵਿਚੋਂ ਇਕ ਫਾਇਰ ਸਾਗਰ ਉਰਫ ਬੱਗੀ ਦੇ ਸਿਰ ਵਿਚ ਲੱਗਾ। ਇਸ ਫਾਇਰਿੰਗ ਦੀ ਵਜ੍ਹਾ ਰੰਜਿ਼ਸ ਹੈ। ਉਹ ਇਸ ਕਰਕੇ ਕਿਉਂਕਿ ਸਾਗਰ ਉਰਫ ਬੱਗੀ ਕਿਸੇ ਮੁਕੱਦਮੇ ਵਿਚ ਜੇਲ੍ਹ ਵਿਚ ਬੰਦ ਸੀ, ਜਿਥੇ ਇਸ ਦਾ ਰਾਜਬੀਰ ਸਿੰਘ ਨਾਲ ਝਗੜਾ ਹੋ ਗਿਆ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਸਾਗਰ ਦਾ ਇਲਾਜ ਅਨਿਲ ਬਾਗੀ ਹਸਪਤਾਲ ਵਿਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ।

## ਕਿਸਾਨਾਂ ਦੇ ਧਰਨੇ ਦੇ 31 ਦਿਨ 5500 ਤੋਂ ਵੱਧ ਟਰੇਨਾਂ ਪ੍ਰਭਾਵਿਤ, ਰੇਲ ਵਿਭਾਗ ਦਾ ਹੋ ਰਿਹਾ ਲੱਖਾਂ ਦਾ ਨੁਕਸਾਨ

ਲੁਧਿਆਣਾ 5 ਅਗਸਤ। ਆਪਣੀਆਂ ਮੰਗਾਂ ਸਬੰਧੀ ਸ਼ੰਭੂ ਦੇ ਨੇੜੇ ਰੇਲਵੇ ਟ੍ਰੈਕ 'ਤੇ ਬੈਠੇ ਕਿਸਾਨਾਂ ਦੇ ਧਰਨੇ ਨੂੰ ਲੈ ਕੇ 17 ਮਈ ਨੂੰ 31 ਦਿਨ ਹੋ ਚੱਲੇ ਹਨ। ਕਿਸਾਨਾਂ ਦੇ ਇਸ ਧਰਨੇ ਕਾਰਨ ਜਿੱਥੇ ਰੇਲ ਵਿਭਾਗ ਨੂੰ ਹਰ ਰੋਜ਼ ਲੱਖਾਂ ਰੁਪਏ ਦਾ ਨੁਕਸਾਨ ਸਹਿਣਾ ਪੈ ਰਿਹਾ ਹੈ, ਉਥੇ ਰੇਲ ਯਾਤਰੀਆਂ ਨੂੰ ਵੀ ਭਾਰੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਇਨ੍ਹਾਂ 31 ਦਿਨਾਂ 'ਚ 5500 ਤੋਂ ਵੱਧ ਟ੍ਰੇਨਾਂ ਪ੍ਰਭਾਵਿਤ ਹੋਈਆਂ, ਜਿਨ੍ਹਾਂ 'ਚੋਂ 2000 ਦੇ ਕਰੀਬ ਟਰੇਨਾਂ ਰੱਦ ਕੀਤੀਆਂ ਗਈਆਂ। ਜਦਕਿ 3000 ਤੋਂ ਵੱਧ ਟਰੇਨਾਂ ਨੂੰ ਡਾਇਵਰਟ ਅਤੇ 1000 ਦੇ ਕਰੀਬ ਟਰੇਨਾਂ ਨੂੰ ਸ਼ਾਰਟ ਟਰਮੀਨੇਟ ਕਰ ਕੇ ਚਲਾਇਆ ਗਿਆ ਹੈ। ਧਰਨੇ ਕਾਰਨ ਟਰੇਨਾਂ ਨੂੰ ਰੂਟ ਬਦਲ ਕੇ ਚਲਾਇਆ ਜਾ ਰਿਹਾ ਹੈ। ਜਿ਼ਆਦਾਤਰ ਟਰੇਨਾਂ ਨੂੰ ਸਾਹਨੇਵਾਲ ਤੋਂ ਵਾਇਆ ਚੰਡੀਗੜ੍ਹ, ਮੋਰਿੰਡਾ ਤੋਂ ਬੱਸੀ, ਸਮਰਾਲਾ, ਧੂਰੀ ਜਾਖਲ ਦੇ ਰੂਟ ਤੋਂ ਅੰਬਾਲਾ ਵੱਲ ਰਵਾਨਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹੀ ਟਰੇਨਾਂ 5 ਤੋਂ 10 ਘੰਟੇ ਦੇਰ ਨਾਲ ਚੱਲ ਰਹੀਆਂ ਹਨ। ਰੂਟ ਲੰਬਾ ਹੋਣ ਅਤੇ ਸਾਹਨੇਵਾਲ ਤੋਂ ਚੰਡੀਗੜ੍ਹ ਤੱਕ ਸਿੰਗਲ ਲਾਈਨ ਹੋਣ ਕਾਰਨ ਟਰੇਨਾਂ ਨੂੰ ਕਈ ਕਈ ਘੰਟੇ ਰੋਕ ਕੇ ਚਲਾਇਆ ਜਾ ਰਿਹਾ ਹੈ, ਜਿਸ ਕਾਰਨ ਵਿਭਾਗ ਨੂੰ ਫਿਊਲ ਦਾ ਜ਼ਿਆਦਾ ਖਰਚ ਸਹਿਣ ਕਰਨਾ ਪੈ ਰਿਹਾ ਹੈ, ਜਦੋਂਕਿ ਯਾਤਰੀਆਂ ਨੂੰ ਟਰੇਨਾਂ ਦੇ ਲੇਟ ਹੋਣ ਕਾਰਨ ਜ਼ਿਆਦਾ ਸਮਾਂ ਸਫਰ 'ਚ ਗੁਜ਼ਾਰਨਾ ਪੈ ਰਿਹਾ ਹੈ। ਯਾਤਰੀਆਂ ਨੂੰ ਟਰੇਨਾਂ ਦਾ ਇੰਤਜ਼ਾਰ ਕਰਨ ਲਈ ਕਈ ਕਈ ਘੰਟੇ ਪਲੇਟਫਾਰਮ 'ਤੇ ਗੁਜ਼ਾਰਨੇ ਪੈ ਰਹੇ ਹਨ। ਅੰਮ੍ਰਿਤਸਰ ਅਤੇ ਜੰਮੂ ਤੋਂ ਨਵੀਂ ਦਿੱਲੀ ਵੱਲ ਜਾਣ ਵਾਲੀਆਂ ਜਿਨ੍ਹਾਂ ਟਰਨਾਂ ਨੂੰ ਵਾਇਆ



ਚੰਡੀਗੜ੍ਹ-ਅੰਬਾਲਾ ਵੱਲ ਭੇਜਿਆ ਜਾ ਰਿਹਾ ਹੈ, ਉਨ੍ਹਾਂ ਵਿਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਸਾਹਨੇਵਾਲ ਤੋਂ ਚੰਡੀਗੜ੍ਹ ਤੱਕ ਕਈ ਘੰਟੇ ਗੁਜ਼ਾਰਨੇ ਪੈ ਰਹੇ ਹਨ। ਕਈ ਟਰੇਨਾਂ 'ਚ ਪੈਂਟਰੀ ਕਾਰ ਨਾ ਹੋਣ ਕਾਰਨ ਯਾਤਰੀਆਂ ਨੂੰ ਇਸ ਰੂਟ 'ਤੇ ਨਾ ਤਾਂ ਚਾਹ, ਨਾ ਪਾਣੀ ਅਤੇ ਨਾ ਹੀ ਖਾਣਾ ਮਿਲਦਾ ਹੈ। ਉਸ ਤੋਂ ਇਲਾਵਾ ਇਸ ਰੂਟ 'ਤੇ ਚੰਡੀਗੜ੍ਹ ਤੋਂ ਇਲਾਵਾ ਹੋਰ ਕੋਈ ਰੇਲਵੇ ਸਟੇਸ਼ਨਾਂ 'ਤੇ ਸਟਾਲ ਵੀ ਨਾ ਹੋਣ ਕਾਰਨ ਯਾਤਰੀਆਂ ਦਾ ਬੁਰਾ ਹਾਲ ਹੋ ਜਾਂਦਾ ਹੈ। ਯਾਤਰੀ ਬੇਸਬਰੀ ਨਾਲ ਵੈਂਡਰਾਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ ਅਤੇ ਜੇਕਰ ਕੋਈ ਦੂਜੀ ਲਾਈਨ 'ਤੇ ਟਰੇਨ ਆਉਂਦੀ ਹੈ ਤਾਂ ਉਸ ਵਿਚ ਮੌਜੂਦ ਪੈਂਟਰੀ ਵਾਲੇ ਵੈਂਡਰ ਹੀ ਸਹਾਰਾ ਬਣਦੇ ਹਨ। ਜ਼ਿਆਦਾ ਸਮੇਂ ਤੱਕ ਟਰੇਨਾਂ ਲੇਟ ਹੋਣ ਕਾਰਨ ਟਰੇਨਾਂ 'ਚ ਗੰਦਗੀ ਫੈਲ ਜਾਂਦੀ ਹੈ ਅਤੇ ਕਈ ਵਾਰ ਤਾਂ ਟਾਇਲੇਟ ਲਈ ਪਾਣੀ ਵੀ ਮੁਹੱਈਆ ਨਹੀਂ ਹੁੰਦਾ, ਜਿਸ ਨਾਲ ਜ਼ਿਆਦਾ ਸਮੱਸਿਆ ਪੈਦਾ ਹੋ ਜਾਂਦੀ ਹੈ। ਟਰੇਨਾਂ ਦੇ ਲੇਟ ਹੋਣ ਅਤੇ ਡਾਇਵਰਟ ਹੋਣ ਕਾਰਨ ਜ਼ਿਆਦਾਤਰ ਯਾਤਰੀ ਆਪਣੀਆਂ ਟਿਕਟਾਂ ਰੱਦ ਕਰਵਾ ਰਹੇ ਹਨ। ਅਧਿਕਾਰਤ ਸੂਤਰਾਂ ਮੁਤਾਬਕ ਇਕੱਲੇ ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਨੂੰ 2 ਲੱਖ ਰੁਪਏ ਤੋਂ ਜ਼ਿਆਦਾ ਦਾ ਟਿਕਟ ਰਿਫੰਡ ਕੀਤਾ ਜਾ ਰਿਹਾ ਹੈ, ਜਿਸ ਦੇ ਲਈ ਸਪੈਸ਼ਲ ਕਾਊਂਟਰ ਚਲਾਏ ਜਾ ਰਹੇ ਹਨ, ਜਦੋਂਕਿ ਇਸ ਤੋਂ ਵੱਧ ਦਾ ਰਿਫੰਡ ਆਨਲਾਈਨ ਟਿਕਟ ਬੁਕ ਕਰਵਾਉਣ ਵਾਲੇ ਯਾਤਰੀਆਂ ਦਾ ਹੋ ਜਾਂਦਾ ਹੈ। ਇਸ ਧਰਨੇ ਕਾਰਨ ਰੇਲਵੇ ਦਾ ਕਮਰਸ਼ੀਅਲ ਵਿਭਾਗ ਵੀ ਘਾਟੇ 'ਚ ਜਾ ਰਿਹਾ ਹੈ, ਕਿਉਂਕਿ ਟਰੇਨਾਂ ਰੱਦ ਹੋਣ ਕਾਰਨ ਸਾਮਾਨ ਦੀ ਲੋਡਿੰਗ ਅਤੇ ਅਨ-ਲੋਡਿੰਗ ਨਹੀਂ ਹੋ ਰਹੀ। ਵਪਾਰੀਆਂ ਨੂੰ ਆਪਣਾ ਸਾਮਾਨ ਭੇਜਣ ਲਈ ਟ੍ਰਾਂਸਪੋਰਟਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਲਾਗਤ ਵੀ ਜ਼ਿਆਦਾ ਦੇਣੀ ਪੈ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੌਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਇੰਸਟਾਗ੍ਰਾਮ ‘ਤੇ ਤੜਕੇ 3 ਵਜੇ ਪੋਸਟ ਪਾ ਮੁੰਡੇ ਨੇ ਪੀਤਾ ਜਹਿਰ, ਹਾਲਤ ਦੇਖ ਪਰਿਵਾਰ ਦੇ ਪੈਰਾਂ ਹੇਠੋਂ ਖਿਸਕੀ ਜਮੀਨ

ਖਰੜ 5 ਅਗਸਤ। ਇੱਥੇ ਸੰਨੀ ਐਨਕਲੇਵ ਦੇ ਰਹਿਣ ਵਾਲੇ ਨੌਜਵਾਨ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰ ਲਈ। ਘਟਨਾ ਸਮੇਂ ਪਰਿਵਾਰਕ ਮੈਂਬਰ ਦੂਜੇ ਕਮਰੇ ’ਚ ਸਨ। ਮ੍ਰਿਤਕ ਨੌਜਵਾਨ ਦੇ ਪਿਤਾ ਜਸਪਾਲ ਸਿੰਘ ਮੂਲ ਰੂਪ ਤੋਂ ਦਸਮੇਸ਼ ਨਗਰ, ਜਲਾਲਾਬਾਦ (ਫਾਜ਼ਿਲਕਾ) ਦੇ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਪੁੱਤਰ ਤੇ ਇਕ ਧੀ ਹੈ। ਹਰ ਰੋਜ਼ ਦੀ ਤਰ੍ਹਾਂ 2 ਜੂਨ ਨੂੰ ਮੋਹਿਤ (25) ਰਾਤ ਨੂੰ ਘਰ ਆਇਆ ਤੇ ਖਾਣਾ ਖਾਣ ਤੋਂ ਬਾਅਦ ਸੌਂ ਗਿਆ। ਤੜਕੇ ਕਰੀਬ 3 ਵਜੇ ਉਹ ਬਾਥਰੂਮ ’ਚ ਗਿਆ। ਜਦੋਂ ਪਰਿਵਾਰਕ ਮੈਂਬਰਾਂ ਨੇ ਸਵੇਰੇ ਉੱਠੇ ਤਾਂ ਦੇਖਿਆ ਕਿ ਬਾਥਰੂਮ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਖਿੜਕੀ ਤੋਂ ਦੇਖਿਆ ਤਾਂ ਮੋਹਿਤ ਜ਼ਮੀਨ ’ਤੇ ਪਿਆ ਸੀ। ਉਹ ਦਰਵਾਜ਼ਾ ਤੋੜ ਕੇ ਬਾਥਰੂਮ ’ਚ ਦਾਖਲ ਹੋਏ ਤਾਂ ਪਤਾ ਲੱਗਾ ਕਿ ਉਸ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ ਹੈ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੋਂ ਪੀ. ਜੀ. ਆਈ. ਰੈਫਰ ਕਰ ਦਿੱਤਾ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਰੋਹਿਤ ਨੇ ਇਸ ਦੌਰਾਨ ਮੋਹਿਤ ਦੀ ਇੰਸਟਾਗ੍ਰਾਮ ਪ੍ਰੋਫਾਈਲ ਦੇਖੀ ਤਾਂ ਉਸ ’ਚ 3 ਜੂਨ ਨੂੰ ਤੜਕੇ 3 ਵਜੇ ਦੇ ਕਰੀਬ ਸਟੇਟਸ ਅਪਲੋਡ ਕੀਤਾ ਸੀ। ਇਸ ’ਚ ਮੋਹਿਤ ਨੇ ਦੱਸਿਆ ਕਿ ਉਸ ਨੇ ਦੋਸਤ ਸ਼ਿਵਮ ਧਮੀਜਾ, ਸ਼ਿਰਾਜ਼ ਗਿਰਧਰ ਤੇ ਉਨ੍ਹਾਂ ਦੇ ਸਾਥੀ ਰਾਹੁਲ ਵਰਮਾ ਤੋਂ ਤੰਗ ਆ ਕੇ ਖੁਦਕੁਸ਼ੀ ਕੀਤੀ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਦੋਸਤਾਂ ਨੇ ਕਿਸੇ ਹੋਰ ਮੋਹਿਤ ਜਰੀਏ ਨਿਵੇਸ਼ ਦੇ ਨਾਂ ਦੀ ਇੰਸਟਾਗ੍ਰਾਮ ਪ੍ਰੋਫਾਈਲ ਦੇਖੀ ਤਾਂ ਉਸ ’ਚ 3 ਜੂਨ ਨੂੰ ਤੜਕੇ 3 ਵਜੇ ਦੇ ਕਰੀਬ ਸਟੇਟਸ ਅਪਲੋਡ ਕੀਤਾ ਸੀ। ਇਸ ’ਚ ਮੋਹਿਤ ਨੇ ਦੱਸਿਆ ਕਿ ਉਸ ਨੇ ਦੋਸਤ ਸ਼ਿਵਮ ਧਮੀਜਾ, ਸ਼ਿਰਾਜ਼ ਗਿਰਧਰ ਤੇ ਉਨ੍ਹਾਂ ਦੇ ਸਾਥੀ ਰਾਹੁਲ ਵਰਮਾ ਤੋਂ ਤੰਗ ਆ ’ਤੇ ਅਣਪਛਾਤੇ ਵਿਅਕਤੀ ਦੇ ਖਾਤੇ ’ਚ ਕਰੀਬ 90 ਹਜ਼ਾਰ ਰੁਪਏ 15 ਦਿਨ ਪਹਿਲਾਂ ਟਰਾਂਸਫਰ ਕੀਤੇ ਸਨ। ਉਕਤ ਵਿਅਕਤੀ ਫੋਨ ਨਹੀਂ ਚੁੱਕ ਰਿਹਾ ਸੀ, ਜਿਸ ਕਾਰਨ ਤਿੰਨੇਂ ਮੁਲਜ਼ਮ 5 ਦਿਨਾਂ ਤੋਂ ਉਸ ਦੇ ਭਰਾ ਨੂੰ ਪੈਸੇ ਵਾਪਸ ਕਰਵਾਉਣ ਲਈ ਪਰੇਸ਼ਾਨ ਤੇ ਧਮਕੀਆਂ ਦੇ ਰਹੇ ਸਨ। ਪੁਲਸ ਨੇ ਪੋਸਟਮਾਰਟਮ ਕਰਵਾ ਕੇ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਹੈ। ਪਰਿਵਾਰ ਨੇ ਜਲਾਲਾਬਾਦ ’ਚ ਅੰਤਿਮ ਸੰਸਕਾਰ ਕੀਤਾ। ਜਾਂਚ ਅਧਿਕਾਰੀ ਰਜਿੰਦਰ ਸਿੰਘ ਅਨੁਸਾਰ ਮੋਹਿਤ ਵਰਕ ਪਰਮਿਟ ’ਤੇ ਸਿੰਗਾਪੁਰ ਜਾਣ ਦੀ ਤਿਆਰੀ ਕਰ ਰਿਹਾ ਸੀ। ਕੁੱਝ ਦਿਨ ਪਹਿਲਾਂ ਹੀ ਫਾਈਲ ਲਗਾਈ ਸੀ। ਇਸ ਤੋਂ ਪਹਿਲਾਂ ਉਹ ਕੈਬ ਚਲਾਉਂਦਾ ਸੀ। ਸੰਨੀ ਐਨਕਲੇਵ ਪੁਲਸ ਵੱਲੋਂ ਤਿੰਨੇ ਮੁਲਜ਼ਮਾਂ ਸ਼ਿਰਾਜ ਗਿਰਧਰ, ਰਾਹੁਲ ਵਰਮਾ ਤੇ ਸ਼ਿਵਮ ਧਮੀਜਾ ਵਾਸੀ ਜਲਾਲਾਬਾਦ ਖ਼ਿਲਾਫ਼ ਧਾਰਾ-306 ਤੇ 120ਬੀ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਇਕ ਮੁਲਜ਼ਮ ਆਸਟ੍ਰੇਲੀਆ ਫਰਾਰ ਹੋ ਗਿਆ ਹੈ, ਜਦਕਿ ਬਾਕੀ ਮੁਲਜ਼ਮਾਂ ਦੀ ਭਾਲ ’ਚ ਪੁਲਸ ਛਾਪੇਮਾਰੀ ਕਰ ਰਹੀ ਹੈ।




### ਕਾਰ ਦੀ ਭੰਨਤੋੜ ਕਰਨ ਤੇ ਹਵਾਈ ਫਾਇਰ ਕਰਨ ‘ਤੇ 7 ਖ਼ਿਲਾਫ ਮਾਮਲਾ ਦਰਜ

ਜੀਰਾ 5 ਅਗਸਤ। ਫਿਰੋਜ਼ਪੁਰ ਜੀਰਾ ਰੋਡ ’ਤੇ ਇਕ ਵਿਅਕਤੀ ਦੀ ਸਕਾਰਪੀਓ ਗੱਡੀ ਦੀ ਭੰਨਤੋੜ ਕਰਨ ਅਤੇ ਹਵਾਈ ਫਾਇਰ ਕਰਨ ਦੇ ਦੋਸ਼ ਹੇਠ ਥਾਣਾ ਸਿਟੀ ਜ਼ੀਰਾ ਦੀ ਪੁਲਸ ਨੇ 7 ਲੋਕਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਜੀਰਾ ਦੇ ਸਹਾਇਕ ਇੰਸਪੈਕਟਰ ਸਤਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ’ਚ ਸ਼ਿਕਾਇਤਕਰਤਾ ਰਣਜੀਤ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਪਿੰਡ ਮਹੀਆਂ ਵਾਲਾ ਕਲਾਂ ਖੁਰਦ ਨੇ ਦੱਸਿਆ ਕਿ ਬੀਤੇ ਦਿਨ ਉਹ ਆਪਣੀ ਪਤਨੀ ਨਾਲ ਆਪਣੀ ਗੱਡੀ ’ਤੇ ਸਵਾਰ ਹੋ ਕੇ ਆਪਣੀ ਕੁੜੀ ਦੀ ਫਿਰੋਜ਼ਪੁਰ ਰੋਡ ’ਤੇ ਬੁਟੀਕ ਦੀ ਦੁਕਾਨ ’ਤੇ ਗਿਆ ਸੀ, ਜਿੱਥੇ ਦੋਸ਼ੀ ਗੁਲਾਬ ਸਿੰਘ ਉਰਫ ਰੈਗੀ ਪੁੱਤਰ ਬੇਅੰਤ ਸਿੰਘ ਵਾਸੀ ਝਤਰਾ ਅਤੇ 6 ਅਣਪਛਾਤੇ ਵਿਅਕਤੀ ਜੀਪ ’ਚ ਆਏ ਅਤੇ ਦੋਸ਼ੀਆਂ ਨੇ ਉਸ ਦੀ ਗੱਡੀ ਦੀ ਭੰਨਤੋੜ ਕੀਤੀ

## ਭਾਰਤੀ ਰੇਲਵੇ ‘ਚ ਨੌਕਰੀ ਦਾ ਸੁਨਹਿਰੀ ਮੌਕਾ

ਨਵੀਂ ਦਿੱਲੀ 10 ਜੂਨ। ਰੇਲਵੇ ਵਿਚ ਨੌਕਰੀ ਕਰਨ ਦੇ ਚਾਹਵਾਨ ਉਮੀਦਵਾਰਾਂ ਲਈ ਖੁਸ਼ਖਬਰੀ ਹੈ। ਇੰਟਗਰਲ ਕੋਚ ਫੈਕਟਰੀ ਚੇਨਈ ਚੇਨਈ ਨੇ ਵੱਖ-ਵੱਖ ਟਰੇਡਾਂ ਵਿਚ 1 ਹਜਾਰ ਤੋਂ ਵੱਧ ਅਪ੍ਰੇਂਟਿਸ ਅਸਾਮੀਆਂ ਦੀ ਭਰਤੀ ਲਈ ਅਰਜੀਆਂ ਦੀ ਮੰਗ ਕੀਤੀ ਹੈ। ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਦੇ ਚਾਹਵਾਨ ਉਮੀਦਵਾਰ ਅਧਿਕਾਰਤ ਵੈੱਬਸਾਈਟ ਆਨਲਾਈਨ ਅਰਜੀ ਪ੍ਰਕਿਰਿਆ ਨੂੰ ਪੂਰਾ ਕਰ ਸਕਦੇ ਹਨ। ਇਸ ਦੇ ਲਈ 22 ਮਈ 2024 ਤੋਂ ਰਜਿਸਟ੍ਰੇਸ਼ਨ ਪ੍ਰਕਿਰਿਆ ਸੁਰੂ ਹੋ ਗਈ ਹੈ। ਧਿਆਨ ਵਿਚ ਰੱਖਣ ਵਾਲੀ ਗੱਲ ਇਹ ਹੈ ਕਿ ਰਜਿਸਟ੍ਰੇਸਨ ਫਾਰਮ ਭਰਨ ਦੀ ਆਖਰੀ ਤਾਰੀਖ 21 ਜੂਨ 2024 ਹੈ। ਭਾਰਤੀ ਰੇਲਵੇ ਚੇਨਈ ਦੀ ਇਸ ਭਰਤੀ ਲਈ ਅਪ੍ਰੇਂਟਿਸ ਦੀਆਂ 1010 ਅਸਾਮੀਆਂ ‘ਤੇ ਉਮੀਦਵਾਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਜਿਸ ਵਿਚ ਤਰਖਾਣ, ਇਲੈਕਟ੍ਰੀਸੀਅਨ, ਫਿਟਰ, ਮਸੀਨਿਸਟ, ਪੇਂਟਰ, ਵੈਲਡਰ ਅਤੇ ਹੋਰ ਕਈ ਟਰੇਡਾਂ ਦੀਆਂ ਅਸਾਮੀਆਂ ਵੀ ਸਾਮਲ ਹਨ। ਇਨ੍ਹਾਂ ਸਾਰੀਆਂ ਅਸਾਮੀਆਂ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਅਤੇ ਉਮਰ ਹੱਦ ਸਬੰਧਤ ਅਸਾਮੀਆਂ ਅਨੁਸਾਰ ਹੋਣੀ ਚਾਹੀਦੀ ਹੈ। ਉਮੀਦਵਾਰ ਦੀ ਅਧਿਕਾਰਤ ਵੈੱਬਸਾਈਟ ‘ਤੇ ਜਾ ਕੇ ਰੇਲਵੇ ਅਪ੍ਰੇਂਟਿਸ ਦੀਆਂ ਇਨ੍ਹਾਂ ਅਸਾਮੀਆਂ ਲਈ ਅਰਜੀ ਦੇ ਸਕਦੇ ਹਨ। ਚੇਨਈ ਅਪ੍ਰੇਂਟਿਸ ਦੀ ਇਸ ਭਰਤੀ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਨੂੰ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ 10ਵੀਂ ਪਾਸ ਕਰਨੀ ਚਾਹੀਦੀ ਹੈ।

## ਮੋਹਾਲੀ ਪੁਲਸ ਵਲੋਂ ਜੱਗੂ ਭਗਵਾਨਪੁਰੀਆ ਦਾ ਗੁਰਗਾ ਗ੍ਰਿਫਤਾਰ, ਪਾਕਿ ਤੋਂ ਆਇਆ ਅਸਲ ਵੀ ਕੀਤਾ ਬਰਾਮਦ

ਮੋਹਾਲੀ 5 ਅਗਸਤ। ਜ਼ਿਲ੍ਹਾ ਪੁਲਸ ਵਲੋਂ ਅਨਸਰਾਂ ਖ਼ਿਲਾਫ ਚਲਾਈ ਮੁਹਿੰਮ ਤਹਿਤ 4 ਵਿਦੇਸ਼ੀ ਪਿਸਤੌਲਾਂ, 42 ਜ਼ਿੰਦਾ ਰੌਂਦਾਂ ਅਤੇ ਇੱਕ ਫਾਰਚਿਊਨਰ ਕਾਰ ਸਮੇਤ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਥਾਣਾ ਸਿਟੀ ਖਰੜ ‘ਚ ਦੋਸ਼ੀ ਗੁਰਇਕਬਾਲਮੀਤ ਸਿੰਘ ਉਰਫ ਰੋਬਿਨ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਹਾਸਾਵਾਲਾ, ਜ਼ਿਲ੍ਹਾ ਤਰਨਤਾਰਨ ਲੋੜੀਂਦਾ ਸੀ ਅਤੇ ਭਗੌੜਾ ਚੱਲ ਰਿਹਾ ਸੀ। ਉਸ ਨੂੰ ਟੈਕਨੀਕਲ ਅਤੇ ਹਿਊਮਨ ਸੋਰਸ ਰਾਹੀਂ ਟਰੇਸ ਕਰਕੇ ਰਾਜਸਥਾਨ ਤੋਂ ਕਾਬੂ ਕੀਤਾ ਗਿਆ। ਉਸ ਪਾਸੋਂ ਤਫਤੀਸ਼ ਦੌਰਾਨ ਹੁਣ ਤੱਕ ਪਾਕਿਸਤਾਨ ਬਾਰਡਰ ਤੋਂ ਡਰੋਨ ਰਾਹੀਂ ਆਏ 4 ਵਿਦੇਸ਼ੀ ਪਿਸਤੌਲ, 02 ਮੈਗਜੀਨ,



ਇੱਕ ਏਅਰਟੈਲ ਡੋਂਗਲ ਸਮੇਤ ਸਿੰਮ ਅਤੇ ਇੱਕ ਫਾਰਚਿਊਨਰ ਕਾਰ ਬਰਾਮਦ ਕੀਤੀ ਗਈ ਹੈ। ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਗੁਰਇਕਬਾਲਮੀਤ ਸਿੰਘ ਜਦੋਂ ਜੇਲ੍ਹ ‘ਚ ਬੰਦ ਸੀ, ਉਸ ਸਮੇਂ ਉਹ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਸੰਪਰਕ ‘ਚ ਆ ਗਿਆ ਸੀ। ਇਸ ਤੋਂ ਬਾਅਦ ਦੋਸ਼ੀ ਸਾਲ 2023 ‘ਚ ਜੇਲ੍ਹ ‘ਚੋਂ ਜਮਾਨਤ ‘ਤੇ ਬਾਹਰ ਆ ਗਿਆ ਸੀ ਅਤੇ ਭਗੌੜਾ ਹੋ ਗਿਆ ਸੀ। ਦੋਸ਼ੀ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਜੱਗੂ ਭਗਵਾਨਪੂਰੀਆ ਦੀ ਗੈਂਗ ਨੂੰ ਆਪਰੇਟ ਕਰ ਰਿਹਾ ਸੀ ਅਤੇ ਸੈਕਟਰ-115 ਖਰੜ ‘ਚ ਆਪਣੇ ਸਾਥੀ ਜਗਮੀਤ ਸਿੰਘ ਅਤੇ ਗੁਰਸੇਵਕ ਸਿੰਘ ਨਾਲ ਕਿਰਾਏ ‘ਤੇ ਰਹਿ ਰਿਹਾ ਸੀ। ਇੱਥੇ ਬੈਠ ਕੇ ਉਹ ਮਾਝੇ ਦੇ ਇਲਾਕੇ ‘ਚ ਜੱਗੂ ਭਗਵਾਨਪੂਰੀਆ ਦਾ ਐਕਸਟੋਰਸ਼ਨ ਰੈਕਟ ਚਲਾ ਰਿਹਾ ਸੀ।

## ਖੁਰਾਕ ਸੁਰੱਖਿਆ, ਕਿਸਾਨਾਂ ਦੇ ਮੁੱਦਿਆਂ ਦਾ ਸਥਾਈ ਹੱਲ ਚਾਹੁੰਦੈ ਭਾਰਤ

ਨਵੀਂ ਦਿੱਲੀ 5 ਅਗਸਤ। ਵਿਸਵ ਵਪਾਰ ਸੰਗਠਨ () ਦੀ ਬੈਠਕ ‘ਚ ਭਾਰਤ ਖੁਰਾਕ ਸੁਰੱਖਿਆ ਲਈ ਅਨਾਜ ਦੇ ਜਨਤਕ ਭੰਡਾਰਨ ‘ਤੇ ਜੋਰ ਦੇਵੇਗਾ ਅਤੇ ਮਛੇਰਿਆਂ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਸਥਾਈ ਹੱਲ ਕੱਢੇਗਾ। ਵਿਸਵ ਵਪਾਰ ਸੰਗਠਨ ਦੀ ਮੰਤਰੀ ਪੱਧਰੀ ਬੈਠਕ ਮੰਗਲਵਾਰ ਤੋਂ ਸੁਰੂ ਹੋ ਰਹੀ ਹੈ। ਭਾਰਤ ਮੀਟਿੰਗ ਵਿਚ ਨਿਵੇਸ ਸਹੂਲਤ ਸਮਝੌਤੇ ਲਈ ਚੀਨ ਦੀ ਅਗਵਾਈ ਵਾਲੇ ਪ੍ਰਸਤਾਵ ਦਾ ਵੀ ਸਖਤ ਵਿਰੋਧ ਕਰੇਗਾ। ਭਾਰਤੀ ਵਫਦ ਦੀ ਅਗਵਾਈ ਵਣਜ ਅਤੇ ਉਦਯੋਗ ਮੰਤਰੀ ਪੀਯੂਸ ਗੋਇਲ ਕਰ ਰਹੇ ਹਨ। ਚਾਰ ਰੋਜਾ 13ਵੀਂ ਮੰਤਰੀ ਪੱਧਰੀ ਕਾਨਫਰੰਸ (13) 26 ਫਰਵਰੀ ਨੂੰ ਅਬੂ ਧਾਬੀ, ਸੰਯੁਕਤ ਅਰਬ ਅਮੀਰਾਤ () ਵਿਚ ਸੁਰੂ ਹੋਵੇਗੀ। 164 ਮੈਂਬਰ ਦੇਸਾਂ ਦੇ ਵਪਾਰ ਮੰਤਰੀ ਲਾਲ ਸਾਗਰ ਸੰਕਟ, ਯੂਕਰੇਨ-ਰੂਸ ਯੁੱਧ ਅਤੇ ਇਜਰਾਈਲ-ਹਮਾਸ ਸੰਘਰਸ ਦੇ ਕਾਰਨ ਅਨਿਸਚਿਤ ਵਿਸਵ ਆਰਥਿਕ ਸਥਿਤੀਆਂ ਦੇ ਪਿਛੋਕੜ ਦੇ ਖਿਲਾਫ ਬੈਠਕ ਕਰ ਰਹੇ ਹਨ। ਭਾਰਤ ਮੀਟਿੰਗ ਵਿੱਚ ਆਪਣੇ ਹਿੱਤਾਂ ਦੇ ਮੁੱਦੇ ਪੂਰੀ ਤਾਕਤ ਨਾਲ ਉਠਾਏਗਾ। ਇਨ੍ਹਾਂ ਮੁੱਦਿਆਂ ਵਿੱਚ ਖੁਰਾਕ ਸੁਰੱਖਿਆ, ਖੇਤੀਬਾੜੀ ਸੁਧਾਰ, ਮੱਛੀ ਪਾਲਣ ਸਬਸਿਡੀਆਂ, ਵਿਵਾਦ ਨਿਪਟਾਰਾ ਅਤੇ ਵਿਸਵ ਵਪਾਰ ਸੰਗਠਨ ਸੁਧਾਰ ਸਾਮਲ ਹਨ। ਭਾਰਤ ਖੁਰਾਕ ਸੁਰੱਖਿਆ ਲਈ ਆਪਣੇ ਘੱਟੋ-ਘੱਟ ਸਮਰਥਨ ਮੁੱਲ () ਪ੍ਰੋਗਰਾਮ ਦੇ ਮੁੱਦੇ ਦਾ ਸਥਾਈ ਹੱਲ ਚਾਹੁੰਦਾ ਹੈ। ਪਬਲਿਕ ਸਟੋਰੇਜ () ਪ੍ਰੋਗਰਾਮ ਇਕ ਨੀਤੀਗਤ ਪਹਿਲਕਦਮੀ ਹੈ, ਜਿਸ ਦੇ ਤਹਿਤ ਸਰਕਾਰ ਕਿਸਾਨਾਂ ਤੋਂ ਚੌਲ ਅਤੇ ਕਣਕ ਵਰਗੀਆਂ ਫਸਲਾਂ ਨੂੰ ‘ਤੇ ਖਰੀਦਦੀ ਹੈ ਅਤੇ ਗਰੀਬਾਂ ਨੂੰ ਅਨਾਜ ਵੰਡਦੀ ਹੈ। ਦੂਜੇ ਪਾਸੇ ਖੇਤੀਬਾੜੀ ‘ਤੇ ਸਮਝੌਤਾ ਘੱਟੋ-ਘੱਟ ਸਮਰਥਨ ਮੁੱਲ ‘ਤੇ ਅਨਾਜ ਖਰੀਦਣ ਦੀ ਸਰਕਾਰ ਦੀ ਸਮਰੱਥਾ ਨੂੰ ਸੀਮਤ ਕਰਦਾ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਨੇ ਖੁਰਾਕ ਸਬਸਿਡੀ ਸੀਮਾ ਦੀ ਗਣਨਾ ਕਰਨ ਲਈ ਵਰਤੇ ਜਾਂਦੇ ਫਾਰਮੂਲੇ ਵਿਚ ਸੋਧ ਵਰਗੇ ਉਪਾਅ ਕਰਨ ਲਈ ਕਿਹਾ ਹੈ।

## ਸੈਲਫੀ ਲੈਣਾ ਪਿਆ ਮਹਿੰਗਾ, 60 ਮੀਟਰ ਡੂੰਘੀ ਖੱਡ ‘ਚ ਡਿੱਗੀ ਔਰਤ

ਨੈਸਨਲ ਡੈਸਕ 5 ਅਗਸਤ। ਅੱਜਕਲ ਨੌਜਵਾਨਾਂ ‘ਚ ਸੈਲਫੀ ਦਾ ਬੁਖਾਰ ਪ੍ਰਚਲਿਤ ਹੈ। ਸੈਲਫੀ ਲੈਂਦੇ ਸਮੇਂ ਕਈ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ, ਇਨ੍ਹਾਂ ਨਾਲ ਜੁੜੀਆਂ ਕਈ ਵੀਡੀਓਜ ਸੋਸਲ ਮੀਡੀਆ ‘ਤੇ ਭਰੀਆਂ ਰਹਿੰਦੀਆਂ ਹਨ। ਤਾਜਾ ਮਾਮਲਾ ਮਹਾਰਾਸਟਰ ਦੇ ਬੋਰਾਨੇ ਘਾਟ ਤੋਂ ਸਾਹਮਣੇ ਆਇਆ ਹੈ, ਜਿੱਥੇ ਸੈਲਫੀ ਲੈਂਦੇ ਸਮੇਂ 29 ਸਾਲਾ ਲੜਕੀ ਡੂੰਘੀ ਖਾਈ ‘ਚ ਡਿੱਗ ਗਈ। ਹੋਮ ਗਾਰਡ ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਉਸ ਨੂੰ ਬਚਾਇਆ ਗਿਆ। ਘਟਨਾ ਦੇ ਸਮੇਂ ਤੇਜ ਮੀਂਹ ਪੈ ਰਿਹਾ ਸੀ, ਜਿਸ ਕਾਰਨ ਠੋਠਘਰ ਸਮੇਤ ਕਈ ਝਰਨੇ ਉਫਾਨ ‘ਤੇ ਹਨ। ਸਨੀਵਾਰ ਨੂੰ ਪੁਣੇ ਤੋਂ ਇਕ ਜੋੜਾ ਬੋਰਾਨੇ ਘਾਟ ‘ਤੇ ਥੋਨੇਘਰ ਫਾਲਸ ਦੇਖਣ ਆਇਆ ਸੀ। ਫਿਰ ਸੈਲਫੀ ਲੈਂਦੇ ਸਮੇਂ ਪੁਣੇ ਦੇ ਵਾਰਜੇ ਦੀ ਰਹਿਣ ਵਾਲੀ 29 ਸਾਲਾ ਨਸਰੀਨ ਆਮਿਰ ਕੁਰੈਸੀ ਤਿਲਕ ਕੇ 60 ਫੁੱਟ ਡੂੰਘੀ ਖੱਡ ‘ਚ ਜਾ ਡਿੱਗੀ। ਨਸਰੀਨ ਨੂੰ ਖੱਡ ਵਿੱਚੋਂ ਬਾਹਰ ਕੱਢ ਲਿਆ ਗਿਆ ਅਤੇ ਤੁਰੰਤ ਇਲਾਜ ਲਈ ਸਤਾਰਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਕਾਫੀ ਨਾਜੁਕ ਬਣੀ ਹੋਈ ਹੈ ਇਹ ਘਟਨਾ ਸਤਾਰਾ ਜ਼ਿਲ੍ਹੇ ‘ਚ ਭਾਰੀ ਮੀਂਹ ਤੋਂ ਬਾਅਦ ਹੋਈ। ਜ਼ਿਲ੍ਹਾ ਕੁਲੈਕਟਰ ਜਤਿੰਦਰ ਡੂਡੀ ਨੇ ਅਜਿਹੇ ਹਾਦਸਿਆਂ ਨੂੰ ਰੋਕਣ ਲਈ 2 ਤੋਂ 5 ਅਗਸਤ ਤੱਕ ਸੈਰ-ਸਪਾਟਾ ਸਥਾਨਾਂ ਅਤੇ ਝਰਨੇ ਬੰਦ ਰੱਖਣ ਦੇ ਹੁਕਮ ਦਿੱਤੇ ਹਨ। ਹਾਲਾਂਕਿ, ਇਹਨਾਂ ਕੁਦਰਤੀ ਸਥਾਨਾਂ ਦਾ ਆਕਰਸਣ ਸੈਲਾਨੀਆਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ, ਜਿਨ੍ਹਾਂ ਵਿੱਚੋਂ ਕੁਝ ਅਜਿਹਾ ਕਰਨ ਲਈ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾ ਰਹੇ ਹਨ। ਇਸ ਘਟਨਾ ਦਾ ਇੱਕ ਵੀਡੀਓ ਵੀ ਸੋਸਲ ਮੀਡੀਆ ‘ਤੇ ਵਾਇਰਲ ਹੋ ਰਿਹਾ ਹੈ। ਇਸ ‘ਚ ਤੁਸੀਂ ਦੇਖ ਸਕਦੇ ਹੋ ਕਿ ਸੈਲਫੀ ਲੈਣ ਦੀ ਕੋਸ਼ਿਸ਼ ਕਰਦੇ ਹੋਏ ਨਸਰੀਨ ਖਾਈ ‘ਚ ਡਿੱਗਦੀ ਨਜਰ ਆ ਰਹੀ ਹੈ।

# ਮੰਦੀ ਦੀ ਲਪੇਟ ‘ਚ ਚੀਨ, ਆਪਣੇ ਸਿਖਰ ‘ਤੇ ਪੁੱਜੀ ਬੇਰੁਜਗਾਰੀ, ਲੋਕਾਂ ਨੂੰ ਨਹੀਂ ਮਿਲ ਰਹੀਆਂ ਨੌਕਰੀਆਂ

ਬਿਜਨੈੱਸ ਡੈਸਕ 5 ਅਗਸਤ। ਚੀਨ ਲੰਬੇ ਸਮੇਂ ਤੋਂ ਵਿਸਵ ਵਿਕਾਸ ਦਾ ਇੰਜਣ ਰਿਹਾ ਹੈ। ਦੁਨੀਆ ਦੀ ਇਸ ਸਭ ਤੋਂ ਵੱਡੀ ਅਰਥਵਿਵਸਥਾ ਨੂੰ ਦੁਨੀਆ ਦੀ ਫੈਕਟਰੀ ਕਿਹਾ ਜਾਂਦਾ ਹੈ ਪਰ ਹੁਣ ਚੀਨ ਦੀ ਹਾਲਤ ਬਹੁਤ ਖਰਾਬ ਹੈ। ਚੀਨ ਦੀ ਅਰਥਵਿਵਸਥਾ ‘ਚ ਆਈ ਮੰਦੀ ਨੇ ਗਲੋਬਲ ਨੇਤਾਵਾਂ ਅਤੇ ਨਿਵੇਸਕਾਂ ਨੂੰ ਚਿੰਤਤ ਕਰ ਦਿੱਤਾ ਹੈ। ਚੀਨ ਦੇ ਸੇਅਰ ਬਾਜਾਰ ‘ਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਵਿਦੇਸੀ ਕੰਪਨੀਆਂ ਆਪਣੇ ਕਾਰੋਬਾਰ ਬੰਦ ਕਰਕੇ ਚੀਨ ਤੋਂ ਭੱਜ ਰਹੀਆਂ ਹਨ। ਵਿਦੇਸੀ ਨਿਵੇਸਕਾਂ ਨੇ ਵੀ ਹੱਥ ਪਿੱਛੇ ਖਿੱਚ ਲਏ ਹਨ। ਜਦੋਂ ਕੋਰੋਨਾ ਪੀਰੀਅਡ ਤੋਂ ਬਾਅਦ ਲੌਕਡਾਊਨ ਹਟਾਇਆ ਗਿਆ ਤਾਂ ਚੀਨ ਵਿੱਚ ਰੀਅਲ ਅਸਟੇਟ ਸੰਕਟ ਹੋਰ ਡੂੰਘਾ ਹੋ ਗਿਆ। ਉਥੋਂ ਦੇ ਲੋਕ ਬੇਰੁਜਗਾਰੀ ਅਤੇ ਮਹਿੰਗਾਈ ਨਾਲ ਜੂਝ ਰਹੇ ਹਨ। ਲੋਕ ਰੁਜਗਾਰ ਲਈ ਘਰ-ਘਰ ਭਟਕ ਰਹੇ ਹਨ। ਹੁਣ ਚੀਨ ਵਿੱਚ ਬੇਰੁਜਗਾਰਾਂ ਦੀ ਫੌਜ ਵਧ ਰਹੀ ਹੈ। ਚੀਨ ਦੇ ਆਰਥਿਕ ਹਾਲਤ ਤੇਜੀ ਨਾਲ ਖਰਾਬ ਹੋ ਰਹੀ ਹੈ। ਚੀਨ ਆਰਥਿਕ ਮੰਦੀ ਵਿਚ ਫਸਦਾ ਜਾ ਰਿਹਾ ਹੈ। ਚੀਨ ਦੀ



ਅਰਥਵਿਵਸਥਾ ‘ਤੇ ਇਸ ਦਾ ਹੁਣ ਅਸਰ ਦਿਖਾਈ ਦੇ ਰਿਹਾ ਹੈ। ਚੀਨ ਵਿਚ ਮਜਦੂਰਾਂ ਦੇ ਵਿਰੋਧ ਪ੍ਰਦਰਸ਼ਨ ਤੇਜੀ ਨਾਲ ਵੱਧ ਰਹੇ ਹਨ। ਖਾਸ ਕਰਕੇ ਚੰਦਰ ਨਵੇਂ ਸਾਲ ਤੋਂ ਪਹਿਲਾਂ ਜੋ ਪਿਛਲੇ ਹਫਤੇ ਦੇਰ ਨਾਲ ਸੁਰੂ ਹੋਇਆ ਸੀ। ਮੀਡੀਆ ਰਿਪੋਰਟਾਂ ਦੇ ਅਨੁਸਾਰ ਨਿਊਯਾਰਕ ਸਥਿਤ ਅੰਤਰਰਾਸ਼ਟਰੀ ਅਧਿਕਾਰ ਸਮੂਹ ਫ੍ਰੀਡਮ ਹਾਊਸ ਦੇ ਚੀਨ ਵਿਚ ਵਿਰੋਧ ਪ੍ਰਦਰਸ਼ਨਾਂ ‘ਤੇ ਨਜਰ ਰੱਖਣ ਵਾਲੇ ਚਾਈਨਾ ਅਸਹਿਮਤੀ ਮਾਨੀਟਰ ਦੁਆਰਾ ਇਕੱਠੇ ਕੀਤੇ ਗਏ ਅੰਕੜਿਆ ਦੇ ਅਨੁਸਾਰ 2022 ਦੀ ਇਸੇ ਮਿਆਦ ਦੇ ਮੁਕਾਬਲੇ ਵਿਚ 2023 ਦੀ ਚੌਥੀ ਤਿਮਾਹੀ ਵਿਚ ਮਜਦੂਰਾਂ ਦਾ ਵਿਰੋਧ ਤਿੰਨ ਗੁਣਾ ਤੋਂ ਜ਼ਿਆਦਾ ਵੱਧ ਗਿਆ। ਮਜਦੂਰਾਂ ਦੇ ਵਿਰੋਧ ਨੂੰ ਅਕਸਰ ਉਜਰਤ ਵਿਵਾਦਾਂ ਅਤੇ ਪੇਸੇਵਾਰ ਸੁਰੱਖਿਆ ਨਾਲ ਜੋੜਿਆ ਜਾਂਦਾ ਹੈ। ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਨੂੰ ਵੀ ਕਈ ਮੋਰਚਿਆਂ ‘ਤੇ ਸੰਘਰਸ ਕਰਨਾ ਪੈ ਰਿਹਾ ਹੈ। ਦੇਸ ‘ਚ ਬੇਰੁਜਗਾਰੀ ਸਿਖਰ ‘ਤੇ ਹੈ, ਲੋਕ ਖਰਚ ਕਰਨ ਦੀ ਬਜਾਏ ਬੱਚਤ ਕਰਨ ‘ਚ ਲੱਗੇ ਹੋਏ ਹਨ। ਰੀਅਲ ਅਸਟੇਟ ਡੂੰਘੀ ਮੁਸੀਬਤ ਵਿੱਚ ਹੈ। ਵਿਦੇਸੀ ਕੰਪਨੀਆਂ ਅਤੇ ਨਿਵੇਸਕ ਆਪਣਾ ਝੋਲਾ ਭਰ ਰਹੇ ਹਨ। ਨਿਵੇਸਕਾਂ ਦਾ ਹੁਣ ਚੀਨ ਤੋਂ ਮੋਹ ਭੰਗ ਹੋ ਰਿਹਾ ਹੈ, ਜੋ ਲਗਭਗ ਦੋ ਦਹਾਕਿਆਂ ਤੋਂ ਵਿਸਵ ਦਾ ਵਿਕਾਸ ਇੰਜਣ ਸੀ। ਆਉਣ ਵਾਲੇ ਸਾਲਾਂ ਵਿੱਚ ਚੀਨ ਦੀ ਆਰਥਿਕਤਾ ਵਿੱਚ ਲਗਾਤਾਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਰੀਅਲ ਅਸਟੇਟ ਸੰਕਟ ਚੀਨ ਦੀ ਪੂਰੀ ਅਰਥਵਿਵਸਥਾ ਨੂੰ ਡੁੱਬ ਸਕਦਾ ਹੈ। ਚੀਨ ਦੇ ਜੀਡੀਪੀ ਵਿੱਚ ਰੀਅਲ ਅਸਟੇਟ ਦਾ ਯੋਗਦਾਨ ਲਗਭਗ 30 ਫੀਸਦੀ ਹੈ। ਇਸ ਸੰਕਟ ਦਾ ਅਸਰ ਹੁਣ ਬੈਂਕਿੰਗ ਸੈਕਟਰ ‘ਤੇ ਵੀ ਦਿਖਾਈ ਦੇ ਰਿਹਾ ਹੈ।

## ਕੰਪਨੀ ਤੋਂ ਹਟਾਏ ਗਏ ਸੰਸਥਾਪਕ ਬਾਇਜੂ ਰਵਿੰਦਰਨ, ਸੇਅਰਧਾਰਕਾਂ ਨੇ ਲਿਆ ਫੈਸਲਾ

ਨਵੀਂ ਦਿੱਲੀ 5 ਅਗਸਤ। ਕਰਜੇ ਦੇ ਬੋਝ ਹੇਠ ਦੱਬੀ ਐਡਟੈੱਕ ਕੰਪਨੀ ਬਾਇਜੂ ਤੋਂ ਆਖਿਰਕਾਰ ਦੇ ਸੰਸਥਾਪਕ ਅਤੇ ਸੀ. ਈ. ਓ. ਬਾਇਜੂ ਰਵਿੰਦਰਨ ਨੂੰ ਹਟਾ ਦਿੱਤਾ ਗਿਆ ਹੈ। ਕੰਪਨੀ ਦੇ ਸੇਅਰਧਾਰਕਾਂ ਨੇ ਬਾਇਜੂ ਰਵਿੰਦਰਨ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਬਾਹਰ ਦਾ ਰਸਤਾ ਵਿਖਾ ਦਿੱਤਾ। ਬਾਇਜੂ ਰਵਿੰਦਰਨ ਦੇ ਪਰਿਵਾਰ ਨੇ ਇਸ ਵੋਟਿੰਗ ਨੂੰ ਗੈਰ-ਕਾਨੂੰਨੀ ਦੱਸਿਆ ਹੈ। ਬਾਇਜੂ ਦੀ ਪੇਰੈਂਟ ਕੰਪਨੀ ਥਿੰਕ ਐਂਡ ਲਰਨ ਪ੍ਰਾਈਵੇਟ ਲਿਮਟਿਡ ਦੇ ਸੇਅਰਧਾਰਕਾਂ ਦੀ ਪ੍ਰਕਿਰਿਆ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਬਾਇਜੂ ਰਵਿੰਦਰਨ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕੰਪਨੀ ਨੂੰ ਗਲਤ ਤਰੀਕੇ ਨਾਲ ਚਲਾਉਣ ਕਾਰਨ ਹਟਾਇਆ ਗਿਆ ਹੈ। ਇਹ ਫੈਸਲਾ ਕੰਪਨੀ ਦੀ ਈ. ਜੀ. ਐੱਮ. ’ਚ ਲਿਆ ਗਿਆ। ਬਾਇਜੂ ਰਵਿੰਦਰਨ ਅਤੇ ਉਨ੍ਹਾਂ ਦਾ ਪਰਿਵਾਰ ਇਸ ਮੀਟਿੰਗ ’ਚ ਸਾਮਲ ਨਹੀਂ ਹੋਇਆ ਸੀ। ਉਨ੍ਹਾਂ ਨੇ ਈ. ਜੀ. ਐੱਮ. ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਬਾਇਜੂ ਦੀਆਂ ਮੁਸਕਿਲਾਂ ਵਧਦੀਆਂ ਜਾ ਰਹੀਆਂ ਹਨ। ਕੰਪਨੀ ਦੇ 4 ਨਿਵੇਸਕਾਂ ਦਾ ਇਕ ਸਮੂਹ ਅੱਜ ਨੈਸਨਲ ਕੰਪਨੀ ਲਾਅ ਟ੍ਰਿਬਿਊਨਲ (ਐੱਨ. ਸੀ. ਐੱਲ. ਟੀ.) ਪਹੁੰਚ ਗਿਆ। ਉਨ੍ਹਾਂ ਨੇ ਐੱਨ. ਸੀ. ਐੱਲ. ਟੀ. ਦੀ ਬੈਂਗਲੁਰੂ ਬੈਂਚ ’ਚ ਇਕ ਪਟੀਸਨ ਦਾਖਲ ਕਰ ਕੇ ਕਿਹਾ ਗਿਆ ਸੀ ਕਿ ਮੈਨੇਜਮੈਂਟ ਕੰਪਨੀ ਚਲਾਉਣ ਦੇ ਯੋਗ ਨਹੀਂ ਹੈ। ਨਿਵੇਸਕ ਕੰਪਨੀ ਦੇ ਸੰਸਥਾਪਕ ਬਾਇਜੂ ਰਵਿੰਦਰਨ ਨੂੰ ਸੀ. ਈ. ਓ. ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਕੰਪਨੀ ਦੇ ਬੋਰਡ ’ਚ ਬੁਨਿਆਦੀ ਬਦਲਾਅ ਕੀਤੇ ਜਾਣੇ ਚਾਹੀਦੇ ਹਨ। ਬਾਇਜੂ ਦੀ ਪੇਰੈਂਟ ਕੰਪਨੀ ਥਿੰਕ ਐਂਡ ਲਰਨ ਦੇ ਬੋਰਡ ’ਚ ਰਵਿੰਦਰਨ, ਉਨ੍ਹਾਂ ਦੀ ਪਤਨੀ ਦਿਵਿਆ ਗੋਕੁਲਨਾਥ ਅਤੇ ਭਰਾ ਰੀਜੂ ਰਵਿੰਦਰਨ ਮੈਂਬਰ ਹਨ। ਇਸ ਬਾਰੇ ਬਾਇਜੂ ਦੇ ਬੁਲਾਰੇ ਨੇ ਦੱਸਿਆ ਕਿ ਕੰਪਨੀ ਨੂੰ ਇਸ ਬਾਰੇ ਕੋਈ ਸੂਚਨਾ ਨਹੀਂ ਮਿਲੀ ਹੈ। ਸੂਤਰਾਂ ਅਨੁਸਾਰ ਨਿਵੇਸਕਾਂ ਨੇ ਆਪਣੀ ਪਟੀਸਨ ’ਚ ਮੰਗ ਕੀਤੀ ਹੈ ਕਿ ਕੰਪਨੀ ਦੇ ਮੌਜੂਦਾ ਪ੍ਰਬੰਧਨ ਨੂੰ ਕੰਪਨੀ ਚਲਾਉਣ ਲਈ ਅਯੋਗ ਕਰਾਰ ਦਿੱਤਾ ਜਾਵੇ। ਇਸ ਦੇ ਸੀ. ਈ. ਓ ਅਤੇ ਬੋਰਡ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ।

# 830 ਗ੍ਰਾਮ ਹੈਰੋਇਨ ਸਮੇਤ 4 ਨਸ਼ਾ ਸਮੱਗਲਰ ਗ੍ਰਿਫਤਾਰ, 2 ਮੋਟਰਸਾਈਕਲ ਬਰਾਮਦ

ਜਲੰਧਰ 5 ਅਗਸਤ। ਸਪੈਸ਼ਲ ਟਾਸਕ ਫੋਰਸ (ਐੱਸ. ਟੀ. ਐੱਫ.) ਜਲੰਧਰ ਰੇਂਜ ਦੀ ਟੀਮ ਨੇ 830 ਗ੍ਰਾਮ ਹੈਰੋਇਨ ਸਮੇਤ ਅੰਮ੍ਰਿਤਸਰ ਜ਼ਿਲ੍ਹੇ ਦੇ ਰਹਿਣ ਵਾਲੇ 4 ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸ. ਟੀ. ਐੱਫ. ਦੇ ਏ. ਆਈ. ਜੀ. ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਡੀ. ਐੱਸ. ਪੀ. ਯੋਗੇਸ਼ ਕੁਮਾਰ ਦੀ ਅਗਵਾਈ ਵਿਚ ਇੰਸ. ਨਰਿੰਦਰ ਕੁਮਾਰ ਅਤੇ ਇੰਸ. ਹਰਦੀਪ ਸਿੰਘ ਵੱਲੋਂ ਆਪਣੀ ਟੀਮ ਦੇ ਸਹਿਯੋਗ ਨਾਲ ਕਾਬੂ ਕੀਤੇ ਗਏ ਉਕਤ ਹੈਰੋਇਨ ਸਮੱਗਲਰਾਂ ਦੀ ਪਛਾਣ ਦੀਪਕ ਹੰਸ ਪੁੱਤਰ ਬਿੰਦਰ ਹੰਸ ਨਿਵਾਸੀ ਗਲੀ ਨੰਬਰ 13, ਚੁੰਗੀ ਮੰਦਰ (ਚੁੰਗੀ ਬਾਜਾਰ) ਸੁਲਤਾਨਵਿੰਡ ਰੋਡ ਥਾਣਾ ਬੀ-ਡਿਵੀਜਨ ਅੰਮ੍ਰਿਤਸਰ, ਹਿੰਮਤ ਕੁਮਾਰ ਉਰਫ ਛੋਟੂ ਪੁੱਤਰ ਸ਼ਿੰਗਾਰਾ ਰਾਮ ਨਿਵਾਸੀ ਡਿਊਟੀ ਐਨਕਲੇਵ ਕਾਲੋਨੀ ਰਾਮ ਤੀਰਥ ਰੋਡ ਪਿੰਡ ਮਾਹਲਾਂ ਥਾਣਾ ਕੰਬੋਅ ਜ਼ਿਲ੍ਹਾ ਅੰਮ੍ਰਿਤਸਰ, ਬਖਸ਼ੀਸ਼ ਸਿੰਘ ਪੁੱਤਰ ਬਲਦੇਵ ਸਿੰਘ ਨਿਵਾਸੀ ਮੁਹੱਲਾ ਅੰਨਗੜ੍ਹ, ਗਲੀ ਨੰਬਰ 11, ਥਾਣਾ ਗੇਟ ਹਕੀਮਾਂ ਅੰਮ੍ਰਿਤਸਰ ਅਤੇ ਜਗੀਰ ਸਿੰਘ ਉਰਫ ਲਾਡਾ ਪੁੱਤਰ ਮੁਖਤਿਆਰ ਸਿੰਘ ਨਿਵਾਸੀ ਮੁਹੱਲਾ ਡੈਮਗੰਜ, ਮੇਨ ਬਾਜਾਰ ਅੰਮ੍ਰਿਤਸਰ ਵਜੋਂ ਹੋਈ ਹੈ। ਏ. ਆਈ. ਜੀ. ਸਰੋਆ ਨੇ ਦੱਸਿਆ ਕਿ ਦੀਪਕ ਹੰਸ ਤੋਂ 265 ਗ੍ਰਾਮ, ਛੋਟੂ ਤੋਂ 35 ਗ੍ਰਾਮ, ਬਖਸ਼ੀਸ਼ ਸਿੰਘ ਤੋਂ 270 ਗ੍ਰਾਮ ਅਤੇ ਜਗੀਰਾਂ ਸੰਘ ਲਾਡਾ ਤੋਂ 260 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਸਾਰੇ ਨਸ਼ਾ ਸਮੱਗਲਰ ਕਿਸੇ ਨੂੰ ਹੈਰੋਇਨ ਸਪਲਾਈ ਕਰਨ ਜਾ ਰਹੇ ਸਨ ਪਰ ਐੱਸ. ਟੀ. ਐੱਫ. ਦੀਆਂ ਟੀਮਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਮੰਜ਼ਿਲ ਤੋਂ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਕਾਬੂ ਕਰ ਲਿਆ। ਕਚਹਿਰੀ ਚੌਕ ਤੋਂ ਖਾਸਾ ਰੋਡ ’ਤੇ ਪੁਤਲੀਘਰ ਨੂੰ ਜਾਂਦੇ ਲਿੰਕ ਰੋਡ ਤੋਂ ਕਾਬੂ ਕੀਤੇ ਗਏ ਦੀਪਕ ਅਤੇ ਛੋਟੂ ਮੋਟਰਸਾਈਕਲ ਨੰਬਰ ਪੀ ਬੀ 02 ਸੀ ਕੇ-9194 ਅਤੇ ਝਬਾਲ ਰੋਡ ਸਤਨਾਮ ਨਗਰ ਨੂੰ ਜਾਂਦੇ ਰਸਤੇ ਤੋਂ ਕਾਬੂ ਕੀਤੇ ਗਏ ਬਖਸ਼ੀਸ਼ ਸਿੰਘ ਅਤੇ ਲਾਡਾ ਬਿਨਾਂ ਨੰਬਰੀ ਸਪਲੈਂਡਰ ਪਲੱਸ ਮੋਟਰਸਾਈਕਲ ’ਤੇ ਸਵਾਰ ਸਨ। ਦੋਵੇਂ ਬਾਈਕ ਵੀ ਐੱਸ. ਟੀ. ਐੱਫ. ਨੇ ਆਪਣੇ ਕਬਜੇ ਵਿਚ ਲੈ ਲਏ ਹਨ। ਚਾਰਾਂ ਮੁਲਜਮਾਂ ਖ਼ਿਲਾਫ ਥਾਣਾ ਐੱਸ. ਟੀ. ਐੱਫ. ਮੋਹਾਲੀ ਵਿਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਹੈ।



## ਸੁਖਨਾ ਝੀਲ ’ਚ ਸ਼ੱਕੀ ਹਾਲਾਤ ’ਚ ਮਿਲੀਆਂ ਮਰੀਆਂ ਹੋਈਆਂ ਮੱਛੀਆਂ

ਚੰਡੀਗੜ੍ਹ 5 ਅਗਸਤ। ਸੁਖਨਾ ਝੀਲ ’ਚ ਸ਼ੱਕੀ ਹਾਲਾਤ ’ਚ ਮੱਛੀਆਂ ਮਰੀਆਂ ਪਾਈਆਂ ਗਈਆਂ ਹਨ, ਜਿਨ੍ਹਾਂ ਦੇ ਸੈਂਪਲ ਲੈ ਕੇ ਲੈਬਾਰਟਰੀ ’ਚ ਭੇਜ ਦਿੱਤੇ ਗਏ ਹਨ। ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਮੱਛੀਆਂ ਦੀ ਮੌਤ ਦਾ ਕਾਰਨ ਕੀ ਹੈ। ਸਾਰੀਆਂ ਮਰੀਆਂ ਮੱਛੀਆਂ ਰੈਗੂਲੇਟਰੀ ਐਂਡ ਦੇ ਨੇੜੇ ਪਾਈਆਂ ਗਈਆਂ ਹਨ, ਜਿਸ ਦੀ ਪੁਸ਼ਟੀ ਪਸ਼ੂ ਅਤੇ ਮੱਛੀ ਪਾਲਣ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਡਾ. ਕੰਵਲਜੀਤ ਸਿੰਘ ਨੇ ਵੀ ਕੀਤੀ ਹੈ। ਅਧਿਕਾਰੀ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਇਹ ਮੱਛੀਆਂ ਸੁਖਨਾ ਦੀਆਂ ਹਨ ਜਾਂ ਬਾਹਰੋਂ ਇੱਥੇ ਲਿਆਂਦੀਆਂ ਗਈਆਂ ਹਨ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਰਾਤ ਸਮੇਂ ਕੁੱਝ ਸ਼ਰਾਰਤੀ ਅਨਸਰਾਂ ਨੇ ਬਾਹਰੋਂ ਲਿਆਂਦੀਆਂ ਮੱਛੀਆਂ ਨੂੰ ਪਾਣੀ ਵਿਚ ਸੁੱਟ ਦਿੱਤਾ, ਜੋ ਕਿ ਅੱਤ ਦੀ ਠੰਡ ਕਾਰਨ ਮਰ ਗਈਆਂ ਹੋਣਗੀਆਂ। ਮੱਛੀ ਪਾਲਣ ਵਿਭਾਗ ਇਸ ਪੂਰੇ ਮਾਮਲੇ ’ਤੇ ਨਜ਼ਰ ਰੱਖ ਰਿਹਾ ਹੈ। ਜਦੋਂ ਤੋਂ ਇਹ ਮੱਛੀਆਂ ਪਾਈਆਂ ਗਈਆਂ ਹਨ, ਦੇਰ ਸ਼ਾਮ ਤੱਕ ਕੋਈ ਹੋਰ ਮਰੀ ਹੋਈ ਮੱਛੀ ਨਹੀਂ ਮਿਲੀ ਹੈ, ਜਿਸ ਤੋਂ ਬਾਅਦ ਵਿਭਾਗ ਨੇ ਫਿਲਹਾਲ ਮੱਛੀਆਂ ਵਿਚ ਕੋਈ ਬਿਮਾਰੀ ਫੈਲਣ ਤੋਂ ਇਨਕਾਰ ਕੀਤਾ ਹੈ। ਡਾ.ਕੰਵਲਜੀਤ ਸਿੰਘ ਅਨੁਸਾਰ 7 ਮਰੀਆਂ ਹੋਈਆਂ ਮੱਛੀਆਂ ਦੇ ਸੈਂਪਲ ਜਾਂਚ ਲਈ ਪੰਜਾਬ ਯੂਨੀਵਰਸਿਟੀ ਦੇ ਜੀਓਲਾਜ਼ੀ ਵਿਭਾਗ ਨੂੰ ਭੇਜੇ ਗਏ ਹਨ, ਜਿੱਥੋਂ 2 ਦਿਨਾਂ ਦੇ ਅੰਦਰ ਰਿਪੋਰਟ ਆਉਣ ਦੀ ਸੰਭਾਵਨਾ ਹੈ ਜਿਸ ’ਚ ਇਨ੍ਹਾਂ ਦੀ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕੇਗਾ। ਅਧਿਕਾਰੀਆਂ ਨੇ ਦੋ ਸਾਲ ਪਹਿਲਾਂ ਵੀ ਇਸੇ ਤਰ੍ਹਾਂ ਦੀਆਂ ਮੱਛੀਆਂ ਮਰੀਆਂ ਮਿਲੀਆਂ ਸਨ


**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਸੀ.ਐੱਚ.ਸੀ. ਸਾਹਨੇਵਾਲ ਨੂੰ ਏ.ਸੀ ਕੀਤਾ ਭੇਂਟ




**ਸਾਹਨੇਵਾਲ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਸੀਨੀਅਰ ਮੈਡੀਕਲ ਅਫਸਰ ਡਾ. ਰਮੇਸ਼ ਕੁਮਾਰ ਦੀ ਯੋਗ ਅਗਵਾਈ 'ਚ ਸੀ.ਐੱਸ.ਸੀ. ਸਾਹਨੇਵਾਲ ਵਿਖੇ ਜਿੱਥੇ ਸਰਕਾਰ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਲੁਧਿਆਣਾ ਜਸਵੀਰ ਸਿੰਘ ਔਲਖ ਦੇ ਨਿਰਦੇਸ਼ਾਂ ਤਹਿਤ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ,ਉੱਥੇ ਹੀ ਉਹਨਾਂ ਵੱਲੋਂ ਇਹ ਸੰਸਥਾ ਦੀ ਨੁਹਾਰ ਨੂੰ ਬਦਲਣ ਲਈ ਅਤੇ ਮਰੀਜ਼ਾਂ ਦੀ ਬਿਹਤਰੀ ਲਈ ਹਰ ਸੰਭਵ ਯਤਨ ਲਗਾਤਾਰ ਕੀਤੇ ਜਾ ਰਹੇ ਹਨ। ਸਿਹਤ ਵਿਭਾਗ ਦੀ ਟੀਮ ਵੱਲੋਂ ਏਰੀਏ ਦੇ ਵੱਖ-ਵੱਖ ਇੰਡਸਟਰੀਲਿਸਟ ਨਾਲ ਮਿਲ ਕੇ ਇਸ ਸੰਸਥਾ ਦੇ ਦਿੱਖ ਨੂੰ ਹੋਰ ਵਧੀਆ ਬਣਾਉਣ ਲਈ ਅਤੇ ਮਰੀਜ਼ਾਂ ਦੀ ਬੇਹਤਰੀ ਲਈ ਮੀਟਿੰਗਾਂ ਵੀ ਕੀਤੀਆਂ ਜਾਂਦੀਆਂ ਹਨ।ਉਸੇ ਕੜੀ ਨੂੰ ਅੱਗੇ ਵਧਾਉਂਦੇ ਹੋਏ ਐੱਸ.ਐੱਮ.ਓ. ਡਾ. ਰਮੇਸ਼ ਕੁਮਾਰ ਦੇ ਯਤਨਾ ਸਦਕਾ ਪੱਦਾਰ ਟਾਇਰ ਲਿਮਿਟਡ ਜੁਗਿਆਣਾ ਦੇ ਡਾਇਰੈਕਟਰ ਅਰੁਣ ਪੁਦਾਰ ਨੇ ਸੰਸਥਾ ਲਈ ਸਪਲਿਟ ਏ.ਸੀ ਭੇਂਟ ਕੀਤਾ ਹੈ।ਐੱਸ.ਐੱਮ.ਓ. ਡਾ. ਰਮੇਸ਼ ਕੁਮਾਰ ਨੇ ਪੁਦਾਰ ਟਾਇਰ ਲਿਮਿਟਡ ਦੇ ਡਾਇਰੈਕਟਰ ਅਤੇ ਉਨਾਂ ਦੇ ਮੈਨੇਜਰ ਕਿਸ਼ੋਰ ਕੁਮਾਰ ਤੋਂ ਇਲਾਵਾ ਡਾ. ਗੁਰਜੀਤ ਸਿੰਘ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਹੋਰ ਮਦਦ ਕਰਨ ਲਈ ਵਿਸ਼ਵਾਸ ਜਿਤਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀ.ਈ.ਈ. ਜਸਵੀਰ ਸਿੰਘ ਖੰਨਾ ਸਮੇਤ ਹੋਰ ਹਾਜ਼ਰ ਸਨ।

# ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਵੰਡੇ ਬੂਟੇ



**ਧੂਰੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਪਬਲਿਕ ਪਾਵਰ ਮਿਸ਼ਨ ਅਤੇ ਟਰੈਫ਼ਿਕ ਪੁਲਸ ਵੱਲੋਂ ਸਾਂਝਾ ਟਰੈਫ਼ਿਕ ਜਾਗਰੂਕਤਾ ਅਭਿਆਨ ਚਲਾਉਂਦੇ ਹੋਏ ਸਥਾਨਕ ਸੰਗਰੂਰ ਬਾਈਪਾਸ 'ਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਦੌਰਾਨ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਨੂੰ ਬੂਟੇ ਵੀ ਦਿੱਤੇ ਗਏ ਅਤੇ ਉਨ੍ਹਾਂ ਬੂਟੇ ਲਾਕੇ ਉਸਦੀ ਸਾਂਭ-ਸੰਭਾਲ ਕਰਨ ਅਤੇ ਟਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਟਰੈਫ਼ਿਕ ਇੰਚਾਰਜ਼ ਸੰਜੇ ਕੁਮਾਰ ਤੇ ਪਬਲਿਕ ਪਾਵਰ ਮਿਸ਼ਨ ਦੀ ਟੀਮ ਵੱਲੋਂ ਲੋਕਾਂ ਨੂੰ ਦੁਪਹੀਆ ਵਾਹਨ 'ਤੇ ਹੈਲਮੇਟ ਅਤੇ ਕਾਰ ਵਿਚ ਸੀਟ ਬੈਲਟ ਲਗਾਉਣ, ਨਾਬਾਲਿਗ ਬੱਚਿਆਂ (16 ਤੋਂ 18) ਨੂੰ 50 ਸੀ.ਸੀ ਤੋਂ ਵੱਧ ਇੰਜਣ ਵਾਲਾ ਵਹੀਕਲ ਨਾ ਚਲਾਉਣ, ਵਹੀਕਲ ਦੇ ਕਾਗਜਾਤ ਪੂਰੇ ਰੱਖਣ, ਡਰਾਈਵਿੰਗ ਸਮੇਂ ਮੋਬਾਈਲ ਦੀ ਵਰਤੋਂ ਨਾ ਕਰਨ, ਦੁਪਹੀਆ ਵਾਹਨਾਂ 'ਤੇ ਤੀਹਰੀ ਸਵਾਰੀ ਨਾ ਕਰਨ, ਗੱਡੀਆਂ ਦੇ ਸ਼ੀਸ਼ੇ ਕਾਲੇ ਨਾ ਕਰਨ ਸਮੇਤ ਹੋਰ ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਹੌਲਦਾਰ ਪ੍ਰਗਟ ਸਿੰਘ, ਪਬਲਿਕ ਪਾਵਰ ਮਿਸ਼ਨ ਦੇ ਜਗਤਾਰ ਸਿੰਘ ਚੀਫ ਇੰਚਾਰਜ਼, ਮੁਖਤਿਆਰ ਸਿੰਘ, ਚਰਨਜੀਤ ਸਿੰਘ, ਅਬਦੁਲ ਸੱਤਾਰ, ਮੁਹੰਮਦ ਨਜੀਰ, ਦਿਲਦਾਰ ਅਲੀ ਤੇ ਧਰਮ ਚੰਦ ਵੀ ਹਾਜ਼ਰ ਸਨ।

# ਗੁਰੂ ਨਾਨਕ ਧਰਮਸ਼ਾਲਾ, ਬਡਬਰ ਵਿਖੇ ਅੱਜ ਲਾਇਆ ਜਾਵੇਗਾ 'ਸਰਕਾਰ ਤੁਹਾਡੇ ਦੁਆਰ' ਤਹਿਤ ਵਿਸ਼ੇਸ਼ ਕੈਂਪ: ਡਿਪਟੀ ਕਮਿਸ਼ਨਰ

**ਬਰਨਾਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਉਨ੍ਹਾਂ ਦੇ ਘਰਾਂ ਦੇ ਨੇੜੇ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਇਹ ਪ੍ਰਗਟਾਵਾਂ ਕਰਦੇ ਹੋਏ ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਇਸ ਲੜੀ ਅਧੀਨ ਸਰਕਾਰ ਤੁਹਾਡੇ ਦੁਆਰ ਤਹਿਤ ਵਿਸ਼ੇਸ਼ ਕੈਂਪ ਭਲਕੇ 5 ਅਗਸਤ ਦਿਨ ਸ਼ੁਕਰਵਾਰ ਨੂੰ ਗੁਰੂ ਨਾਨਕ ਧਰਮਸ਼ਾਲਾ, ਬਡਬਰ ਵਿਖੇ ਸਵੇਰੇ 9 ਵਜੇ ਤੋਂ ਲਗਾਇਆ ਜਾਵੇਗਾ, ਜਿਸ ਅਧੀਨ ਆਸ-ਪਾਸ ਦੇ ਪਿੰਡਾਂ ਬਡਬਰ, ਬਾਜੀਗਰ ਬਸਤੀ, ਭੂਰੇ, ਕੋਠੇ ਅਕਾਲਗੜ੍ਹ, ਕੋਠੇ ਬੰਗੇਹਰ ਪੱਤੀ ਅਤੇ ਜਵੰਧਾ ਪਿੰਡ ਗੁਰੂਸਰ ਦੇ ਲੋਕਾਂ ਨੂੰ ਕੈਂਪ ਵਿੱਚ ਸਰਕਾਰੀ ਸਕੀਮਾਂ ਦਾ ਲਾਭ ਦਿੱਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਵੱਖ ਵੱਖ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਵਿਭਾਗਾਂ/ ਸ਼ਾਖਾਵਾਂ ਵੱਲੋਂ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਮੌਕੇ ਉੱਤੇ ਰਜਿਸਟ੍ਰੇਸ਼ਨ ਕੀਤੀ ਜਾਵੇਗੀ ਤੇ ਲੋੜ ਅਨੁਸਾਰ ਸਰਕਾਰੀ ਦਸਤਾਵੇਜ਼ ਵੀ ਤਿਆਰ ਕਰਕੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਪ੍ਰਾਪਤ ਅਰਜ਼ੀਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮੌਕੇ ਉੱਤੇ ਪੈਨ ਕਾਰਡ, ਆਧਾਰ ਕਾਰਡ ਅਤੇ ਪੀ.ਐਮ. ਕਿਸਾਨ ਨਿਧੀ ਕਾਰਡ, ਵਿਧਵਾ /ਆਸ਼ਰਤ, ਬੁਢਾਪਾ ਪੈਨਸ਼ਨ ਲਈ, ਕਿਰਤ ਵਿਭਾਗ ਦੀਆਂ ਸਕੀਮਾਂ, ਸ਼ਗਨ ਸਕੀਮ, ਰਿਹਾਇਸ਼ੀ ਪਤੇ 'ਚ ਸੋਧ ਕਰਵਾਉਣ ਲਈ, ਪੜ੍ਹਾਈ / ਖੇਤੀਬਾੜੀ / ਪਰਸਨਲ / ਘਰ ਲਈ ਕਰਜ਼ਿਆਂ ਸਬੰਧੀ, ਪੁਲਿਸ ਵੈਰੀਫਿਕੇਸ਼ਨ ਆਦਿ ਸਬੰਧੀ ਬੇਨਤੀ ਪੱਤਰ ਦਿੱਤੇ ਜਾ ਸਕਦੇ ਹਨ। ਉਨ੍ਹਾਂ ਇਨ੍ਹਾਂ ਪਿੰਡਾਂ ਦੇ ਵਾਸੀਆਂ ਨੂੰ ਕੈਂਪ ਦਾ ਲਾਹਾ ਲੈਣ ਦੀ ਅਪੀਲ ਕੀਤੀ।

# ਹੁਣ ਤੱਕ ਜ਼ਿਲ੍ਹੇ ਦੇ 1098 ਪ੍ਰਾਰਥੀਆਂ ਨੇ ਘਰ ਬੈਠੇ ਪ੍ਰਸ਼ਾਸਨਿਕ ਸੇਵਾਵਾਂ ਦਾ ਲਿਆ ਲਾਭ

**ਸੁਨਾਮ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਉਪਲੱਬਧ ਕਰਵਾਉਣ ਲਈ ਸ਼ੁਰੂ ਕੀਤੀ 1076 ਹੈਲਪਲਾਈਨ ਸੇਵਾ ਕਾਰਗਰ ਸਾਬਿਤ ਹੋ ਰਹੀ ਹੈ। ਇਸ ਤਹਿਤ ਕੋਈ ਵੀ ਨਾਗਰਿਕ ਫੋਨ ਨੰਬਰ 1076 'ਤੇ ਕਾਲ ਕਰਕੇ 43 ਪ੍ਰਕਾਰ ਦੀਆਂ ਸੇਵਾਵਾਂ ਜਿੰਨ੍ਹਾਂ ਵਿਚ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਮੈਰਿਜ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਲੇਬਰ ਕਾਰਡ ਆਦਿ ਸ਼ਾਮਿਲ ਹਨ।

ਵੱਖ-ਵੱਖ ਦਫਤਰਾਂ ਨਾਲ ਸਬੰਧਤ ਇੰਨ੍ਹਾਂ ਸਰਕਾਰੀ ਸੇਵਾਵਾਂ ਲਈ ਪ੍ਰਾਰਥੀ ਸਰਕਾਰੀ ਨੁੰਮਾਇੰਦੇ ਨੂੰ ਆਪਣੇ ਘਰ ਬੁਲਾ ਸਕਦਾ ਹੈ ਭਾਵ ਇੰਨ੍ਹਾਂ 43 ਪ੍ਰਕਾਰ ਦੇ ਸਰਕਾਰੀ ਕੰਮਾਂ ਲਈ ਕਿਸੇ ਵੀ ਦਫ਼ਤਰ ਜਾਣ ਦੀ ਜਰੂਰਤ ਨਹੀਂ । ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਦਿੱਤੀ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤਹਿਤ ਵੱਖ ਵੱਖ ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਲੋਕਾਂ ਨੂੰ ਉਪਲਬੱਧ ਕਰਵਾਉਣ ਲਈ ਜ਼ਿਲ੍ਹੇ ਵਿਚ 04 ਪ੍ਰਤੀਨਿਧ ਨਿਯੁਕਤ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਹੁਣ ਤੱਕ 1143 ਲੋਕਾਂ ਨੇ ਘਰ ਬੈਠੇ ਅਰਜ਼ੀ ਦਿੱਤੀ ਅਤੇ ਇਨ੍ਹਾਂ ਵਿਚੋਂ 1098 ਨੂੰ ਘਰ ਬੈਠਿਆਂ ਹੀ ਸਰਟੀਫਿਕੇਟ ਉਪਲਬੱਧ ਕਰਵਾਇਆ ਗਿਆ ਹੈ ਅਤੇ ਬਾਕੀ ਅਰਜ਼ੀਆਂ ਨਿਰਧਾਰਤ ਸਮਾਂ ਹੱਦ ਦੇ ਅੰਦਰ ਕਾਰਵਾਈ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਇਸ ਸੁਵਿਧਾ ਨਾਲ ਆਮ ਲੋਕਾਂ ਦੇ ਦਫ਼ਤਰਾਂ ਵਿੱਚ ਆਉਣ-ਜਾਣ ਨਾਲ ਉਨ੍ਹਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਤਹਿਤ ਸਰਕਾਰੀ ਨੁਮਾਂਇੰਦਾ ਨਾਗਰਿਕ ਦੇ ਘਰ ਆ ਕੇ ਉਸ ਦੀ ਅਰਜ਼ੀ ਲੈਂਦਾ ਹੈ, ਫੋਟੋ ਤੇ ਹੋਰ ਦਸਤਾਵੇਜ਼ ਪ੍ਰਾਪਤ ਕਰਦਾ ਹੈ ਅਤੇ ਨਾਗਰਿਕ ਦਾ ਕੰਮ ਹੋਣ ਤੋਂ ਬਾਅਦ ਸਰਟੀਫਿਕੇਟ ਉਨ੍ਹਾਂ ਦੇ ਘਰ ਪਹੁੰਚਾਉਂਦਾ ਹੈ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬਚਤ ਕਰਨ।

# ਧਰਮਪੁਰਾ ਕਾਲੋਨੀ ਅਤੇ ਵਾਰਡ ਨੰਬਰ 6 ਗਾਂਧੀ ਨਗਰ ਕੈਂਪ ਵਿਖੇ ਫੋਗਿੰਗ ਕਰਵਾਈ

**ਬਟਾਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਨਗਰ ਨਿਗਮ ਬਟਾਲਾ ਵਲੋਂ ਸ਼ਹਿਰ ਦੀਆਂ ਵੱਖ ਵੱਖ ਸਥਾਨਾਂ ਧਰਮਪੁਰਾ ਕਾਲੋਨੀ ਅਤੇ ਵਾਰਡ ਨੰਬਰ 6 ਗਾਂਧੀ ਨਗਰ ਕੈਂਪ ਵਿਖੇ ਫੋਗਿੰਗ ਕਰਵਾਈ ਅਤੇ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਵਿਰੁੱਧ ਜਾਗਰੂਕ ਕੀਤਾ।

ਇਸ ਮੌਕੇ ਗੱਲਬਾਤ ਦੌਰਾਨ ਡਾ. ਸ਼ਾਇਰੀ ਭੰਡਾਰੀ, ਐਸਡੀਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਘਰਾਂ ਅਤੇ ਆਲੇ ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ ਅਤੇ ਪੁਰਾਣੇ ਟਾਇਰਾਂ ਜਾਂ ਕਬਾੜ ਆਦਿ ਵਿਚ ਜਮ੍ਹਾ ਪਾਣੀ ਨੂੰ ਸਾਫ ਕਰਨ ਕਿਉਂਕਿ ਇਸੇ ਤਰਾਂ ਦੇ ਪਾਣੀ ਵਿਚ ਡੇਂਗੂ ਦਾ ਮੱਛਰ ਪਲਦਾ ਹੈ। ਉਨਾਂ ਲੋਕਾਂ ਨੂੰ ਫੋਗਿਗ ਕਰ ਰਹੀਆਂ ਟੀਮਾਂ ਨਾਲ ਸਹਿਯੋਗ ਕਰਨ ਲਈ ਕਿਹਾ। ਇਸ ਮੌਕੇ ਸੈਨੇਟਰੀ ਇੰਸਪੈਕਟਰ ਵਿਕਾਸ ਵਾਸੁਦੇਵ ਵੀ ਮੌਜੂਦ ਸਨ।



ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਅੱਗੇ ਕਿਹਾ ਕਿ ਲੋਕ ਆਪਣੇ ਘਰਾਂ/ਦੁਕਾਨਾਂ/ਸਰਕਾਰੀ ਦਫਤਰਾਂ ਵਿੱਚ ਮੌਜੂਦ ਕੂਲਰ, ਗਮਲੇ, ਟਾਇਰਾਂ, ਟੈਂਕੀਆਂ, ਫਰਿੱਜ ਦੇ ਪਿੱਛੇ ਲੱਗੀ ਟਰੇਅ ਵਿਚੋ ਹਰ ਸ਼ੁਕਰਵਾਰ ਨੂੰ ਪਾਣੀ ਕੱਢ ਕੇ ਜ਼ਰੂਰ ਸੁਕਾਉਣ। ਮੱਛਰ ਦੇ ਕੱਟਣ ਤੋ ਬਚਾਅ ਕੀਤਾ ਜਾਵੇ, ਪੂਰੀ ਬਾਂਹ ਵਾਲੇ ਅਤੇ ਸ਼ਰੀਰ ਨੂੰ ਢੱਕਣ ਵਾਲੇ ਕੱਪੜੇ ਪਾਏ ਜਾਣ।

# ਵਾਲੀਵਾਲ ਦੇ ਜੋਨਲ ਟੂਰਨਾਮੈਂਟ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਸ਼ੁਰੂਆਤ ਸ੍ਰੀ



**ਸ੍ਰੀ ਅਨੰਦਪੁਰ ਸਾਹਿਬ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਵਿਖੇ ਅੱਜ ਵਾਲੀਬਾਲ ਜ਼ੋਨਲ ਟੂਰਨਾਮੈਂਟ ਸ਼ੁਰੂ ਹੋਏ। ਇਹਨਾਂ ਮੁਕਾਬਲਿਆਂ ਵਿੱਚ ਪਹਿਲੇ ਦਿਨ ਲੜਕੀਆਂ ਦੇ ਅੰਡਰ-19 ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੇਰ ਨੂੰ ਹਰਾ ਕੇ ਫਾਈਨਲ ਵਿੱਚ ਥਾਂ ਬਣਾਈ।

ਇਸੇ ਤਰ੍ਹਾਂ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ (ਸ੍ਰੀ ਅਨੰਦਪੁਰ ਸਾਹਿਬ) ਨੂੰ ਹਰਾ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੀਰਤਪੁਰ ਸਾਹਿਬ ਨੇ ਵੀ ਫਾਈਨਲ ਵਿੱਚ ਜਗ੍ਹਾ ਬਣਾਈ। ਟੂਰਨਾਮੈਂਟ ਦੀ ਸ਼ੁਰੂਆਤ ਵਿੱਚ ਸਕੂਲ ਮੁਖੀ ਸ. ਗੁਰਜਤਿੰਦਰ ਪਾਲ ਸਿੰਘ ਅਤੇ ਸ. ਇਕਬਾਲ ਸਿੰਘ ਡੀਪੀਈ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਪ੍ਰੇਰਿਆ ਅਤੇ ਮੈਚ ਸ਼ੁਰੂ ਕਰਵਾਏ।

ਅੰਡਰ-17 ਲੜਕੀਆਂ ਦੇ ਮੁਕਾਬਲਿਆਂ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਨੂੰ ਹਰਾ ਕੇ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਜੇਤੂ ਰਿਹਾ ਅਤੇ ਇਸੇ ਤਰ੍ਹਾਂ ਸਰਕਾਰੀ ਹਾਈ ਸਕੂਲ ਮਟੌਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੇਰ ਨੂੰ ਹਰਾ ਕੇ ਜਿੱਤ ਹਾਸਿਲ ਕੀਤੀ। ਸਕੂਲ ਮੁਖੀ ਸ. ਗੁਰਜਤਿੰਦਰ ਪਾਲ ਸਿੰਘ ਨੇ ਜੇਤੂ ਟੀਮਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਸਟਾਫ ਤੋਂ ਇਲਾਵਾ ਰਾਜੇਸ਼ ਗੁਲੇਰੀਆ, ਅਮਰਜੀਤ ਸਿੰਘ, ਰਾਮ ਰਤਨ ਸੇਵਾ ਮੁਕਤ ਅਧਿਆਪਕ, ਕੁਲਵੰਤ ਸਿੰਘ, ਰੋਹਿਤ, ਲਖਵੀਰ ਕੌਰ ਸੁਮਨ ਚਾਂਦਲਾ ਆਦਿ ਹਾਜ਼ਰ ਸਨ।

# ਮਾਨਸੂਨ ਦੌਰਾਨ ਸੰਭਾਵੀ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਦੌਰੇ ਕਰਕੇ ਲੋਕਾਂ ਦੀਆਂ ਸੁਣੀਆਂ ਮੁਸ਼ਕਿਲਾਂ, ਦਸਗਰਾਈ ਵਿੱਚ ਲਗਾਇਆ ਵਿਸ਼ੇਸ਼ ਕੈਂਪ



**ਸ੍ਰੀ ਅਨੰਦਪੁਰ ਸਾਹਿਬ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਮਾਨਸੂਨ ਸੀਜ਼ਨ ਦੌਰਾਨ ਸੰਭਾਵੀ ਹੜ੍ਹ ਪ੍ਰਭਾਵਿਤ ਸੈਸਟਿਵ ਪਿੰਡਾਂ ਦਾ ਦੌਰਾ ਕਰਕੇ ਉਥੋ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ ਨੂੰ ਨੇੜੇ ਹੋ ਕੇ ਜਾਨਣ ਤੇ ਸਮੱਸਿਆਵਾ ਦਾ ਢੁਕਵਾ ਹੱਲ ਕਰਨ ਲਈ ਅੱਜ ਅਧਿਕਾਰੀਆਂ ਨੇ ਦਸਗਰਾਈ ਦਾ ਦੌਰਾ ਕੀਤਾ, ਜਿੱਥੇ ਆਮ ਇਜਲਾਸ ਦੀ ਤਰਾਂ ਕੈਂਪ ਦਾ ਆਯੋਜਨ ਕੀਤਾ ਗਿਆ ਸੀ।

ਸ.ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਅਤੇ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਉਪਰੰਤ ਦਸਗਰਾਈ ਵਿਚ ਲਗਾਏ ਕੈਂਪ ਵਿੱਚ ਉਪ ਮੰਡਲ ਮੈਜਿਸਟ੍ਰੇਟ ਅਨਮਜੋਤ ਕੌਰ ਨੇ ਇਲਾਕਾ ਵਾਸੀਆਂ ਦੀਆਂ ਸਮੱਸਿਆਵਾ ਸੁਣੀਆਂ ਤੇ ਇਨ੍ਹਾਂ ਦਾ ਫੋਰੀ ਢੁਕਵਾ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਅਧਿਕਾਰੀਆਂ ਦੇ ਨਾਲ ਉਨ੍ਹਾਂ ਥਾਵਾਂ ਦਾ ਵੀ ਦੌਰਾ ਕੀਤਾ ਜਿੱਥੇ ਪਿਛਲੇ ਸਾਲਾ ਦੌਰਾਨ ਭਾਰੀ ਬਰਸਾਤ ਨਾਲ ਹੜ੍ਹਾਂ ਵਰਗੇ ਹਾਲਾਤ ਬਣ ਗਏ ਸਨ ਤੇ ਲੋਕਾਂ ਦੇ ਜਾਲ ਮਾਲ ਦੇ ਰਾਖੀ ਕਰਨ ਲਈ ਪ੍ਰਸ਼ਾਸ਼ਨ ਨੂੰ ਭਾਰੀ ਮੁਸੱਕਤ ਕਰਨੀ ਪਈ ਸੀ। ਐਸ.ਡੀ.ਐਮ ਅਨਮਜੋਤ ਕੌਰ ਦੇ ਨਾਲ ਬੀ.ਡੀ.ਪੀ.ਓ ਇਸ਼ਾਨ ਚੋਧਰੀ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਉਨ੍ਹਾਂ ਨੇ ਪੰਚਾਇਤ ਵਿਭਾਗ, ਮਾਲ ਵਿਭਾਗ, ਡਰੇਨੇਜ, ਮਾਈਨਿੰਗ, ਸਿੰਚਾਈ, ਪਾਵਰ ਕਾਮ, ਖੁਰਾਕ ਤੇ ਸਪਲਾਈ ਵਿਭਾਗ, ਸਿਹਤ ਵਿਭਾਗ, ਵੈਟਨਰੀ ਵਿਭਾਗ, ਲੋਕ ਨਿਰਮਾਣ ਵਿਭਾਗ ਦੇ ਮੋਜੂਦ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੰਵੇਦਨਸ਼ੀਲ ਤੇ ਅਤਿ ਸੰਵੇਦਨਸ਼ੀਲ ਥਾਵਾ ਦਾ ਦੌਰਾ ਕਰਨ ਅਤੇ ਲੋਕਾਂ ਦੀ ਹਰ ਮੁਸ਼ਕਿਲ ਦਾ ਹੱਲ ਕੀਤਾ ਜਾਵੇ। ਉਨ੍ਹਾਂ ਨੇ ਦੱਸਿਆ ਕਿ ਡੰਗੇ ਲਗਾਉਣ ਦਾ ਕੰਮ ਇੱਕ ਹਫਤੇ ਤੱਕ ਮੁਕੰਮਲ ਕਰ ਲਿਆ ਜਾਵੇ, ਲੋਕਾਂ ਨੂੰ ਭੈਅ ਭੀਤ ਹੋਣ ਤੋ ਰੋਕਣ ਲਈ ਉਨ੍ਹਾਂ ਨੂੰ ਸਹੀ ਤੇ ਢੁਕਵੀ ਜਾਣਕਾਰੀ ਦੇਣ ਲਈ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ।

# ਨਸਿਆਂ ਵਿਰੁੱਧ ਤਹਿਸੀਲ ਪੱਧਰੀ ਨਾਟਕਾਂ ਦਾ ਆਯੋਜਨ

**ਸ੍ਰੀ ਮੁਕਤਸਰ ਸਾਹਿਬ , 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਨਸਿ ?ਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਸ ਹਰਪ੍ਰੀਤ ਸਿੰਘ ਸੂਦਨ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਅਤੇ ਜਿ ?ਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ,ਉਪ ਜਿ ?ਲ੍ਹਾ ਸਿੱਖਿਆ ਅਫਸਰ ਸ੍ਰੀ ਕਪਿਲ ਸ਼ਰਮਾ ਦੇ ਨਿਰਦੇਸ਼ਾਂ ਤੇ ਜੋਨ ਪੱਧਰ ਤੇ ਸਕੂਲਾਂ ਵਿੱਚ ਨਾਟਕਾਂ ਦਾ ਆਯੋਜਨ ਕੀਤਾ ਗਿਆ।

ਜਿਕਰਯੋਗ ਹੈ ਕਿ ਇਹ ਨਾਟਕ ਡਾ ਸੰਜੀਵ ਕੁਮਾਰ ਐਸ ਡੀ ਐਮ ਮਲੋਟ ਦੁਆਰਾ ਲਿਖਿਆ ਗਿਆ ਹੈ।

ਸ੍ਰੀ ਮੁਕਤਸਰ ਸਾਹਿਬ ਸਬ ਡਿਵੀਜ਼ਨ ਦੇ ਅਧੀਨ ਪੈਂਦੇ ਸਕੂਲਾਂ ਵਿੱਚ ਸ਼੍ਰੀਮਤੀ ਬਲਜੀਤ ਕੌਰ ਐਸ ਡੀ ਐਮ ਸ੍ਰੀ ਮੁਕਤਸਰ ਸਾਹਿਬ ਦੇ ਯੋਗ ਅਗਵਾਈ ਅਧੀਨ ਤਹਿਸੀਲ ਪੱਧਰ ਤੇ ਦਫਤਰ ਜਿ ?ਲ੍ਹਾ ਰੈਡ ਕਰਾਸ ਸੋਸਾਇਟੀ ਆਡੀਟੋਰੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਨਾਟਕਾਂ ਦਾ ਸਫ਼ਲ ਆਯੋਜਨ ਕੀਤਾ ਗਿਆ।

ਇਸ ਮੌਕੇ ਤੇ ਸ.ਕਰਨਬੀਰ ਸਿੰਘ ਮਾਨ, ਨਾਇਬ ਤਹਿਸੀਲਦਾਰ, ਲੱਖੇਵਾਲੀ ਉਚੇਚੇ ਤੌਰ ਤੇ ਸ਼ਾਮਿਲ ਹੋਏ।

ਇਹਨਾਂ ਮੁਕਾਬਲਿਆਂ ਵਿੱਚ ਜੱਜਮੈਂਟ ਦੀ ਭੂਮਿਕਾ ਸ੍ਰੀ ਗੌਰਵ ਦੁੱਗਲ ,ਐਸ ਐਸ ਮੈਂਟਰ ਡਾਇਟ ਬਰਕੰਦੀ,ਸ੍ਰੀ ਕੁਲਵਿੰਦਰ ਸ਼ਰਮਾ, ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ,ਡਾਕਟਰ ਪਰਮਜੀਤ ਕੌਰ, ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਨੇ ਨਿਭਾਈ।

ਇਹਨਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਗੁਰੂ ਕੁਲ ਸੀਨੀਅਰ ਸੈਕੰਡਰੀ ਸਕੂਲ, ਹਰੀ ਕੇ ਕਲਾਂ,ਦੂਸਰਾ ਸਥਾਨ ਸਕੂਲ ਆਫ ਐਮੀਨੈਂਸ ਬਰੀਵਾਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਰੁਪਾਣਾ ਨੇ ਸਾਂਝੇ ਰੂਪ ਵਿੱਚ ਹਾਸਿਲ ਕੀਤਾ। ਤੀਸਰਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ )ਲੱਖੇਵਾਲੀ ਨੇ ਹਾਸਿਲ ਕੀਤਾ ।

ਤਹਿਸੀਲ ਪੱਧਰ ਦੇ ਇਹਨਾਂ ਮੁਕਾਬਲਿਆਂ ਸਬੰਧੀ ਮੀਡੀਆ ਇੰਚਾਰਜ ਸ਼ਮਿੰਦਰ ਬੱਤਰਾ ਜੀ ,ਸ੍ਰੀ ਪ੍ਰਵੀਨ ਸ਼ਰਮਾ, ਧੀਰਜ ਕੁਮਾਰ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚੋਂ ਜੇਤੂ ਟੀਮਾਂ ਲਈ 8 ਅਗਸਤ ਦਿਨ ਵੀਰਵਾਰ ਨੂੰ ਜਿ ?ਲ੍ਹਾ ਪੱਧਰ ਤੇ ਨਾਟਕਾਂ ਦਾ ਆਯੋਜਨ ਕੀਤਾ ਜਾਵੇਗਾ।

# ਹੁਣ ਤੱਕ ਜ਼ਿਲ੍ਹੇ ਦੇ 2633 ਪ੍ਰਾਰਥੀਆਂ ਨੇ ਘਰ ਬੈਠੇ ਲਿਆ ਵੱਖ-ਵੱਖ ਪ੍ਰਸ਼ਾਸਨਿਕ ਸੇਵਾਵਾਂ ਦਾ ਲਾਭ

**ਤਰਨ ਤਾਰਨ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਉਪਲੱਬਧ ਕਰਵਾਉਣ ਲਈ ਸ਼ੁਰੂ ਕੀਤੀ 1076 ਹੈਲਪਲਾਈਨ ਸੇਵਾ ਲਾਹੇਵੰਦ ਸਾਬਿਤ ਹੋ ਰਹੀ ਹੈ। ਇਸ ਤਹਿਤ ਕੋਈ ਵੀ ਨਾਗਰਿਕ ਫੋਨ ਨੰਬਰ 1076 'ਤੇ ਕਾਲ ਕਰਕੇ 43 ਪ੍ਰਕਾਰ ਦੀਆਂ ਸੇਵਾਵਾਂ ਜਿੰਨ੍ਹਾਂ ਵਿਚ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਮੈਰਿਜ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਲੇਬਰ ਕਾਰਡ ਆਦਿ ਸ਼ਾਮਿਲ ਹਨ, ਵੱਖ-ਵੱਖ ਦਫ਼ਤਰਾਂ ਨਾਲ ਸਬੰਧਤ ਇੰਨ੍ਹਾਂ ਸਰਕਾਰੀ ਸੇਵਾਵਾਂ ਲਈ ਪ੍ਰਾਰਥੀ ਸਰਕਾਰੀ ਨੁਮਾਇੰਦੇ ਨੂੰ ਆਪਣੇ ਘਰ ਬੁਲਾ ਸਕਦਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਇੰਨ੍ਹਾਂ 43 ਪ੍ਰਕਾਰ ਦੇ ਸਰਕਾਰੀ ਕੰਮਾਂ ਲਈ ਕਿਸੇ ਵੀ ਦਫ਼ਤਰ ਜਾਣ ਦੀ ਜ਼ਰੂਰਤ ਨਹੀਂ।

ਉਨ੍ਹਾਂ ਦੱਸਿਆ ਕਿ ਇਸ ਤਹਿਤ ਵੱਖ ਵੱਖ ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਲੋਕਾਂ ਨੂੰ ਉਪਲਬੱਧ ਕਰਵਾਉਣ ਲਈ ਜ਼ਿਲ੍ਹੇ ਵਿਚ 04 ਪ੍ਰਤੀਨਿਧ ਨਿਯੁਕਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਹ ਹੈਲਪਲਾਈਨ ਸਰਵਿਸ 11 ਦਸੰਬਰ, 2023 ਨੂੰ ਸ਼ੁਰੂ ਹੋਈ ਸੀ ਅਤੇ ਹੁਣ ਤੱਕ 2633 ਲੋਕਾਂ ਨੂੰ ਘਰ ਬੈਠਿਆਂ ਹੀ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।



ਉਨ੍ਹਾਂ ਦੱਸਿਆ ਕਿ ਇਸ ਸੁਵਿਧਾ ਨਾਲ ਆਮ ਲੋਕਾਂ ਦੇ ਦਫ਼ਤਰਾਂ ਵਿੱਚ ਆਉਣ-ਜਾਣ ਨਾਲ ਉਨ੍ਹਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਤਹਿਤ ਸਰਕਾਰੀ ਨੁਮਾਇੰਦਾ ਨਾਗਰਿਕ ਦੇ ਘਰ ਆ ਕੇ ਉਸ ਦੀ ਅਰਜ਼ੀ ਲੈਂਦਾ ਹੈ, ਫੋਟੋ ਤੇ ਹੋਰ ਦਸਤਾਵੇਜ਼ ਪ੍ਰਾਪਤ ਕਰਦਾ ਹੈ ਅਤੇ ਨਾਗਰਿਕ ਦਾ ਕੰਮ ਹੋਣ ਤੋਂ ਬਾਅਦ ਸਰਟੀਫਿਕੇਟ ਉਨ੍ਹਾਂ ਦੇ ਘਰ ਪਹੁੰਚਾਉਂਦਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤਹਿਤ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨ, ਆਮਦਨ ਸਰਟੀਫਿਕੇਟ, ਜ਼ਮ੍ਹਾਂਬੰਦੀ ਕਢਵਾਉਣ ਸਬੰਧੀ, ਜਨਮ ਸਰਟੀਫਿਕੇਟ, ਮੌਤ ਸਰਟੀਫਿਕੇਟ, ਐਸ. ਸੀ., ਬੀ. ਸੀ. ਸਰਟੀਫਿਕੇਟ ਆਦਿ ਵਰਗੀਆਂ ਕੁੱਲ 43 ਸੇਵਾਵਾਂ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ। ਇਸ ਲਈ ਸੇਵਾ ਕੇਂਦਰ 'ਤੇ ਲੱਗਣ ਵਾਲੀ ਫੀਸ ਤੋਂ ਇਲਾਵਾ 120 ਰੁਪਏ ਦੀ ਪ੍ਰਤੀ ਸਰਵਿਸ ਵਿਜ਼ਿਟ ਫੀਸ ਅਲੱਗ ਤੋਂ ਲਾਗੂ ਹੈ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ।

# ਕੇ.ਐਸ. ਗੁਰੱਪ ਅਤੇ ਪੱਤਰਕਾਰ ਭਾਈਚਾਰੇ ਦੀ ਨਿਵੇਕਲੀ ਪਹਿਲਕਦਮੀ

**ਮਲੇਰਕੋਟਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਅਤੇ ਧਰਤੀ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਤੇ ਪੰਜਾਬ ਦੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਤੇ 'ਰੰਗਲਾ ਪੰਜਾਬ' ਮੁਹਿੰਮ ਤਹਿਤ ਨਾਮਵਰ ਕੇ.ਐਸ.ਗੁਰੱਪ ਅਤੇ ਪੱਤਰਕਾਰ (ਜ਼ਿਲ੍ਹਾ ਪ੍ਰੈਸ ਕਲੱਬ ਐਕਟਿਵ) ਭਾਈਚਾਰੇ ਨੇ ਨਿਵੇਕਲੀ ਪਹਿਲਕਦਮੀ ਤਹਿਤ ਫੱਲਦਾਰ,ਫੁਲਦਾਰ ਅਤੇ ਛਾਂਦਾਰ ਪੌਦੇ ਲਗਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ ।

ਇਸ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਡਾ ਪੱਲਵੀ,ਵਧੀਕ ਡਿਪਟੀ ਕਮਿਸ਼ਨਰ(ਵਿਕਾਸ਼) ਸ੍ਰੀਮਤੀ ਨਵਦੀਪ ਕੌਰ ਅਤੇ ਕੇ.ਐਸ. ਗੁਰੱਪ ਦੇ ਚੇਅਰਮੈਂਨ ਸ੍ਰੀ ਇੰਦਰਜੀਤ ਸਿੰਘ ਮੁੰਡੇ ਨੇ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਕੇਸ਼ਰ ਅੰਬ ਅਤੇ ਸੰਤਰੇ ਦੇ ਪੌਦੇ ਲਗਾਕੇ ਕੀਤੀ ।

ਡਿਪਟੀ ਕਮਿਸ਼ਨਰ ਨੇ ਪੱਤਰਕਾਰ ਭਾਈਚਾਰੇ(ਜ਼ਿਲ੍ਹਾ ਪ੍ਰੈਸ ਕਲੱਬ ਐਕਟਿਵ) ਅਤੇ ਕੇ.ਐਸ.ਗੁਰੱਪ ਵੱਲੋਂ ਆਰੰਭੇ ਸਾਂਝੇ ਉਪਰਾਲੇ ਦੀ ਪ੍ਰਸੰਸਾ ਕਰਦਿਆ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ 'ਚ ਹਰਿਆਲੀ ਵਧਾਉਣ ਸਬੰਧੀ ਕੀਤੇ ਐਲਾਨ ਤੋਂ ਬਾਅਦ ਜ਼ਿਲ੍ਹੇ ਵਿੱਚ ਗ੍ਰੀਨ ਪੰਜਾਬ ਮਿਸ਼ਨ ਤਹਿਤ ਵੱਖ-ਵੱਖ ਵਿਭਾਗਾਂ ਅਧੀਨ ਆਉਂਦੀਆਂ ਸਰਕਾਰੀ/ ਗ਼ੈਰ ਸਰਕਾਰੀ ਜ਼ਮੀਨਾਂ 'ਤੇ ਪੰਜ ਲੱਖ ਪੌਦੇ ਲਗਾਉਣ ਦਾ ਟੀਚਾ ਮੀਥਿਆ ਗਿਆ ਹੈ।



ਡਾ ਪੱਲਵੀ ਨੇ ਪੱਤਰਕਾਰਾ ਅਤੇ ਜ਼ਿਲ੍ਹੇ ਦੀ ਉਦਯੋਗਿਕ ਸੰਸਥਾ ਦੀ ਇਸ ਪਹਿਲ ਕਦਮੀ ਨੂੰ ਗਲੋਬਲ ਵਾਰਮਿੰਗ ਨਾਲ ਲੜਨ ਲਈ ਵਾਤਾਵਰਨ ਪੱਖੀ ਪਹੁੰਚ ਕਰਾਰ ਦਿੰਦਿਆਂ ਕਿਹਾ ਕਿ ਵਾਤਾਵਰਨ ਨੂੰ ਗੰਦਲਾ ਹੋਣ ਤੋਂ ਬਚਾਉਣ ਲਈ ਸੂਬੇ ਅਤੇ ਜ਼ਿਲ੍ਹੇ ਦੀਆਂ ਸਮਰਪਿਤ ਸੰਸਥਾਵਾਂ ਅੱਗੇ ਆ ਰਹੀਆਂ ਹਨ

ਜੋ ਕਿ ਸ਼ਲਾਘਾਯੋਗ ਕਦਮ ਹੈ।ਇਸ ਮੌਕੇ ਉਨ੍ਹਾਂ ਦਫ਼ਤਰਾਂ, ਘਰਾਂ,ਫੈਕਟਰੀਆਂ, ਵਪਾਰਿਕ ਸਥਾਨਾਂ ਅਤੇ ਹੋਰ ਸਾਂਝੀਆਂ ਥਾਵਾਂ ਦੇ ਆਲੇ-ਦੁਆਲੇ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਨੂੰ ਸੁਰੱਖਿਅਤ ਕਰਨ ਦੀ ਅਪੀਲ ਕੀਤੀ ।

ਵਧੀਕ ਡਿਪਟੀ ਕਮਿਸ਼ਨਰ(ਵਿਕਾਸ਼) ਸ੍ਰੀਮਤੀ ਨਵਦੀਪ ਕੌਰ ਨੇ ਪੰਜਾਬ ਦੇ ਲੋਕਾਂ ਨੂੰ ਅੱਗੇ ਆਉਣ ਅਤੇ ਪੌਦੇ ਲਗਾਉਣ ਦੀ ਇਸ ਮੁਹਿੰਮ ਨੂੰ ਜਨਤਕ ਲਹਿਰ 'ਚ ਬਦਲਣ ਲਈ ਪੱਤਰਕਾਰ ਭਾਈਚਾਰੇ ਦੇ ਇਸ ਉਪਰਾਲੇ 'ਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ ।

ਇਸ ਮੌਕੇ ਇੰਟਰਨੈਸ਼ਨਲ ਪੀਸ ਐਵਾਰਡੀ ਦੁਬਈ, ਇੰਟਰਨੈਸ਼ਨਲ ਲਾਈਫਟਾਈਮ ਐਚੀਵਮੈਂਟ ਐਵਾਰਡੀ ਦੁਬਈ ਚੇਅਰਮੈਂਨ ਕੇ.ਐਸ. ਗੁਰੱਪ ਸ੍ਰੀ ਇੰਦਰਜੀਤ ਸਿੰਘ ਮੁੰਡੇ ਨੇ ਕਿਹਾ ਕਿ ਵਾਤਾਵਰਣ ਨੂੰ ਸੁਰੱਖਿਅਤ ਕਰਨਾ ਸਾਡੇ ਸਾਰਿਆਂ ਦਾ ਪਹਿਲ ਹੋਣੀ ਚਾਹੀਦੀ ਹੈ ਕਿਉਂਕਿ ਗੁਰੂਆਂ ਦਾ ਫ਼ਲਸਫ਼ਾ ਸਾਨੂੰ ਹਮੇਸ਼ਾ ਕੁਦਰਤ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੰਦਾ ਹੈ।

ਪੰਜਾਬੀਆਂ ਨੂੰ ਰੁੱਖ ਲਗਾ ਕੇ ਅਤੇ ਕੁਦਰਤੀ ਸਰੋਤਾਂ ਨੂੰ ਬਚਾ ਕੇ ਆਪਣੇ ਗੁਰੂਆਂ ਦੇ ਸੱਚੇ ਅਨੁਯਾਈ ਬਣਨਾ ਚਾਹੀਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਨਾ ਕਰਨ ਦੀ ਅਪੀਲ ਕੀਤੀ।

# ਸੰਜੀਵ ਸ਼ਰਮਾ ਬਣੇ ਬਰਨਾਲਾ ਲੋਕ ਸੇਵਾ ਦਲ ਦੇ ਪ੍ਰਧਾਨ

**ਬਰਨਾਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਬਰਨਾਲਾ ਲੋਕ ਸੇਵਾ ਦਲ ਵਲੋ ਪ੍ਰਧਾਨ ਦੀ ਚੋਣ ਕੀਤੀ ਗਈ ਸਰਬ ਸੰਮਤੀ ਨਾਲ ਸਾਰੇ ਮੈਂਬਰਾਂ ਵੱਲੋਂ ਸੰਜੀਵ ਸ਼ਰਮਾ ਨੂੰ ਪ੍ਰਧਾਨ ਬਣਾਇਆ ਗਿਆ ਅਤੇ ਬਾਕੀ ਦੀ ਟੀਮ ਬਣਾਉਣ ਦੇ ਅਧਿਕਾਰ ਦਿੱਤੇ ਗਏ ਇਸ ਦੀ ਜਾਣਕਾਰੀ ਬਰਨਾਲਾ ਲੋਕ ਸੇਵਾ ਦਲ ਦੇ ਸੈਕਟਰੀ ਮੋਹਨ ਲਾਲ ਗੋਇਲ ਨੇ ਦਿਤੀ।



ਉਹਨਾਂ ਨੇ ਦੱਸਿਆ ਕਿ ਨਵੇਂ ਬਣੇ ਬਰਨਾਲਾ ਲੋਕ ਸੇਵਾ ਦਲ ਦੇ ਪ੍ਰਧਾਨ ਸੰਜੀਵ ਸ਼ਰਮਾ ਨੇ ਨਵੀ ਮੈਨੇਜਮੈਂਟ ਕਮੇਟੀ ਵੀ ਮੋਕਾ ਪਰ ਹੀ ਬਣਾਉਦੇ ਹੋਏ ਵਾਇਸ ਪ੍ਰਧਾਨ ਰਾਜਿੰਦਰ ਕੁਮਾਰ ਸਦਿਉੜਾ,ਕੈਸ਼ੀਅਰ ਬਬਲੀ ਐਮਸੀ,ਜਰਨਲ ਸੈਕਟਰੀ ਮੋਹਨ ਲਾਲ ਗੋਇਲ,ਪੈਟਰਨ ਰਾਕੇਸ਼ ਕੁਮਾਰ ਸਿੰਗਲਾ,ਬਰਨਾਲਾ ਲੋਕ ਸੇਵਾ ਦਲ ਦਾ ਚੈਅਰਮੈਨ ਬਾਲ ਕਿ ?ਸ਼ਨ ਨੂੰ ਬਣਾਇਆ ਗਿਆ ਹੈ ਅਤੇ ਬਾਕੀ ਦੀ ਟੀਮ ਅਗਜੈਕਟਿਵ ਮੈਬਰ ਕਮੇਟੀ ਦੇ ਮੈਬਰ ਸਾਹਿਬਾਨਾ ਵਿਚੋਂ ਬਣਾਉਣ ਲਈ ਉਹਨਾ ਨੇ ਫੈਸਲਾ ਲਿਆ ਹੈ ਬਰਨਾਲਾ ਲੋਕ ਸੇਵਾ ਦਲ ਦੇ ਨਵੇਂ ਬਣੈ ਪ੍ਰਧਾਨ ਸੰਜੀਵ ਸ਼ਰਮਾ ਨੇ ਕਿਹਾ ਕਿ ਇਸ ਵਾਰ ਬਰਨਾਲਾ ਲੋਕ ਸੇਵਾ ਦਲ ਵਲੋ ਮਾਤਾ ਸ੍ਰੀ ਨੈਣਾ ਦੇਵੀ ਵਿਖੇ ਲੰਗਰ ਮਿਤੀ 02-08-2024 ਤੋ 13-08-2024 ਤੱਕ ਲੰਗਰ ਲਗਾਇਆ ਜਾਵੇਗਾ। ਇਸ ਲੰਗਰ ਵਿੱਚ ਮਾਤਾ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਭਗਤਾਂ ਲਈ ਚਾਹ,ਰੋਟੀ, ਦਵਾਈਆ,ਅਤੇ ਰਹਿਣ ਦਾ ਪ੍ਰੰਬਧ ਕੀਤਾ ਜਾਵੇਗਾ ਇਸ ਮੌਕੇ ਤੇ ਸੋਨੂੰ ਗਰਗ,ਡਾਕਟਰ ਵਰਿੰਦਰ ਕੁਮਾਰ, ਡਾਕਟਰ ਦਿਨੇਸ਼ ਕੁਮਾਰ, ਡਾਕਟਰ ਸੁਰਿੰਦਰ ਮੋਹਨ,ਡਾਕਟਰ ਦਰਸ਼ਨ, ਕਿ ?ਸ਼ਨ ਗੋਪਾਲ ਚੋਪੜਾ ਤੋ ਇਲਾਵਾ ਕਮੇਟੀ ਦੇ ਹੋਰ ਵੀ ਮੈਬਰ ਸਾਹਿਬਾਨ ਹਾਜਰ ਸਨ।

# ਖੇਤੀ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ ਕਿਸਾਨ 13 ਅਗਸਤ ਤੱਕ ਆਨ ਲਾਈਨ ਕਰ ਸਕਦੇ ਹਨ ਅਪਲਾਈ- ਡਿਪਟੀ ਕਮਿਸ਼ਨਰ ਪਠਾਨਕੋਟ

**ਪਠਾਨਕੋਟ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨ ਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਵੱਖ ਵੱਖ ਸਕੀਮਾਂ ਅਧੀਨ ਕਿਸਾਨ ਹਿੱਤਾਂ ਵਿੱਚ ਉਪਰਾਲੇ ਕੀਤੇ ਜਾਂ ਰਹੇ ਹਨ। ਇਸ ਮੁਹਿੰਮ ਤਹਿਤ ਰਾਜ ਵਿਚ ਖੇਤੀਬਾੜੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਪਠਾਨਕੋਟ ਸ਼੍ਰੀ. ਅਦਿੱਤਿਆ ਉੱਪਲ ਆਈ.ਏ. ਐਸ. ਜੀ ਦੀ ਯੋਗ ਅਗਵਾਈ ਹੇਠ ਕਿਸਾਨਾਂ ਵਿੱਚ ਖੇਤੀ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਹੈ।

ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਡਾ. ਹਰਮਿੰਦਰਪਾਲ ਸਿੰਘ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਚਾਹਵਾਨ ਕਿਸਾਨ ਖੇਤੀਬਾੜੀ ਮਸ਼ੀਨਰੀ ਜਿਵੇ ਕਿ ਪੈਡੀ ਟਰਾਂਸਪਲਾਂਟਰ, ਡੀ.ਐਸ.ਆਰ. ਡਰਿੱਲ, ਪੋਟੈਟੋ ਪਲਾਂਟਰ (ਆਟੋਮੈਟਿਕ/ਸੈਮੀ ਆਟੋਮੈਟਿਕ), ਟਰੈਕਟਰ ਆਪਰੇਟਿਡ ਬੂਮ ਸਪਰੇਅਰ, ਪੀਟੀ.ਓ. ਆਪਰੇਟਿਡ ਬੰਡ ਫੋਰਮਰ, ਆਇਲ ਮਿਲ, ਮਿੰਨੀ ਪ੍ਰੋਸੈਸਿੰਗ ਪਲਾਂਟ, ਨਰਸਰੀ ਸੀਡਰ ਸਬਸਿਡੀ ਦੀ ਦਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਪੰਜਾਬ ਸਰਕਾਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਆਨਲਾਈਨ ਪੋਰਟਲ agrimachinerypb.com ਤੇ ਮਿਤੀ 13-08-2024 ਤੱਕ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਕਿਸਾਨ, ਵਿਭਾਗ ਦੇ ਅਧੀਨ ਦਫਤਰਾਂ ਵਿੱਚ ਤਾਲਮੇਲ ਕਰ ਸਕਦੇ ਹਨ। ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ, ਡਾ. ਹਰਮਿੰਦਰਪਾਲ ਸਿੰਘ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਖੇਤੀਬਾੜੀ ਮਸ਼ੀਨਰੀ ਖਰੀਦਣ ਲਈ ਸਮੇਂ ਸਿਰ ਅਪਲਾਈ ਕੀਤਾ ਜਾਵੇ।

# ਨਗਰ ਕੌਂਸਲ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਲਗਾਤਾਰ ਜਾਰੀ

**ਸ੍ਰੀ ਅਨੰਦਪੁਰ ਸਾਹਿਬ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਗੁਰੂ ਨਗਰੀ ਨੂੰ ਹਰਿਆ ਭਰਿਆ ਬਣਾਉਣ ਲਈ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਹਰਿਆਵਲ ਮੁਹਿੰਮ ਲਗਾਤਾਰ ਜਾਰੀ ਹੈ। ਇਸੇ ਤਹਿਤ ਵਾਰਡ ਨੰ:-8 ਦੇ ਕੌਂਸਲਰ ਐਡਵੋਕੇਟ ਪਰਮਵੀਰ ਸਿੰਘ ਰਾਣਾ ਵੱਲੋਂ ਜਿੱਥੇ ਆਪਣੇ ਵਾਰਡ ਵਿੱਚ ਬੂਟੇ ਲਗਾਏ ਗਏ ਉੱਥੇ ਆਪ ਲੋਕਾਂ ਦੇ ਘਰ ਜਾ ਕੇ ਬੂਟੇ ਵੰਡੇ ਵੀ ਗਏ।



# ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਵੱਧ ਤੋਂ ਵੱਧ ਮੌਕੇ ਕੀਤੇ ਪ੍ਰਦਾਨ : ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**
ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਵਿਚ ਵੱਧ ਤੋਂ ਵੱਧ ਨੌਕਰੀਆਂ ਦੇ ਕੇ ਨੌਜਵਾਨਾਂ ਵਿਚ ਜੋਸ਼ ਭਰਿਆ ਹੈ, ਜਿਸ ਦੇ ਚੱਲਦਿਆਂ ਪੰਜਾਬ ਦੇ ਨੌਜਵਾਨ ਵਿਦੇਸ਼ ਨਾ ਜਾ ਕੇ ਹੁਣ ਪੰਜਾਬ ਦੀ ਸੇਵਾ ਲਈ ਕੰਮ ਕਰ ਰਹੇ ਹਨ।



ਉਹ ਅੱਜ ਸਿਵਲ ਸਰਜਨ ਦਫ਼ਤਰ ਵਿਖੇ ਆਮ ਆਦਮੀ ਕਲੀਨਿਕ ਲਈ 5 ਡਾਕਟਰਾਂ ਨੂੰ ਇੰਪੈਨਲਮੈਂਟ ਲੈਟਰ ਸੌਂਪਣ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਦਿ ਹੁਸ਼ਿਆਰਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਨੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਹੁਣ ਤੱਕ ਕਰੀਬ 900 ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਅਤੇ ਸੂਬਾ ਵਾਸੀਆਂ ਨੂੰ ਇਸ ਦਾ ਬਹੁਤ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਚ ਮਰੀਜ਼ਾਂ ਨੂੰ ਜਿਥੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ, ਉਥੇ ਉਨ੍ਹਾਂ ਦੇ ਟੈਸਟ ਵੀ ਮੁਫ਼ਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਨਵ-ਨਿਯੁਕਤ ਡਾਕਟਰਾਂ ਨੂੰ ਵੀ ਸੇਵਾ ਭਾਵਨਾ ਨਾਲ ਮਰੀਜ਼ਾਂ ਦਾ ਇਲਾਜ ਕਰਨ ਲਈ ਪ੍ਰੇਰਿਤ ਕੀਤਾ।

# ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਐਸ.ਡੀ.ਐਮਜ਼ ਅਤੇ ਡੀ.ਆਰ.ਓਜ਼ ਨਾਲ ਮੀਟਿੰਗ; ਕੌਮੀ ਸ਼ਾਹਮਾਰਗਾ ਲਈ ਜ਼ਮੀਨ ਪ੍ਰਾਪਤੀ ਦੀ ਪ੍ਰਗਤੀ ਦੀ ਕੀਤੀ ਸਮੀਖਿਆ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਕੌਮੀ ਸ਼ਾਹਮਾਰਗਾਂ ਲਈ ਜ਼ਮੀਨ ਐਕਵਾਇਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਅੱਜ ਇਥੇ ਰਾਜ ਭਰ ਦੇ ਉਪ ਮੰਡਲ ਮੈਜਿਸਟਰੇਟਾਂ (ਐਸਡੀਐਮਜ਼) ਅਤੇ ਜ਼ਿਲ੍ਹਾ ਮਾਲ ਅਫ਼ਸਰਾਂ (ਡੀਆਰਓਜ਼) ਨਾਲ ਮੀਟਿੰਗ ਕੀਤੀ।



ਤਿੰਨ ਘੰਟੇ ਤੋਂ ਵੀ ਲੰਬੀ ਚੱਲੀ ਇਸ ਮੀਟਿੰਗ ਦੌਰਾਨ ਲੋਕ ਨਿਰਮਾਣ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਪ੍ਰਿਅੰਕ ਭਾਰਤੀ, ਚੀਫ ਇੰਜੀਨੀਅਰ, ਨੈਸ਼ਨਲ ਹਾਈਵੇਜ਼, ਪੰਜਾਬ ਪੀ.ਡਬਲਯੂ.ਡੀ (ਬੀ.ਐਂਡ. ਆਰ.) ਸ. ਜੇ.ਐੱਸ.ਤੁੰਗ ਅਤੇ ਐਨ.ਐਚ.ਏ.ਆਈ., ਚੰਡੀਗੜ੍ਹ ਦੇ ਆਰ.ਓ. ਸ਼੍ਰੀ ਵਿਪਨੇਸ਼ ਸ਼ਰਮਾ ਨਾਲ ਚੱਲ ਰਹੇ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਕੌਮੀ ਸ਼ਾਹਮਾਰਗਾਂ ਲਈ ਜ਼ਮੀਨ ਪ੍ਰਾਪਤੀ ਦੌਰਾਨ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਲਈ ਰਣਨੀਤੀ 'ਤੇ ਚਰਚਾ ਕੀਤੀ।

ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਕੌਮੀ ਸ਼ਾਹਮਾਰਗਾਂ ਦੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਜ਼ਮੀਨ ਇਕਵਾਇਰ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਉਹ ਲੰਬਿਤ ਮਸਲਿਆਂ ਦਾ ਜਲਦੀ ਹੱਲ ਅਤੇ ਜ਼ਮੀਨ ਮਾਲਕਾਂ ਨੂੰ ਉਚਿਤ ਮੁਆਵਜ਼ਾ ਮਿਲਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਹ ਸਮੀਖਿਆ ਮੀਟਿੰਗ ਜਲਦੀ ਹੀ ਅਗਲੀ ਬੁਲਾਈ ਜਾਣ ਵਾਲੀ ਮੀਟਿੰਗ ਦੌਰਾਨ ਕਾਰਗੁਜ਼ਾਰੀ ਦੇ ਮੁਲਾਂਕਣ ਲਈ ਬੈਂਚਮਾਰਕ ਵਜੋਂ ਕੰਮ ਕਰੇਗੀ।

ਕੈਬਨਿਟ ਮੰਤਰੀ ਨੇ ਉਨ੍ਹਾਂ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਵੀ ਸ਼ਲਾਘਾ ਕੀਤੀ ਜਿੰਨ੍ਹਾਂ ਸਮਰਪਣ ਅਤੇ ਪ੍ਰੋਜੈਕਟਾਂ ਨੂੰ ਜਲਦੀ ਲਾਗੂ ਕਰਨ ਪ੍ਰਤੀ ਵਚਨਬੱਧਤਾ ਤਹਿਤ ਜ਼ਮੀਨ ਐਕਵਾਇਰ ਵਿੱਚ ਜ਼ੀਰੋ ਪੈਂਡੈਂਸੀ ਹਾਸਲ ਕੀਤੀ ਹੈ। ਉਨ੍ਹਾਂ ਹੋਰ ਅਧਿਕਾਰੀਆਂ ਨੂੰ ਇੰਨ੍ਹਾਂ ਅਧਿਕਾਰੀਆਂ ਤੋਂ ਸੇਧ ਲੈਂਦਿਆਂ ਆਪਣੀ ਕਾਰਗੁਜਾਰੀ ਵਿੱਚ ਨਿਖਾਰ ਲਿਆਉਣ ਵਾਸਤੇ ਯਤਨ ਕਰਨ ਲਈ ਪ੍ਰੇਰਿਤ ਕੀਤਾ।

ਇਸ ਦੌਰਾਨ ਐਸ.ਡੀ.ਐਮਜ਼ ਅਤੇ ਡੀ.ਆਰ.ਓਜ਼ ਨੇ ਲੋਕ ਨਿਰਮਾਣ ਮੰਤਰੀ ਨੂੰ ਇਕਾਵਾਇਰ ਕੀਤੀਆਂ ਗਈਆਂ ਜ਼ਮੀਨਾਂ ਦੀ ਰਾਸ਼ੀ ਇਸ ਦੇ ਮਾਲਕਾਂ ਨੂੰ ਸੌਂਪਣ ਬਾਰੇ ਮੌਜੂਦਾ ਸਥਿਤੀ ਅਤੇ ਜਿੱਥੇ ਕਿਤੇ ਵੀ ਜ਼ਮੀਨ ਮਾਲਕਾਂ ਨੂੰ ਆਪਣੀ ਜ਼ਮੀਨ ਦਾ ਕਬਜ਼ਾ ਕੌਮੀ ਸ਼ਾਹਮਾਰਗਾਂ ਦੇ ਪ੍ਰੋਜੈਕਟਾਂ ਲਈ ਦੇਣ ਲਈ ਮਨਾਉਣ ਦੀ ਲੋੜ ਹੈ, ਬਾਰੇ ਚੱਲ ਰਹੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਕਿ ਜ਼ਮੀਨ ਮਾਲਕਾਂ ਨੂੰ ਇੰਨ੍ਹਾਂ ਪ੍ਰੋਜੈਕਟਾਂ ਲਈ ਜ਼ਮੀਨ ਦੇਣ ਲਈ ਤਿਆਰ ਕਰਨ ਲਈ ਪਿੰਡਾਂ ਵਿੱਚ ਕੈਂਪ ਲਗਾਉਣ, ਜਮੀਨ ਮਾਲਕਾਂ ਤੱਕ ਨਿੱਜੀ ਤੌਰ 'ਤੇ ਪਹੁੰਚ ਕਰਕੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਕੀਤੇ ਜਾ ਰਹੇ ਹੋਰ ਯਤਨਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ।

ਮੀਟਿੰਗ ਦੀ ਸਮਾਪਤੀ ਕਰਦਿਆਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਅਤੇ ਕੌਮੀ ਸ਼ਾਹਮਾਰਗਾਂ ਰਾਹੀਂ ਸੰਪਰਕ ਵਧਾਉਣ ਲਈ ਆਪਣੀ ਵਚਨਬੱਧਤਾ ਵਿੱਚ ਅਡੋਲ ਹੈ।

# ਹੋਸਟਲ ਵਿੱਚ ਪਾਣੀ ਲਈ ਧਰਨੇ 'ਤੇ ਡਟੀਆਂ ਵਿਦਿਆਰਥਣਾਂ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਬੇਗੌਰੀ ਕਾਰਨ ਮਾਈ ਭਾਗੋ ਹੋਸਟਲ ਵਿੱਚ ਵਿਦਿਆਰਥਣਾਂ ਨੂੰ ਪੀਣ ਵਾਲੇ ਪਾਣੀ ਸਣੇ ਹੋਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਤਿੰਨ ਦਿਨਾਂ ਤੋਂ ਜਦੋਂ ਕਿਸੇ ਵੀ ਅਧਿਕਾਰੀ ਨੇ ਵਿਦਿਆਰਥਣਾਂ ਦੀ ਫਰਿਆਦ ਨਾ ਸੁਣੀ ਤਾਂ ਰਾਤ ਨੂੰ ਹੀ ਕੁੜੀਆਂ ਨੇ ਹੋਸਟਲ ਦੇ ਗੇਟ ਅੱਗੇ ਯੂਨੀਵਰਸਿਟੀ ਅਥਾਰਿਟੀ ਖ਼ਿਲਾਫ਼ ਮੁਜ਼ਾਹਰਾ ਕੀਤਾ। ਇਸ ਦੌਰਾਨ ਦਿਲਪ੍ਰੀਤ ਕੌਰ ਤੇ ਹੋਰ ਵਿਦਿਆਰਥੀ ਆਗੂਆਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਰਾਤ 1 ਵਜੇ ਤੱਕ ਧਰਨਾ ਲਗਾ ਕੇ ਮਾਈ ਭਾਗੋ ਹੋਸਟਲ 'ਚ ਸਹੂਲਤਾਂ ਲਈ ਸੰਘਰਸ਼ ਕਰਨਾ ਪਿਆ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੇ ਏਕੇ ਅੱਗੇ ਝੁਕਦੇ ਹੋਏ ਰਾਤ 9 ਵਜੇ ਮੋਟਰ ਦਾ ਪ੍ਰਬੰਧ ਕਰਕੇ ਪੀਣ ਵਾਲੇ ਪਾਣੀ ਦਾ ਅਸਥਾਈ ਪ੍ਰਬੰਧ ਕੀਤਾ ਗਿਆ। ਪ੍ਰਸ਼ਾਸਨ ਨੇ ਕਿਹਾ ਕਿ 3 ਘੰਟਿਆਂ ਦੇ ਅੰਦਰ ਪੀਣ ਵਾਲੇ ਪਾਣੀ ਦਾ ਪੱਕਾ ਪ੍ਰਬੰਧ ਹੋ ਜਾਵੇਗਾ। ਮੋਟਰ ਲੱਗ ਗਈ ਸੀ ਇਸ ਕਰਕੇ ਵਿਦਿਆਰਥੀਆਂ ਨੇ ਪ੍ਰਸ਼ਾਸਨ ਦੀ ਮੰਨ ਕੇ 3 ਘੰਟਿਆਂ ਲਈ ਧਰਨਾ ਚੁੱਕ ਦਿੱਤਾ, ਪਰ ਰਾਤ 12 ਵਜੇ ਤੱਕ ਵੀ ਪਾਣੀ ਦਾ ਪ੍ਰਬੰਧ ਨਹੀਂ ਹੋਇਆ ਤਾਂ ਵਿਦਿਆਰਥਣਾਂ ਨੇ ਹੋਸਟਲ ਦੇ ਬਾਹਰ ਮੁੜ ਮੁਜ਼ਾਹਰਾ ਕੀਤਾ। ਇਸ ਤੋਂ ਤੁਰੰਤ ਬਾਅਦ ਮੈਨਟੀਨੈਂਸ ਦੇ ਅਧਿਕਾਰੀਆਂ ਨੇ ਆ ਕੇ ਮੋਟਰ ਵੇਖੀ ਅਤੇ ਦੱਸਿਆ ਕਿ ਛੋਟੀ ਮੋਟਰ ਪਾਈ ਗਈ ਹੈ। ਇਸ ਦੌਰਾਨ ਮੈਨਟੀਨੈਂਸ ਮੁਲਾਜ਼ਮਾਂ 'ਤੇ ਭਰੋਸਾ ਕਰਕੇ ਵਿਦਿਆਰਥੀ ਸ਼ਾਂਤ ਹੋ ਗਏ ਅਤੇ ਅੱਜ ਸਵੇਰੇ ਇਕੱਠੇ ਯੂਕੋ ਦੀਆਂ ਕਲਾਸਾਂ 'ਚੋਂ ਬਾਹਰ ਆ ਕੇ ਯੂਨੀਵਰਸਿਟੀ ਵਿਚ ਨਾਅਰੇ ਲਗਾ ਕੇ ਮਾਰਚ ਕਰਦੇ ਹੋਏ ਡੀਨ ਵਿਦਿਆਰਥੀ ਭਲਾਈ ਦਫ਼ਤਰ ਅੱਗੇ ਧਰਨਾ ਦਿੱਤਾ। ਜਾਣਕਾਰੀ ਅਨੁਸਾਰ ਵਿਦਿਆਰਥਣਾਂ ਦੇ ਪ੍ਰਦਰਸ਼ਨ ਕਾਰਨ ਪ੍ਰਸ਼ਾਸਨ ਨੇ ਐਤਵਾਰ ਤੱਕ ਪਾਣੀ ਦਾ ਪ੍ਰਬੰਧ ਕਰਨ ਦਾ ਭਰੋਸਾ ਦੇ ਕੇ ਇਸ ਸਬੰਧੀ ਨੋਟਿਸ ਕੱਢ ਦਿੱਤਾ। ਇਸ ਦੌਰਾਨ ਵਿਦਿਆਰਥੀਆਂ ਨੇ ਕਿਹਾ ਕਿ ਜਦੋਂ ਤੱਕ ਪਾਣੀ ਦਾ ਪ੍ਰਬੰਧ ਨਹੀਂ ਹੁੰਦਾ ਵਿਦਿਆਰਥੀ ਸੰਘਰਸ਼ ਵਿੱਚ ਡਟੇ ਰਹਿਣਗੇ। ਵਿਦਿਆਰਥੀਆਂ ਨੇ ਸ਼ਾਮ 6 ਵਜੇ ਦੁਆਰਾ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ।



ਡੀਨ ਅਕਾਦਮਿਕ ਮਾਮਲੇ ਦੇ ਦਫ਼ਤਰ ਅੱਗੇ ਧਰਨੇ 'ਤੇ ਬੈਠੀਆਂ ਵਿਦਿਆਰਥਣਾਂ।

# ਵਿਧਾਇਕ ਮੁੰਡੀਆਂ ਵੱਲੋਂ ਪਿੰਡ ਭੂਖੜੀ ਕਲਾਂ 'ਚ ਬੁੱਢੇ ਦਰਿਆ 'ਤੇ ਪੁਲ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ



**ਲੁਧਿਆਣਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਜਿਸਦੇ ਤਹਿਤ ਹਲਕਾ ਸਾਹਨੇਵਾਲ ਵਿੱਚ ਵਿਕਾਸ ਕਾਰਜ਼ ਜੰਗੀ ਪੱਧਰ 'ਤੇ ਚੱਲ ਰਹੇ ਹਨ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਸਾਹਨੇਵਾਲ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਵੱਲੋਂ ਸਥਾਨਕ ਤਾਜਪੁਰ ਰੋਡ 'ਤੇ ਪਿੰਡ ਭੂਖੜੀ ਕਲਾਂ ਨੇੜੇ ਬੁੱਢਾ ਦਰਿਆ 'ਤੇ ਪੁਲ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਮੁੰਡੀਆਂ ਨੇ ਦੱਸਿਆ ਕਿ ਬੀਤੇ ਵਰ੍ਹੇ ਦਹਾਕਿਆਂ ਪੁਰਾਣਾ ਇਹ ਪੁਲ ਬਰਸਾਤੀ ਪਾਣੀ ਦੀ ਮਾਰ ਕਾਰਨ ਨੁਕਸਾਨਿਆ ਗਿਆ ਸੀ ਜਿਸ ਕਾਰਨ ਸਥਾਨਕ ਵਸਨੀਕਾਂ ਨੂੰ ਆਉਣਾ-ਜਾਣਾ ਔਖਾ ਹੋ ਗਿਆ ਸੀ। ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਇਲਾਕਾ ਨਿਵਾਸੀਆਂ ਦੀ ਪੁਰਜ਼ੋਰ ਮੰਗ 'ਤੇ ਇਸ ਪੁਲ ਦੇ ਪੁਨਰ-ਨਿਰਮਾਣ ਕਾਰਜ਼ ਸ਼ੁਰੂ ਕਰਵਾਏ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 1.28 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਅਗਲੇ ਦੋ ਮਹੀਨਿਆਂ ਵਿੱਚ ਮੁੜ ਨਵਾਂ ਪੁਲ ਤਿਆਰ ਹੋ ਜਾਵੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਤੈਅ ਸਮੇਂ ਵਿੱਚ ਮੁਕੰਮਲ ਕੀਤਾ ਜਾਵੇ ਤਾਂ ਜੋ ਰਾਹਗੀਰਾਂ ਦੀ ਆਵਾਜਾਈ ਸੁਖਾਵੀਂ ਹੋ ਸਕੇ। ਵਿਧਾਇਕ ਮੁੰਡੀਆਂ ਨੇ ਸਪੱਸ਼ਟ ਕੀਤਾ ਚੋਣਾਂ ਦੌਰਾਨ ਹਲਕੇ ਦੇ ਵਸਨੀਕਾਂ ਨਾਲ ਕੀਤੇ ਸਾਰੇ ਵਾਅਦੇ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਬੀਤੇ ਦਿਨੀਂ ਸਾਹਨੇਵਾਲ ਵਿਖੇ, 'ਸਰਕਾਰ ਤੁਹਾਡੇ ਦੁਆਰ' ਪਹਿਲਕਦਮੀ ਤਹਿਤ ਲੱਗੇ ਸੁਵਿਧਾ ਕੈਂਪ ਦਾ ਜ਼ਿਕਰ ਕਰਦਿਆਂ ਕਿਹਾ ਕਿ ਵਸਨੀਕਾਂ ਨੂੰ ਪਾਰਦਰਸ਼ੀ ਪ੍ਰਸ਼ਾਸ਼ਕੀ ਸੇਵਾਵਾਂ ਘਰ ਦੇ ਬੂਹਿਆਂ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜਿੱਥੇ ਬਿਨੈਕਾਰਾਂ ਵੱਲੋਂ ਵਿਧਵਾ ਪੈਨਸ਼ਨਾਂ, ਬੁਢਾਪਾ ਪੈਨਸ਼ਨਾਂ ਅਤੇ ਹੋਰ ਪ੍ਰਵਾਨਗੀਆਂ ਹੱਥੋ-ਹੱਥ ਪ੍ਰਾਪਤ ਕੀਤੀਆਂ ਗਈਆਂ। ਪੁਲ ਦੇ ਉਦਘਾਟਨ ਮੌਕੇ ਉਨ੍ਹਾਂ ਦੇ ਨਾਲ ਕਰਮਜੀਤ ਖਾਸੀ, ਜਸਪ੍ਰੀਤ ਸਿੰਘ ਪੰਧੇਰ, ਰਿੰਕਲ ਸੈਣੀ, ਸੁਖਵਿੰਦਰ ਸਿੰਘ ਰੰਧਾਵਾ, ਹਰਮਨ ਸਿੰਘ, ਰਿੰਕੂ, ਪ੍ਰਿੰਸ ਸੈਣੀ, ਬੱਬੂ ਮੁੰਡੀਆਂ ਤੋਂ ਇਲਾਵਾ ਪਿੰਡ ਦੇ ਵਸਨੀਕ ਵੀ ਮੌਜੂਦ ਸਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਇਕਾਈ ਦਾ ਕੀਤਾ ਗਿਆ ਗਠਨ



**ਡੇਰਾ ਬਸੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਬਾਰਕਪੁਰ ਰਾਮਗੜ੍ਹ ਰੋਡ ਤੇ ਸਥਿਤ ਪਿੰਡ ਕਕਰਾਲੀ ਵਿਖੇ ਇੱਕ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਡੇਰਾਬੱਸੀ ਦੇ ਪ੍ਰਧਾਨ ਜਸਵਿੰਦਰ ਸਿੰਘ ਟਿਵਾਣਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਮੀਟਿੰਗ ਵਿੱਚ ਪਿੰਡ ਵਾਸੀਆਂ ਨੇ ਬਲਾਕ ਪ੍ਰਧਾਨ ਜਸਵਿੰਦਰ ਸਿੰਘ ਟਿਵਾਣਾ ਨੂੰ ਪਿੰਡ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਇਕਾਈ ਬਣਾਉਣ ਦੀ ਪੇਸ਼ਕਸ਼ ਕੀਤੀ। ਜਿਸ ਤੋਂ ਬਾਅਦ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਪਿੰਡ ਕਕਰਾਲੀ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਇਕਾਈ ਦਾ ਗਠਨ ਕੀਤਾ ਗਿਆ।

ਜਿਸ ਵਿਚ ਸਰਵਸੰਮਤੀ ਨਾਲ ਪਿੰਡ ਦੀ ਕਿਸਾਨ ਇਕਾਈ ਦਾ ਪ੍ਰਧਾਨ ਬਲਕਾਰ ਸਿੰਘ, ਮੀਤ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਧਰਮ ਸਿੰਘ, ਖਜ਼ਾਨਚੀ ਗੁਰਪਾਲ ਸਿੰਘ ਨੂੰ ਬਣਾਇਆ ਗਿਆ। ਇਸ ਮੌਕੇ ਗੁਰਮੀਤ ਸਿੰਘ, ਕੁਲਵਿੰਦਰ ਸਿੰਘ, ਬਲਜੀਤ ਸਿੰਘ, ਹੀਰਾ ਸਿੰਘ, ਬਲਰਾਮ ਸਿੰਘ, ਅਮਰ ਸਿੰਘ ਸੁਭਾਸ਼ ਰਾਣਾ, ਹਰਦੀਪ ਸਿੰਘ ਸਮੇਤ ਅਨੇਕਾਂ ਪਿੰਡ ਵਾਸੀ ਮੌਜੂਦ ਸਨ।

# ਸਹਾਇਕ ਪ੍ਰੋਫੈਸਰਾਂ ਦੇ ਹੱਕ ਵਿੱਚ ਡਟੀ ਉਗਰਾਹਾਂ ਜਥੇਬੰਦੀ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨੇਬਰਹੁੱਡ ਕੈਂਪਸ ਅਤੇ ਕਾਂਸਟੀਚੂਐਂਟ ਕਾਲਜਾਂ ਵਿੱਚ ਕੰਮ ਕਰਦੇ ਸਹਾਇਕ ਪ੍ਰੋਫੈਸਰਾਂ (ਗੈਸਟ ਫੈਕਲਟੀ) ਵੱਲੋਂ ਆਪਣੀਆਂ ਮੰਗਾਂ ਮੰਨਵਾਉਣ ਲਈ ਡੀਨ ਅਕਾਦਮਿਕ ਦੇ ਦਫ਼ਤਰ ਅੱਗੇ ਲਾਇਆ ਪੱਕਾ ਧਰਨਾ ਅੱਜ 11ਵੇਂ ਦਿਨ ਵੀ ਜਾਰੀ ਰਿਹਾ। ਅੱਜ ਧਰਨੇ ਨੂੰ ਉਸ ਵੇਲੇ ਭਾਰੀ ਹੁੰਗਾਰਾ ਮਿਲਿਆ ਜਦੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੀਨੀਅਰ ਆਗੂ ਬਲਰਾਜ ਜੋਸ਼ੀ ਆਪਣੇ ਸਾਥੀਆਂ ਸਮੇਤ ਵੱਡੀ ਗਿਣਤੀ 'ਚ ਧਰਨੇ ਵਿੱਚ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਵਿੱਚ ਵਧ ਰਹੇ ਨਿੱਜੀਕਰਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਾਈਸ ਚਾਂਸਲਰ ਕੇਕੇ ਯਾਦਵ ਪੰਜਾਬ ਦੇ ਉੱਚ ਸਿੱਖਿਆ ਢਾਂਚੇ ਨੂੰ ਪ੍ਰਾਈਵੇਟ ਕਰਨਾ ਚਾਹੁੰਦਾ ਹੈ ਪਰ ਉਹ ਉਨ੍ਹਾਂ ਦੇ ਇਰਾਦਿਆਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ। ਕਿਸਾਨ ਆਗੂ ਬਲਰਾਜ ਜੋਸ਼ੀ ਨੇ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਪ੍ਰੋਫੈਸਰ ਕੋਈ ਵੱਡਾ ਪ੍ਰੋਗਰਾਮ ਉਲੀਕਣਗੇ ਤਾਂ ਉਨ੍ਹਾਂ ਦੀ ਜਥੇਬੰਦੀ ਭਾਰੀ ਇਕੱਠ ਨਾਲ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਵੇਗੀ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨੇਬਰਹੁੱਡ ਕੈਂਪਸ ਅਤੇ ਕਾਂਸਟੀਚੂਐਂਟ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਲਗਾਏ ਪੀਟੀਏ ਦੇ ਵਿਰੁੱਧ ਧਰਨੇ ਵਿੱਚ ਵੀ ਗੈਸਟ ਫੈਕਲਟੀ ਯੂਨੀਅਨ ਨੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਪ੍ਰੋ. ਬਲਵਿੰਦਰ ਸਿੰਘ, ਗੁਰਸੇਵਕ ਸਿੰਘ ਤੇ ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਹਾਇਕ ਪ੍ਰੋਫੈਸਰ ਸ਼ਾਮਲ ਸਨ। ਦੂਜੇ ਪਾਸੇ ਪੰਜਾਬੀ 'ਵਰਸਿਟੀ ਅਥਾਰਿਟੀ ਨੇ ਗੈਸਟ ਫੈਕਲਟੀ ਪ੍ਰੋਫੈਸਰਾਂ ਦੀ ਪ੍ਰਵਾਨਗੀ ਦੇਣ ਦੀ ਥਾਂ ਇੰਟਰਵਿਊ ਰੱਖ ਦਿੱਤੀ ਹੈ, ਜਦੋਂਕਿ ਇਹ ਪ੍ਰੋਫੈਸਰ ਪਹਿਲਾਂ ਹੀ ਇੰਟਰਵਿਊ ਕਰਵਾ ਕੇ ਭਰਤੀ ਕੀਤੇ ਗਏ ਹਨ।



ਪ੍ਰੋਫੈਸਰਾਂ ਦੇ ਧਰਨੇ ਨੂੰ ਸਮਰਥਨ ਦਿੰਦੇ ਹੋਏ ਕਿਸਾਨ ਆਗੂ ਬਲਰਾਜ ਜੋਸ਼ੀ।

# ਕਿਸਾਨਾਂ ਵੱਲੋਂ ਭਾਜਪਾ ਸਰਕਾਰ ਵਿਰੁੱਧ ਮੁਜ਼ਾਹਰੇ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਵੱਲੋਂ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਭਾਜਪਾ ਸਰਕਾਰ ਦੇ ਪੁਤਲੇ ਸਾੜੇ ਗਏ ਤੇ ਮੋਦੀ ਸਰਕਾਰ ਨੂੰ ਕਿਸਾਨ ਵਿਰੋਧੀ ਐਲਾਨਿਆ ਗਿਆ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਤੇ ਸਰਵਨ ਸਿੰਘ ਪੰਧੇਰ ਨੇ ਕਿਹਾ ਕਿ ਅੱਜ ਦੇਸ਼ ਭਰ ਵਿੱਚ ਕੇਂਦਰ ਸਰਕਾਰ ਅਤੇ ਭਾਜਪਾ ਦੀ ਹਰਿਆਣਾ ਸਰਕਾਰ ਵੱਲੋਂ ਆਪਣੇ ਹੀ ਦੇਸ਼ ਦੇ ਨਿਹੱਥੇ ਬੇਕਸੂਰ ਕਿਸਾਨਾਂ 'ਤੇ ਜ਼ੁਲਮ ਕਰਨ ਵਾਲੇ ਅਤੇ ਸ਼ੁਭਕਰਨ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਅਫ਼ਸਰਾਂ ਦੇ ਨਾਂ ਰਾਸ਼ਟਰਪਤੀ ਐਵਾਰਡ ਲਈ ਸਿਫ਼ਾਰਿਸ਼ ਕਰਨ ਦੇ ਰੋਸ ਵਜੋਂ ਪੁਤਲੇ ਫੂਕੇ ਗਏ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹੀ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਦਿੱਲੀ ਜਾ ਰਹੇ ਆਪਣੇ ਹੀ ਦੇਸ਼ ਦੇ ਨਾਗਰਿਕਾਂ 'ਤੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ 13, 14 ਅਤੇ 21 ਫਰਵਰੀ ਨੂੰ ਅਣਮਨੁੱਖੀ ਵਤੀਰਾ ਅਪਣਾਉਂਦਿਆਂ ਉਨ੍ਹਾਂ 'ਤੇ ਅਜਿਹੇ ਕੈਮੀਕਲ ਵਾਲੇ ਹਥਿਆਰਾਂ ਦਾ ਇਸਤੇਮਾਲ ਕੀਤਾ ਗਿਆ, ਜਿਨ੍ਹਾਂ ਦੇ ਇਸਤੇਮਾਲ ਦੀ ਇਜਾਜ਼ਤ ਕੋਈ ਵੀ ਕੌਮਾਂਤਰੀ ਕਾਨੂੰਨ ਵੀ ਨਹੀਂ ਦਿੰਦਾ।



ਕਿਸਾਨ ਆਗੂਆਂ ਨੇ ਕਿਹਾ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਵਿੱਚ ਭਾਜਪਾ ਸਰਕਾਰ ਵੱਲੋਂ ਲੋਕਤੰਤਰ ਅਤੇ ਸੰਵਿਧਾਨ ਦਾ ਘਾਣ ਕਰਦੇ ਹੋਏ ਆਪਣੇ ਹੀ ਦੇਸ਼ ਦੇ ਨਾਗਰਿਕਾਂ 'ਤੇ ਜ਼ੁਲਮ ਢਾਹੁਣ ਵਾਲੇ ਪੁਲੀਸ ਅਫ਼ਸਰਾਂ ਨੂੰ ਸਜ਼ਾ ਦੇਣ ਦੀ ਬਜਾਏ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।

# ਬਿਜਲੀ ਕੱਟਾਂ ਵਿਰੁੱਧ ਭੜਕੇ ਲੋਕ ਸੜਕਾਂ ਤੇ ਉਤਰੇ: ਬਨੂੜ-ਲਾਂਡਰਾਂ ਕੌਮੀ ਮਾਰਗ 'ਤੇ ਤੰਗੌਰੀ ਵਾਸੀਆਂ ਨੇ ਲਾਇਆ ਢਾਈ ਘੰਟੇ ਜਾਮ

## ਪਿਛਲੇ ਤਿੰਨ ਦਿਨਾਂ ਤੋਂ ਰਾਤ ਸਮੇਂ ਬਾਰਾਂ-ਬਾਰਾਂ ਘੰਟੇ ਦੇ ਕੱਟ ਲਾਉਣ ਦਾ ਲਾਇਆ ਦੋਸ਼

**ਬਨੂੜ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਨੂੜ ਖੇਤਰ ਵਿੱਚ ਬਿਜਲੀ ਸਪਲਾਈ ਦੇ ਵੱਡੇ-ਵੱਡੇ ਕੱਟਾਂ ਤੋਂ ਰੋਹ ਵਿੱਚ ਆਏ ਪਿੰਡ ਤੰਗੌਰੀ ਦੇ ਵਸਨੀਕਾਂ ਨੇ ਅੱਜ ਬਨੂੜ ਤੋਂ ਲਾਂਡਰਾਂ ਨੂੰ ਜਾਂਦੇ ਕੌਮੀ ਮਾਰਗ ਤੇ ਪਿੰਡ ਤੰਗੌਰੀ ਵਿਖੇ ਜਾਮ ਲਗਾਇਆ। ਪਿੰਡ ਦੇ ਵੱਡੀ ਗਿਣਤੀ ਵਿੱਚ ਮਰਦ ਅਤੇ ਔਰਤਾਂ ਸੜਕ ਵਿਚਾਲੇ ਧਰਨਾ ਲਗਾ ਕੇ ਬੈਠ ਗਏ। ਧਰਨਾਕਾਰੀਆਂ ਨੇ ਪੰਜਾਬ ਸਰਕਾਰ ਅਤੇ ਪਾਵਰਕੌਮ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ। ਸਵੇਰੇ ਸਾਢੇ ਦਸ ਵਜੇ ਤੋਂ ਲੱਗਿਆ ਜਾਮ ਦੁਪਹਿਰ ਇੱਕ ਵਜੇ ਖੋਲ੍ਹਿਆ ਗਿਆ। ਜਾਮ ਕਾਰਨ ਸੜਕ ਦੇ ਦੋਵੇਂ ਪਾਸੇ ਵਾਹਨਾਂ ਦੀ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ ਤੇ ਬੱਸਾਂ ਵਿੱਚ ਬੈਠੇ ਮੁਸਾਫਿਰ ਵੀ ਜਾਮ ਵਿੱਚ ਫਸੇ ਰਹੇ।



ਬਨੂੜ-ਲਾਂਡਰਾ ਕੌਮੀ ਮਾਰਗ 'ਤੇ ਪਿੰਡ ਤੰਗੌਰੀ ਵਿਖੇ ਲਗਾਏ ਜਾਮ ਦੌਰਾਨ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਧਰਨਾਕਾਰੀ।

ਪਿੰਡ ਵਾਸੀਆਂ ਨੇ ਦੱਸਿਆ ਕਿ ਪਿਛਲੇ ਤਿੰਨ ਦਿਨਾਂ ਤੋਂ ਉਨ੍ਹਾਂ ਅਤੇ ਇਸ ਖੇਤਰ ਦੇ ਪੰਜ ਹੋਰ ਪਿੰਡਾਂ ਵਿੱਚ ਰੋਜ਼ਾਨਾ ਰਾਤ ਨੂੰ ਨੌਂ ਵਜੇ ਬਿਜਲੀ ਦਾ ਕੱਟ ਲਗਾ ਦਿੱਤਾ ਜਾਂਦਾ ਹੈ ਤੇ ਸਵੇਰੇ ਨੌਂ ਵਜੇ ਲਾਈਟ ਛੱਡੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਬਾਰਾਂ ਬਾਰਾਂ ਘੰਟੇ ਦੇ ਲੰਮੇ ਕੱਟਾਂ ਕਾਰਨ ਸਖਤ ਗਰਮੀ ਵਿੱਚ ਲੋਕੀਂ ਸਾਰੀ ਸਾਰੀ ਰਾਤ ਜਾਗ ਕੇ ਕੱਟਦੇ ਹਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਲਈ ਵੀ ਪਾਵਰ ਸਪਲਾਈ ਚਾਰ ਘੰਟੇ ਤੋਂ ਵੀ ਘੱਟ ਦਿੱਤੀ ਜਾ ਰਹੀ ਹੈ। ਬਨੂੜ ਦੇ ਪਾਵਰਕੌਮ ਦੇ ਐਸਡੀਓ ਪ੍ਰਵੀਨ ਬਾਂਸਲ ਅਤੇ ਏਅਰੋਸਿਟੀ ਦੇ ਥਾਣਾ ਮੁਖੀ ਸਿਮਰਜੀਤ ਸਿੰਘ ਦੇ ਬਿਜਲੀ ਕੱਟ ਨਾ ਲਗਾਏ ਜਾਣ ਦੇ ਭਰੋਸੇ ਮਗਰੋਂ ਪਿੰਡ ਵਾਸੀਆਂ ਨਾ ਜਾਮ ਖੋਲ੍ਹ ਦਿੱਤਾ। ਇਸ ਮਗਰੋਂ ਆਵਾਜਾਈ ਚਾਲੂ ਹੋਈ ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਜ਼ਿਕਰਯੋਗ ਹੈ ਕਿ ਮੰਗਲਵਾਰ ਦੀ ਅੱਧੀ ਰਾਤ ਨੂੰ ਇਸੇ ਮਾਰਗ ਉੱਤੇ ਪਿੰਡ ਦੈੜੀ ਵਿਖੇ ਦਰਜਨ ਦੇ ਕਰੀਬ ਪਿੰਡਾਂ ਦੇ ਵਸਨੀਕਾਂ ਨੇ ਬਿਜਲੀ ਕੱਟਾਂ ਦੇ ਵਿਰੋਧ ਵਿੱਚ ਕੌਮੀ ਮਾਰਗ 'ਤੇ ਚਾਰ ਘੰਟੇ ਦੇ ਕਰੀਬ ਆਵਾਜਾਈ ਠੱਪ ਕੀਤੀ ਸੀ।

# ਸਿਹਤਮੰਦ ਬੇਟੀ ਮੰਨੂ ਭਾਕਰ ਨੇ ਓਲਪਿੰਕ ਮੈਡਲ ਜਿੱਤ ਕੇ ਦੇਸ਼ ਦਾ ਮਾਨ ਵਧਾਇਆ : ਡਾ. ਗਗਨ ਕੁੰਦਰਾ ਥੋਰੀ



**ਅੰਮ੍ਰਿਤਸਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰੈਡ ਕਰਾਸ ਸੁਸਾਇਟੀ,ਅੰਮ੍ਰਿਤਸਰ ਵੱਲੋ ਟੀ ਬੀ ਰੋਗੀ ਅਤੇ ਵਿਸ਼ੇਸ਼ ਰੂਪ ਵਿੱਚ ਲੜਕੀਆ ਲਈ ਇੱਕ ਸੈਲਫ ਹਾਈਜੀਨ ਕੈਂਪ ਦਾ ਆਯੋਜਨ ਵਰਕਿੰਗ ਵੂਮੈਨ ਹੋਸਟਲ, ਅੰਮ੍ਰਿਤਸਰ ਵਿਖੇ ਕੀਤਾ ਗਿਆ । ਇਸ ਕੈਂਪ ਵਿੱਚ ਟੀ ਬੀ ਮਰੀਜਾਂ ਅਤੇ ਬੇਟੀਆਂ ਨੇ ਭਾਗ ਲਿਆ। ਇਸ ਸਮਾਰੋਹ ਵਿੱਚ ਡਾ.ਗਗਨ ਕੁੰਦਰਾ ਥੋਰੀ, ਲੇਡੀ ਪ੍ਰਧਾਨ, ਰੈਡ ਕਰਾਸ ਸੁਸਾਇਟੀ, ਅੰਮ੍ਰਿਤਸਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਉਨ੍ਹਾ ਨੇ ਬੱਚੀਆਂ ਨੂੰ ਆਪਣੀ ਸੈਲਫ ਹਾਈਜੀਨ ਵੱਲ ਵਿਸ਼ੇਸ਼ ਧਿਆਨ ਰੱਖਣ ਬਾਰੇ ਪ੍ਰੇਰਿਤ ਕੀਤਾ ਅਤੇ ਉਨ੍ਹਾ ਨੇ ਕਿਹਾ ਕਿ ਸਿਹਤਮੰਦ ਅਤੇ ਤਦਰੁੰਸਤ ਬੇਟੀਆ ਭਾਰਤ ਦੇ ਨਿਰਮਾਣ ਵਿੱਚ ਉਘਾ ਯੋਗਦਾਨ ਦੇ ਰਹਿਆ ਹਨ। ਜਿਸ ਦੀ ਉਦਾਹਰਨ ਪੈਰਿਸ ਓਲਪਿੰਕ ਵਿਜੇਤਾ ਮੰਨੂ ਭਾਕਰ ਹੈ। ਜਿਸ ਨੇ ਪੈਰਿਸ ਵਿੱਚ ਦੋ ਮੈਡਲ ਜਿੱਤ ਕੇ ਭਾਰਤ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਸਾਰੀਆਂ ਧੀਆਂ ਨੂੰ ਮੰਨੂ ਭਾਕਰ ਦੇ ਜੀਵਨ ਤੋ ਪ੍ਰੇਰਨਾ ਲੈਣੀ ਚਾਹੀਦੀ ਹੈ ।

ਇਸ ਮੌਕੇ ਤੇ ਉਨ੍ਹਾ ਸੈਲਫ ਹਾਈਜੀਨ ਕਿੱਟਾਂ ਦੀ ਵੰਡ ਕੀਤੀ।

ਇਸ ਸਮਾਰੋਹ ਦੇ ਆਯੋਜਕ ਸ਼੍ਰੀ ਸੈਮਸਨ ਮਸੀਹ, ਕਾਰਜਕਾਰੀ ਸਕੱਤਰ, ਰੈਡ ਕਰਾਸ ਸੁਸਾਇਟੀ ਨੇ ਲਾਏ ਹੋਏ ਮੁੱਖ ਮਹਿਮਾਨ ਅਤੇ ਸਾਰੇ ਭਾਗੀਦਾਰਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਇਸ ਮੌਕੇ ਤੇ ਸ੍ਰੀ ਵਿਨੋਦ ਕੁਮਾਰ, ਸ਼੍ਰੀ ਮੁਕੁਲ ਸ਼ਰਮਾ, ਸ਼੍ਰੀ ਮਤੀ ਰਜਨੀ ਬਾਲਾ ਅਤੇ ਮਿਸ ਨੇਹਾ ਵੀ ਹਾਜਰ ਸਨ ।

# ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾ.ਫ ਬਗਾਵਤ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਬਲਾਕ ਦੇ ਸੀਨੀਅਰ ਅਕਾਲੀ ਆਗੂਆਂ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਾਨਾਸ਼ਾਹੀ ਨੀਤੀਆਂ ਦਾ ਤਿਆਗ ਕਰ ਕੇ ਪਾਰਟੀ ਆਹੁਦੇ ਤੋਂ ਅਸਤੀਫਾ ਦੇਣ ਦੀ ਮੰਗ ਕੀਤੀ ਗਈ ਹੈ।



ਅੱਜ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਹਰਵਿੰਦਰ ਸਿੰਘ ਕਾਕੜਾ, ਜ਼ਿਲ੍ਹਾ ਸਲਾਹਕਾਰ ਇੰਦਰਜੀਤ ਸਿੰਘ ਤੂਰ, ਹਰਵਿੰਦਰ ਸਿੰਘ ਢਿੱਲੋਂ, ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਹਰਜੀਤ ਸਿੰਘ ਬੀਟਾ ਤੂਰ, ਅਜੈਬ ਸਿੰਘ ਗਹਿਲਾਂ, ਡਾ ਗੁਰਚਰਨ ਸਿੰਘ ਪੰਨਵਾਂ, ਦਿਲਬਾਗ ਸਿੰਘ ਆਲੋਅਰਖ, ਦਰਸ਼ਨ ਸਿੰਘ ਦਿਆਲਗੜ੍ਹ , ਬਲਜਿੰਦਰ ਸਿੰਘ ਬਿੱਟੂ ਅਤੇ ਅਜੈਬ ਸਿੰਘ ਬਖੋਪੀਰ ਨੇ ਕਿਹਾ ਕਿ ਪੰਜਾਬ ਅਤੇ ਪੰਥ ਦੀ ਸਭ ਤੋਂ ਪੁਰਾਣੀ ਪਾਰਟੀ 2017 ਤੋਂ ਬਾਅਦ ਹੋਈਆਂ ਵਿਧਾਨ ਸਭਾ ਅਤੇ ਸੰਸਦੀ ਚੋਣਾਂ ਵਿਚ ਲਗਾਤਾਰ ਬੁਰੀ ਤਰ੍ਹਾਂ ਹਾਰਾਂ ਦਾ ਸਾਹਮਣਾ ਕਰ ਰਹੀ ਹੈ।

# ਬਾਬਾ ਖੇਤਰਪਾਲ ਦਾ ਸਲਾਨਾ ਜੋੜ ਮੇਲਾ ਅਮਿਟ ਯਾਦਾਂ ਛੱਡਦਾ ਹੋਇਆ ਸੰਪੰਨ



**ਜ਼ੀਰਾ ,5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਖੇਤਰਪਾਲ ਦਾ ਸਾਲਾਨਾ ਜੋੜ ਮੇਲਾ ਮੱਲਾਂ ਵਾਲਾ ਖਾਸ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ । ਇਸ ਸਲਾਨਾ ਜੋੜ ਮੇਲੇ ਤੇ ਪੰਜਾਬ ਦੇ ਮਸ਼ਹੂਰ ਲੋਕ ਗਾਇਕ ਜਸਪ੍ਰੀਤ ਜੱਸੀ,ਸਰੀਫ ਦਿਲਦਾਰ ਤੇ ਰੁਖਸਾਨਾ ਖਾਨ ਨੇ ਪਹੁੰਚ ਕੇ ਲੋਕਾਂ ਦਾ ਮਨੋਰੰਜਨ ਕੀਤਾ ਜੋ ਕਿ ਸਰੋਤਿਆਂ ਦਾ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਬਣੇ ਰਹੇ । ਇੱਥੇ ਇਹ ਵੀ ਦੱਸ ਦਈਏ ਕਿ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪਹਿਲੀ ਵਾਰ ਅਖਾੜੇ ਦਾ ਪ੍ਰੋਗਰਾਮ ਕਰਵਾਇਆ ਗਿਆ । ਇਸ ਮੌਕੇ ਬਾਬਾ ਖੇਤਰਪਾਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦਰਬਾਰ ਤੇ ਪਹੁੰਚੀਆਂ ਸੰਗਤਾਂ ਅਤੇ ਪੱਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ । ਕਮੇਟੀ ਪ੍ਰਧਾਨ ਸੂਰਜ ਅਟਵਾਲ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਖੇਤਰਪਾਲ ਦੇ ਦੇਸ਼ ਵਿੱਚ ਅਨੇਕਾਂ ਮੰਦਿਰ ਹਨ, ਓਸੇ ਤਰ੍ਹਾਂ ਹੀ ਬਾਬਾ ਖੇਤਰਪਾਲ ਦੀ ਇਹ ਜਗ੍ਹਾ ਵੀ ਮੰਨਣ ਯੋਗ ਹੈ । ਇੱਥੇ ਅਨੇਕਾਂ ਹੀ ਲੋਕ ਆਪਣੀਆਂ ਮਨੋਕਾਮਨਾ ਲੈ ਕੇ ਆਉਂਦੇ ਹਨ ਜੋ ਕੇ ਲੋਕਾਂ ਦੀਆਂ ਸ਼ਰਧਾ ਭਾਵਨਾ ਸਹਿਤ ਪੂਰੀਆਂ ਹੁੰਦੀਆਂ ਹਨ, ਜਿਸ ਦੀਆਂ ਰੌਣਕਾਂ ਹਰ ਸਾਲ ਜੁਲਾਈ ਮਹੀਨੇ 'ਚ 15 ਸਾਉਣ ਨੂੰ ਮੇਲੇ ਵਜੋਂ ਦੇਖਣ ਨੂੰ ਮਿਲਦੀਆਂ ਹਨ । ਇਸ ਮੇਲੇ ਵਿੱਚ ਸਮੂਹ ਇਲਾਕਾ ਨਿਵਾਸੀਆਂ ਅਤੇ ਮੱਲਾਂਵਾਲਾ ਖਾਸ ਤੇ ਫਿਰੋਜ਼ਪੁਰ ਦੀ ਸਮੂਹ ਸੰਗਤ ਅਤੇ ਐਨ ਆਰ ਆਈ ਵੀਰ ਦਾ ਸਹਿਯੋਗ ਰਿਹਾ । ਇਸ ਮੌਕੇ ਕਮੇਟੀ ਪ੍ਰਧਾਨ ਸੂਰਜ ਅਟਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਮੇਲਾ ਪਹਿਲੀ ਵਾਰ ਵੱਡੇ ਪੱਧਰ ਤੇ ਸ਼ਰੀਫ ਦਿਲਦਾਰ ਜਸਪ੍ਰੀਤ ਜੱਸੀ ਅਤੇ ਰੁਖਸਾਨਾ ਖਾਨ ਦੇ ਅਖਾੜੇ ਨਾਲ ਮਨਾਇਆ ਗਿਆ ਹੈ । ਇਸ ਤੋਂ ਪਹਿਲਾਂ ਸਧਾਰਨ ਤਰੀਕੇ ਨਾਲ ਚੌਲ ਕੜੀ ਦਾ ਪ੍ਰਸ਼ਾਦ ਵਰਤਾ ਕੇ ਸੰਗਤਾਂ ਮਨਾਉਂਦੀਆਂ ਸਨ ਪਰ ਇਸ ਵਾਰ ਕੋਸ਼ਿਸ਼ ਕੀਤੀ ਗਈ ਕਿ ਮੇਲੇ ਵਿੱਚ ਨਵਾਂ ਰੰਗ ਭਰਿਆ ਜਾਵੇ । ਜਿਸ ਤਹਿਤ ਸੰਗਤਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਇਹ ਮੇਲਾ ਵੱਡੇ ਪੱਧਰ ਤੇ ਮਨਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅਗਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਹੋਰ ਵੱਡਾ ਉਪਰਾਲਾ ਕਰਕੇ ਹੋਰ ਵੱਡੇ ਪੱਧਰ ਤੇ ਮਨਾਉਣ ਦੀ ਕੋਸ਼ਿਸ਼ ਕਰਾਂਗੇ ।

ਇਸ ਮੇਲੇ ਦੌਰਾਨ ਚਾਹ ਪਕੌੜੇ, ਮਿੱਠੇ ਚੌਲ, ਲੰਗਰ ਪ੍ਰਸ਼ਾਦਾ ਅਟੁੱਟ ਵਰਤਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਮੁੱਖ ਸੇਵਾਦਾਰ ਭਿੰਦਾ ਨਾਥ, ਪ੍ਰਧਾਨ ਸੂਰਜ ਅਟਵਾਲ, ਬਾਬਾ ਦਿਲਜੀਤ ਸਿੰਘ ਫਿਰੋਜ਼ਪੁਰ, ਗੁਰਤੇਜ ਸਿੰਘ (ਕਾਲੂ), ਸੱਤਪਾਲ ਭੱਟੀ ਆਰਟਿਸਟ, ਮਨੀ ਅਟਵਾਲ, ਜ਼ੋਰਾ ਅਟਵਾਲ,ਸੰਦੀਪ ਸੀਪਾ,ਸਾਜਨ ਅਟਵਾਲ, ਮਦਨ ਅਟਵਾਲ, ਸਾਗਰ ਸੰਧੂ ,ਸੁਰਜੀਤ ਸਿੰਘ ਅਟਵਾਲ, ਹਰਜੀਤ ਸਿੰਘ ਅਟਵਾਲ ਪ੍ਰਧਾਨ ਟੈਕਸੀ ਯੂਨੀਅਨ, ਗੁਰਪ੍ਰੀਤ ਸਿੰਘ ਸੰਧੂ, ਗਗਨ, ਹਰਜਿੰਦਰ ਸੰਧੂ, ਲਵ ਭੱਟੀ,ਸੋਨੂੰ ਅਟਵਾਲ,ਮਨਜੀਤ ਮਿਸਤਰੀ ,ਦਿਲਬਾਗ ਸਿੰਘ,ਮਨੋਜ ਨਿਊਜ਼ੀਲੈਂਡ, ਦਿਲਜੀਤ ਯੂ ਕੇ, ਅਮਨ ਮਲੇਸ਼ੀਆ ਆਦਿ ਹੋਰ ਅਨੇਕਾਂ ਸੰਗਤਾਂ ਅਤੇ ਸੇਵਾਦਾਰ ਹਾਜ਼ਰ ਸਨ।

# ਅਜਾਪਾਲ ਸਿੰਘ ਖਾਲਸਾ ਸਕੂਲ ਨਾਭਾ ਵਿਖੇ ਲਗਾਏ ਛਾਂਦਾਰ ਤੇ .ਫਲਦਾਰ ਬੂਟੇ

**ਨਾਭਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਥੇਦਾਰ ਸ੍ਰੀ ਅਕਾਲ ਤਖ਼ਤ ਸਹਿਬ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਨਿਰਦੇਸ਼ਾਂ ਹੇਠ ਵਾਤਾਵਰਣ ਦੀ ਸ਼ੁੱਧਤਾ ਤੇ ਸੰਭਾਲ ਨੂੰ ਮੁੱਖ ਰੱਖਦਿਆਂ ਕਈ ਕਿਸਮਾਂ ਦੇ ਫਲਦਾਲ, ਛਾਂਦਾਰ ਬੂਟੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਹੇ ਬਾਬਾ ਅਜਾਪਾਲ ਸਿੰਘ ਖ਼ਾਲਸਾ ਪਬਲਿਕ ਸਕੂਲ (ਆਈ ਸੀ ਐਸ ਈ)ਨਾਭਾ ਵਿਖੇ ਲਗਾਏ ਗਏ ਇਸ ਮੌਕੇ ਬੀਬੀ ਹਰਦੀਪ ਕੌਰ ਖੋਖ ਅਗਜੈਕਟਿਵ ਮੈਂਬਰ ਐੱਸ.ਜੀ.ਪੀ.ਸੀ ਨੇ ਕਿਹਾ ਕਿ ਹਰ ਇੱਕ ਵਿਆਕਤੀ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹਿੰਦੇ ਹਨ ਤਾਂ ਜ਼ੋ ਅਜੋਕੇ ਬਦਲੇ ਵਾਤਾਵਰਣ ਚ ਸੁਧਾਰ ਹੋ ਸਕੇ ਇਸ ਮੋਕੇ ਉਨਾ ਨਾਲ ਜਥੇਦਾਰ ਬਲਤੇਜ ਸਿੰਘ ਖੋਖ , ਸਕੂਲ ਦੇ ਪ੍ਰਿੰਸੀਪਲ ਮੈਡਮ ਤੇਜਿੰਦਰ ਕੌਰ ,ਜੱਸਾ ਖੋਖ ਮੁੱਖ ਬੁਲਾਰਾ ਯੂਥ ਅਕਾਲੀਦਲ, ਇਨਵਾਇਰਮੈਂਟ ਕਲੱਬ ਦੇ ਮੈਂਬਰ ਅਮ੍ਰਿ ਕੋਰ,ਕੋਆਰਡੀਨੇਟਰ ਸ਼ਰਨਜੀਤ ਕੋਰ ,ਪ੍ਰਭਜੋਤ ਸਿੰਘਮਨਦੀਪ ਕੋਰ ਬੇਦੀ , ਰਸਲੀਨ ਕੋਰ,ਮਨਪ੍ਰੀਤ ਕੋਰ,ਰੁਕਸਾਨਾਂ ਸ਼ਾਹ,ਦਸਮੇਸ਼ ਦੀਪ ਕੋਰ, ਡਿੰਪਲ, ਜਸਪ੍ਰੀਤ ਕੋਰ,ਗੁਰਬੀਰ ਕੋਰ,ਕੋਮਲ ਸ਼ਰਮਾ, ਨੀਰੂ ਖੋਸਲਾ, ਅਰਪਨ ਸਿੰਘ ,ਕਰਮਜੀਤ ਕੋਰ ਹਾਜਰ ਸੀ।

# ਐਚਡੀਐਫਸੀ ਬੈਂਕ ਨੇ ਨਿਵੇਸ਼ ਧੋਖਾਧੜੀ ਦੇ ਵਿਰੁੱਧ ਚੌਕਸੀ ਬਰਤਾਨੇ ਦਾ ਇੱਕ ਮਹੱਤਵਪੂਰਨ ਸੰਦੇਸ਼ ਸਾਂਝਾ ਕੀਤਾ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਸਭ ਤੋਂ ਵੱਡੀ ਨਿੱਜੀ ਖੇਤਰ ਦੀ ਬੈਂਕ ਐਚਡੀਐਫਸੀ ਬੈਂਕ ਨੇ ਤੁਹਾਡੇ ਗਾਹਕਾਂ ਨੂੰ ਧੋਖਾਧੜੀ ਵਾਲੇ ਪਲੇਟਫਾਰਮ ਤੋਂ ਰਹਿਣ ਦੀ ਸਲਾਹ ਦਿੱਤੀ ਹੈ, ਜੋ ਜ਼ਿਆਦਾਤਰ ਸੋਸ਼ਲ ਮੀਡੀਆ ਪਲੇਟਫਾਰਮ ਦੇ ਮਾਧਿਅਮ ਤੋਂ ਨਿਵੇਸ਼ ਦੇ ਮੌਕੇ ਪ੍ਰਦਾਨ ਕਰਦੇ ਹਨ। ਰਾਸ਼ਟਰ ਗਾਹਕਾਂ ਦੀ ਸੁਰੱਖਿਆ ਲਈ ਸੰਭਾਵੀ ਨਿਵੇਸ਼ ਧੋਖਾਧੜੀ ਬਾਰੇ ਤੁਹਾਡੇ ਉਦੇਸ਼ ਨੂੰ ਵਧਾਉਣਾ ਹੈ। ਨਿਵੇਸ਼ ਧੋਖਾਧੜੀ ਦੇ ਮਾਮਲਿਆਂ ਵਿੱਚ ਧੋਖੇਬਾਜ਼ ਆਮ ਤੌਰ 'ਤੇ ਵਿਕਲਪ, ਆਈਪੀਓ, ਕ੍ਰਿਪਟੋਕਰੈਂਸੀ, ਬਿਟਕੋਇਨ ਆਦਿ ਵਿੱਚ ਨਿਵੇਸ਼ ਲਈ ਲਾਭਦਾਇਕ ਤੌਰ 'ਤੇ ਉੱਚ ਰਿਟਰਨ ਦਾ ਵਾਦਾ ਕਰਦਾ ਹੈ। ਇਹ ਕਾਪੀ ਦੀ ਸਵੈ-ਚਾਲਤ ਨਿਵੇਸ਼ ਪਲੇਟਫਾਰਮ ਜਾਂ ਐਪ ਬਣਾਉਣਾ ਸ਼ਾਮਲ ਹੈ, ਜਿਸ ਵਿੱਚ ਪੀੜਿਤਾਂ ਨੂੰ ਨਿਵੇਸ਼ ਵਿੱਚ ਰਿੱਟ ਕਰਨ ਦਾ ਸੰਕੇਤ ਦੇਣ ਵਾਲੇ ਉੱਚ ਗਲਤੀ ਡੈਸ਼ਬੋਰਡ ਦਿਖਾਉਂਦੇ ਹਨ। ਇਸ ਤਰ੍ਹਾਂ ਦੇ ਪਲੇਟਫਾਰਮ 'ਤੇ ਸੋਸ਼ਲ ਮੀਡੀਆ 'ਤੇ ਵੀ ਪ੍ਰਚਾਰ ਕੀਤਾ ਜਾਂਦਾ ਹੈ, ਜਿਸ ਵਿੱਚ ਲੋਕਾਂ ਨੂੰ ਉੱਚ ਰਿਟਰਨ ਵਾਲੀ ਨਿਵੇਸ਼ ਯੋਜਨਾਵਾਂ ਸ਼ਾਮਲ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ, ਜੋ ਅਸਲ ਵਿੱਚ ਫਰਜੀ ਹੁੰਦੀ ਹੈ। ਧੋਖੇਬਾਜ਼ ਆਮ ਤੌਰ 'ਤੇ ਸੋਸ਼ਲ ਇੰਜਨੀਅਰਿੰਗ ਰਣਨੀਤੀਆਂ ਦੁਆਰਾ ਲੋਕਾਂ ਨੂੰ ਸ਼ੋਸ਼ਣ ਕਰਦੇ ਹਨ, ਹਾਲਾਂਕਿ ਸਮੇਂ ਦੇ ਨਾਲ ਰਹਿਣਾ ਅਤੇ ਸਹੀ ਪਰਿਸ਼ਰਮ ਦੇ ਬਾਅਦ ਹੀ ਲੇਨ-ਡੇਨ ਧੋਖੇਬਾਜ਼ਾਂ ਦੇ ਮਾਧਿਅਮ ਤੋਂ ਮਦਦ ਕਰਨ ਵਿੱਚ ਮਦਦ ਕਰਦੇ ਹਨ। ਐੱਚ.ਡੀ.ਐੱਫ.ਸੀ. ਬੈਂਕ ਦੀ ਕਾਰਜਪ੍ਰਣਾਲੀ - ਕ੍ਰੈਡਿਟ ਇੰਟੈਲੀਜੈਂਸ ਅਤੇ ਕੰਟਰੋਲ, ਸ਼੍ਰੀ ਮਨੀ ਅਗਰਵਾਲ ਨੇ ਇਸ ਧੋਖਾਧੜੀ ਬਾਰੇ ਚੇਤਾਵਨੀ ਦਿੰਦੇ ਹੋਏ ਕਿਹਾ, ÷ਹਮ ਨਿਵੇਸ਼ ਨਾਲ ਧੋਖਾਧੜੀ ਦੇ ਮਾਮਲਿਆਂ ਦੀ ਸੰਖਿਆ ਵਧ ਰਹੀ ਹੈ ਅਤੇ ਇਸ ਦੇ ਵਿਕਾਸ ਬਾਰੇ ਵਿਆਪਕਤਾ ਅਤੇ ਗਿਆਨ ਪੈਦਾ ਕਰਨਾ ਹੈ। ਵਿੱਚ ਮਦਦ ਕਰਨਾ ਚਾਹੁੰਦੇ ਹਨ, ਉਪਭੋਗਤਾਵਾਂ ਵਿੱਚ ਭਾਰਤੀ ਯੋਜਨਾਵਾਂ ਨੂੰ ਸ਼ਿਕਾਰ ਬਣਾਉਣਾ ਸੰਭਵ ਹੈ। ਭੂਮਿਕਾ ਨਿਭਾਤੀ ਹੈ।÷ ਨਿਵੇਸ਼ ਘੋਲਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਸੁਝਾਅ - ਨਿਵੇਸ਼ ਕਰਨ ਲਈ ਉਪਯੁਕਤ ਪਰਸ਼ਰਾਮ: ਨਿਵੇਸ਼ ਕਰਨ ਵਾਲੀ ਵਿਅਕਤੀ ਸਭ ਤੋਂ ਪਹਿਲਾਂ ਪੇਸ਼ਕਸ਼ ਕਰਨ ਵਾਲੀ ਕੰਪਨੀ, ਉਨ੍ਹਾਂ ਦੀ ਟ੍ਰੈਕ ਰਿਕਾਰਡਿੰਗ ਅਤੇ ਪ੍ਰਮਾਣਿਕਤਾ ਬਾਰੇ ਸਹੀ ਖੋਜ ਕਰੋ। ਸਿਰਫ਼ ਰਜਿਸਟਰਡ ਬ੍ਰੋਕਰ ਕੇ ਮਾਧਿਅਮ ਤੋਂ ਨਿਵੇਸ਼ ਕਰੋ। ਉੱਚ ਰਿਟਰਨ ਦੇਣ ਵਾਲੇ ਨਿਵੇਸ਼ਕ: ਘੱਟ ਤੋਂ ਘੱਟ ਜੋਖਮ ਦੇ ਨਾਲ ਸੰਭਵ ਤੌਰ 'ਤੇ ਉੱਚ ਰਿਟ ਵਾਦਾ ਕਰਨ ਵਾਲੇ ਅਨਚਾਹੇਰਤ ਨਿਵੇਸ਼ ਦੇ ਮੌਕੇ ਦੇ ਨਾਲ ਬਰਦਾਸ਼ਤ ਕਰਦੇ ਹਨ ਅਤੇ ਆਨਲਾਈਨ ਭੌਤਿਕ ਫੋਲੋ ਯੂਨਿਟ: ਯਕੀਨੀ ਬਣਾਓ ਕਿ ਜਿਸ ਦੇ ਮਾਧਿਅਮ ਤੋਂ ਸਮਰਥਕ ਹੈ, ਤੁਹਾਡੀ ਵੈਬਸਾਈਟ , ਸਹੀ ਸੰਪਰਕ ਨੰਬਰ ਅਤੇ ਭੌਤਿਕ ਪਤਾ ਹੋ। ਤਾਤਕਾਲਿਕ ਭਾਵਨਾ: ਨਿਵੇਸ਼ਕ ਦੇ ਮੌਕੇ ਦੀ ਕਿਸੇ ਵੀ ਸਮੇਂ ਜਾਂ ਵਿਸ਼ੇਸ਼ਤਾ ਦਾ ਦਾਅਵਾ ਕਰਕੇ ਦਬਾਅ ਮਹਿਸੂਸ ਨਾ ਕਰੋ। ਇਨ ਯੁਕਤਾਂ ਦੇ ਉਦੇਸ਼ ਪੀੜਿਤਾਂ 'ਤੇ ਜਲਦੀ ਤੋਂ ਜਲਦੀ ਦਬਾਅ ਪਾਉਣਾ ਅਤੇ ਉਨ੍ਹਾਂ ਦੀ ਗਹਿਰਾਈ ਨਾਲ ਖੋਜ ਕਰਨਾ ਬੰਦ ਕਰ ਦਿੱਤਾ ਜਾਂਦਾ ਹੈ।

ਵਿਸਥਾਰ ਵਿੱਚ ਜਾਣਕਾਰੀ ਦੇਣ ਲਈ ਇਨਕਾਰ ਕਰਨਾ।-ਸੰਦਿਗਧ ਘੋਟਾਲੇ ਦੀ ਰਿਪੋਰਟ ਕਰੋ: www.sancharsaathi.gov.in 'ਤੇ ਚਖੂ ਅੱਪਡੇਟ 'ਤੇ ਕਿਸੇ ਵੀ ਸੰਦਿਗਧ ਕਾਲ/ਸੰਦੇਸ਼ ਦੀ ਰਿਪੋਰਟ ਕਰੋ, ਕੋਈ ਵੀ ਵਿਅਕਤੀ ਆਨਲਾਈਨ ਧੋਖਾਧੜੀ ਦਾ ਸ਼ਿਕਾਰ ਹੋ ਸਕਦਾ ਹੈ, ਤਾਂ ਉਸ ਦੀ ਪੂਰੀ ਬੈਂਕ ਦੀ ਰਿਪੋਰਟ ਕਰੋ ਲੇਨਦੇਨ ਨੂੰ ਭੁਗਤਾਨ ਕਰਨਾ ਚਾਹੀਦਾ ਹੈ, ਚੈਨਲ ਨੂੰ ਬਲਾਕ ਕੀਤਾ ਜਾ ਸਕਦਾ ਹੈ, ਜਾਂ ਕਾਰਡ/UPI/ ਨੈੱਟ ਬੈਂਕਿੰਗ ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਤੋਂ ਬਚਾਅ ਹੋ ਸਕੇ। ਗਾਹਕਾਂ ਦੀ ਘਰੇਲੂ ਵਿੱਤ ($81) ਦੁਆਰਾ ਸ਼ੁਰੂ ਕੀਤੀ ਗਈ 1930 ਹੈਲਲਾਈਨ ਨੰਬਰ 'ਤੇ ਸ਼ਿਕਾਇਤ ਕਰੋ ਅਤੇ ਇਸ ਦੇ ਨਾਲ ਰਾਸ਼ਟਰੀ ਸਾਈਬਰ ਅਪਰਾਧਿਕ ਰਿਪੋਰਟਿੰਗ ਦਰਜ ਕਰੋ https://www.cyberme.gov.in 'ਤੇ ਸ਼ਿਕਾਇਤ ਦਰਜ ਕਰੋ।

## ਸੰਪਾਦਕੀ

# ਕੋਟੇ ਅੰਦਰ ਕੋਟਾ

ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਹੈ ਕਿ ਸੂਬਿਆਂ ਨੂੰ ਰਾਖਵੇਂ ਵਰਗਾਂ ਤਹਿਤ ਅਨੁਸੂਚਿਤ ਜਾਤੀਆਂ (ਐੱਸਸੀਜ਼) ਅਤੇ ਜਨਜਾਤੀਆਂ (ਐੱਸਟੀਜ਼) ਦਾ ਉਪ ਵਰਗੀਕਰਨ ਕਰਨ ਦਾ ਸੰਵਿਧਾਨਕ ਅਧਿਕਾਰ ਹਾਸਿਲ ਹੈ ਤਾਂ ਕਿ ਵਧੇਰੇ ਦੱਬੀਆਂ ਕੁਚਲੀਆਂ ਜਾਤੀਆਂ ਦੇ ਉਥਾਨ ਲਈ ਕੋਟਾ ਮੁਹੱਈਆ ਕਰਵਾਇਆ ਜਾ ਸਕੇ। ਉਂਝ, ਬਹੁਮਤ ਨਾਲ ਦਿੱਤੇ ਗਏ ਇਸ ਫ਼ੈਸਲੇ ਵਿੱਚ ਇੱਕ ਸ਼ਰਤ ਇਹ ਲਾਈ ਗਈ ਹੈ ਕਿ ਸੂਬਿਆਂ ਵੱਲੋਂ ਉਪ ਵਰਗੀਕਰਨ ਲਈ ਮਿਕਦਾਰੀ ਤੌਰ ’ਤੇ ਵਾਜਿਬ ਹੋਣਾ ਅਤੇ ਅੰਕੜਿਆਂ ਮੁਤਾਬਕ ਦਿਸਣਯੋਗ ਹੋਣਾ ਜ਼ਰੂਰੀ ਹੈ ਅਤੇ ਸੂਬੇ ਆਪਣੀ ਮਨਮਰਜ਼ੀ ਨਾਲ ਕੋਟਾ ਨਹੀਂ ਵੰਡ ਸਕਦੇ। ਸੂਬਿਆਂ ਲਈ ਇਹ ਯਕੀਨੀ ਬਣਾਉਣ ਦੀ ਚੁਣੌਤੀ ਹੋਵੇਗੀ ਕਿ ਰਾਖਵੇਂਕਰਨ ਦੇ ਲਾਭ ਸਭ ਤੋਂ ਵੱਧ ਗ਼ਰੀਬ ਲੋਕਾਂ ਤੱਕ ਕਿਵੇਂ ਪੁੱਜਦੇ ਕੀਤੇ ਜਾਣ। ਸੱਤ ਜੱਜਾਂ ਦੇ ਬੈਂਚ ’ਚੋਂ ਜਸਟਿਸ ਬੀਆਰ ਗਵਈ ਨੇ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ’ਚੋਂ ‘ਰੱਜੇ ਪੁੱਜੇ ਲੋਕਾਂ’ (ਕਰੀਮੀ ਲੇਅਰ) ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਰਾਖਵੇਂਕਰਨ ’ਚੋਂ ਬਾਹਰ ਕੱਢਣ ਦਾ ਜਿ?ਮਾ ਸੂਬਿਆਂ ’ਤੇ ਪਾਇਆ ਹੈ।

ਅਹਿਮ ਗੱਲ ਇਹ ਹੈ ਕਿ ਅਦਾਲਤ ਨੇ ਇਹ ਗੱਲ ਪ੍ਰਵਾਨ ਕੀਤੀ ਹੈ ਕਿ ਅਨੁਸੂਚਿਤ ਜਾਤੀਆਂ ਕੋਈ ਇਕ ਰੂਪੀ ਵਰਗ ਨਹੀਂ ਹੈ। ਇਸ ਲਈ ਸਾਰਿਆਂ ਲਈ ਇੱਕ ਜਿਹਾ ਫਾਰਮੂਲਾ ਅਪਣਾਉਣ ਦੀ ਪਹੁੰਚ ਠੀਕ ਨਹੀਂ ਹੈ। ਪਿਛਲੇ ਕਈ ਦਹਾਕਿਆਂ ਤੋਂ ਰਾਖਵਾਂਕਰਨ ਪ੍ਰਣਾਲੀ ਵਿੱਚ ਇਹ ਰੋਗ ਬੁਰੀ ਤਰ੍ਹਾਂ ਫੈਲ ਗਿਆ ਹੈ ਕਿ ‘ਸਾਰੇ ਇੱਕ ਸਮਾਨ ਹਨ ਪਰ ਕੁਝ ਕੁ ਹੋਰਨਾਂ ਨਾਲੋਂ ਜਿ?ਆਦਾ ਸਮਾਨ ਹਨ।’ ਰਾਖਵੇਂ ਵਰਗਾਂ ਦੇ ਰੱਜੇ ਪੁੱਜੇ ਤਬਕੇ ਦੀ ਇੱਕ ਤੋਂ ਬਾਅਦ ਦੂਜੀ ਪੀੜ੍ਹੀ ਹੀ ਰਾਖਵਾਂਕਰਨ ਦੇ ਲਾਭ ਮਾਣ ਰਹੀ ਹੈ ਅਤੇ ਬਹੁਤ ਸਾਰੇ ਕਮਜ਼ੋਰ ਤਬਕੇ ਸਮਾਜਿਕ ਤੇ ਆਰਥਿਕ ਪੱਖੋਂ ਪਛੜ ਰਹੇ ਹਨ। ਸੂਬਿਆਂ ਨੂੰ ਵਿਆਪਕ ਸਰਵੇਖਣ ਦੇ ਆਧਾਰ ’ਤੇ ਤਰਕਸੰਗਤ ਢੰਗ ਨਾਲ ਮੁਲਾਂਕਣ ਕਰ ਕੇ ‘ਕੋਟੇ ਅੰਦਰ ਕੋਟੇ’ ਦੀ ਪ੍ਰਕਿਰਿਆ ਆਰੰਭਣੀ ਚਾਹੀਦੀ ਹੈ। ਰਾਜਨੀਤਕ ਤੇ ਚੁਣਾਵੀ ਸਮੀਕਰਨਾਂ ਦਾ ਇਸ ਵਿੱਚ ਅਹਿਮ ਰੋਲ ਹੋਵੇਗਾ ਅਤੇ ਢੁੱਕਵਾਂ ਸੰਤੁਲਨ ਬਿਠਾਉਣ ਲਈ ਜੱਦੋਜਹਿਦ ਕਰਨੀ ਪਏਗੀ। ਇਸ ਉਪ ਵਰਗੀਕਰਨ ਨਾਲ ਜਿਨ੍ਹਾਂ ਵਰਗਾਂ ਦੀਆਂ ਸੰਭਾਵਨਾਵਾਂ ’ਤੇ ਅਸਰ ਪਏਗਾ, ਉਨ੍ਹਾਂ ਵੱਲੋਂ ਰੋਸ ਪ੍ਰਦਰਸ਼ਨ ਵੀ ਕੀਤੇ ਜਾ ਸਕਦੇ ਹਨ। ਕੁਝ ਉਪ ਵਰਗਾਂ ਨੂੰ ਢੁੱਕਵੀਂ ਪ੍ਰਤੀਨਿਧਤਾ ਮਿਲਣ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦਾ ਰਾਹ ਪੱਧਰਾ ਹੋ ਸਕਦਾ ਹੈ।

ਭਾਰਤ ਦੇ ਚੀਫ ਜਸਟਿਸ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵਿਸ਼ੇਸ਼ ਜਾਤੀ ਨੂੰ ਵੱਧ ਰਾਖਵਾਂਕਰਨ ਦੇਣ ਲਈ ਅਨੁਸੂਚਿਤ ਜਾਤੀਆਂ ਦੇ ਉਪ ਵਰਗੀਕਰਨ ਸਬੰਧੀ ਕੋਈ ਵੀ ਫ਼ੈਸਲਾ ਨਿਆਂਇਕ ਪੱਧਰ ’ਤੇ ਪਰਖਿਆ ਜਾਵੇਗਾ। ਇਸ ਨਾਲ ਆਸ ਬੱਝਦੀ ਹੈ ਕਿ ਸੂਬੇ ਆਪਣੀਆਂ ਤਾਕਤਾਂ ਦੀ ਦੁਰਵਰਤੋਂ ਤੋਂ ਗੁਰੇਜ਼ ਕਰਨਗੇ ਅਤੇ ਕੋਟੇ ਅੰਦਰਲੇ ਵਿਗਾੜਾਂ ਨੂੰ ਦੂਰ ਕਰ ਕੇ ਸੰਤੁਲਨ ਬਣਾਉਣ ਲਈ ਗੰਭੀਰ ਯਤਨ ਕਰਨਗੇ। ਕਈ ਵਾਰ ਇਹ ਦੇਖਿਆ ਗਿਆ ਹੈ ਕਿ ਚੁਣਾਵੀ ਅਤੇ ਸਿਆਸੀ ਮਨੋਰਥਾਂ ਕਰ ਕੇ ਰਾਖਵੇਂਕਰਨ ਦੇ ਚੌਖਟੇ ਨਾਲ ਘੜ-ਭੰਨ ਕਰ ਦਿੱਤੀ ਜਾਂਦੀ ਹੈ ਜਿਸ ਨਾਲ ਕਈ ਵਾਰ ਸਮਾਜਿਕ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਸ ਲਈ ਇਸ ਮੁੱਦੇ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਮੁਖ਼ਾਤਿਬ ਹੋਣ ਦੀ ਲੋੜ ਹੈ। ਇਹ ਮਸਲਾ ਤਰਜੀਹੀ ਆਧਾਰ ’ਤੇ ਵਿਚਾਰਨ ਵਾਲਾ ਹੈ ਕਿਉਂਕਿ ਇਸ ਨਾਲ ਲਗਾਤਾਰ ਪਛੜ ਰਹੇ ਵਰਗਾਂ ਦਾ ਮਾਮਲਾ ਜੁੜਿਆ ਹੋਇਆ ਹੈ।

# ਜੀਐੱਸਟੀ ਦਾ ਬੋਝ

ਜੀਵਨ ਅਤੇ ਸਿਹਤ ਬੀਮਿਆਂ ਤੋਂ 18 ਫ਼ੀਸਦੀ ਜੀਐੱਸਟੀ ਹਟਾਉਣ ਦੀ ਮੰਗ ਕਰ ਕੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇੱਕ ਬਹੁਤ ਹੀ ਜ਼ਰੂਰੀ ਮੁੱਦਾ ਉਭਾਰ ਦਿੱਤਾ ਹੈ। ਇਸ ਟੈਕਸ ਨਾਲ ਆਪਣੀ ਜਿ?ਦਗੀ ਅਤੇ ਸਿਹਤ ਦੀ ਸੁਰੱਖਿਆ ਦੇ ਤਲਬਗਾਰ ਲੋਕਾਂ ਉੱਪਰ ਗ਼ੈਰ-ਮੁਨਾਸਿਬ ਬੋਝ ਪਾਇਆ ਗਿਆ ਹੈ ਤੇ ਇਹ ਇਨ੍ਹਾਂ ਮਹੱਤਵਪੂਰਨ ਪਾਲਿਸੀਆਂ ਨੂੰ ਹੱਲਾਸ਼ੇਰੀ ਦੇਣ ਦੀ ਧਾਰਨਾ ਦੇ ਐਨ ਉਲਟ ਜਾਂਦਾ ਹੈ। ਬੀਮਾ ਕਿਸੇ ਦੀ ਜਿ?ਦਗੀ ਦੀਆਂ ਬੇਯਕੀਨੀਆਂ ’ਤੇ ਕਾਬੂ ਪਾਉਣ ਦਾ ਔਜ਼ਾਰ ਹੁੰਦਾ ਹੈ। ਅਜਿਹੀ ਕਿਸੇ ਬੀਮਾ ਪਾਲਿਸੀ ’ਤੇ ਭਾਰੀ ਭਰਕਮ ਜੀਐੱਸਟੀ ਲਾ ਦੇਣਾ ਅਜਿਹੇ ਜੋਖ਼ਮਾਂ ਨੂੰ ਘਟਾਉਣ ਲਈ ਉਸ ਵਿਅਕਤੀ ਦੀਆਂ ਕੋਸ਼ਿਸ਼ਾਂ ਨੂੰ ਦੰਡ ਦੇਣ ਦੇ ਤੁੱਲ ਹੁੰਦਾ ਹੈ; ਖ਼ਾਸ ਤੌਰ ’ਤੇ ਕਮਜ਼ੋਰ ਤਬਕਿਆਂ ਲਈ ਇਹ ਹੋਰ ਵੀ ਜਿ?ਆਦਾ ਤਕਲੀਫ਼ਦੇਹ ਹੁੰਦਾ ਹੈ ਜਿਨ੍ਹਾਂ ਲਈ ਅਜਿਹੀ ਕੋਈ ਢੁਕਵੀਂ ਛਤਰੀ ਹਾਸਿਲ ਕਰਨਾ ਚੁਣੌਤੀਪੂਰਨ ਬਣਿਆ ਹੁੰਦਾ ਹੈ। ਖ਼ੁਦ ਬੀਮਾ ਸਨਅਤ ਵੱਲੋਂ ਜੀਐੱਸਟੀ ਵਿੱਚ ਕਟੌਤੀ ਦੀ ਪੈਰਵੀ ਕੀਤੀ ਜਾਂਦੀ ਰਹੀ ਹੈ ਤਾਂ ਕਿ ਇਸ ਦੇ ਉਤਪਾਦਾਂ ਦੀ ਪਹੁੰਚ ਵਿੱਚ ਵਾਧਾ ਕੀਤਾ ਜਾ ਸਕੇ। ਜੀਐੱਸਟੀ ਦਰ ਵਿੱਚ ਕਮੀ ਨਾਲ ਨਾ ਕੇਵਲ ਬੀਮਾ ਜਿ?ਆਦਾ ਸਹਿਣਯੋਗ ਹੋ ਸਕੇਗਾ ਸਗੋਂ ਇਸ ਨਾਲ ਇਸ ਦੀ ਮੰਗ ਵੀ ਵਧ ਜਾਵੇਗੀ ਅਤੇ ਇੰਝ ਵਿੱਤੀ ਸੁਰੱਖਿਆ ਅਤੇ ਸਿਹਤ ਕਵਰੇਜ਼ ਨੂੰ ਵਸੀਹ ਬਣਾਉਣ ਵਿੱਚ ਯੋਗਦਾਨ ਪਵੇਗਾ।

ਇਹ ਸਵਾਲ ਇਸ ਪੱਖੋਂ ਹੋਰ ਵੀ ਜਿ?ਆਦਾ ਪ੍ਰਸੰਗਕ ਬਣ ਜਾਂਦਾ ਹੈ ਕਿ ਬੀਮਾ ਅਜਿਹਾ ਉਤਪਾਦ ਹੈ ਜੋ ਬਾਹਰੋਂ ਠੋਸਣ ਦੀ ਬਜਾਇ ਕਿਸੇ ਵਿਅਕਤੀ ਦੀ ਲੋੜ ਵਿੱਚੋਂ ਉਪਜਦਾ ਹੈ। ਸਾਲ 2022-23 ਲਈ ਆਈਆਰਡੀਏਆਈ (ਭਾਰਤੀ ਬੀਮਾ ਨਿਗਰਾਨ ਅਤੇ ਵਿਕਾਸ ਅਥਾਰਿਟੀ) ਦੇ ਅੰਕੜਿਆਂ ਮੁਤਾਬਿਕ ਭਾਰਤ ਵਿੱਚ ਬੀਮੇ ਦੀ ਪਹੁੰਚ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਨੀਵੀਂ ਹੈ ਜਿਸ ਵਿੱਚ ਜੀਵਨ ਬੀਮਾ ਦੀ ਪਹੁੰਚ ਜੀਡੀਪੀ ਦੇ ਅਨੁਪਾਤ ਵਿੱਚ ਕਰੀਬ 3.2 ਫ਼ੀਸਦੀ ਅਤੇ ਸਿਹਤ ਬੀਮਾ ਦੀ ਪਹੁੰਚ 0.94 ਫ਼ੀਸਦੀ ਹੈ।

ਇਸ ਤੋਂ ਇਲਾਵਾ ਵਰਤਮਾਨ ਟੈਕਸ ਨੀਤੀ ਸਮਾਜਿਕ ਭਲਾਈ ਤੇ ਆਰਥਿਕ ਸਥਿਰਤਾ ਨੂੰ ਉਤਸ਼ਾਹਿਤ ਕਰਨ ਬਾਰੇ ਸਰਕਾਰ ਦੇ ਵਿਆਪਕ ਮੰਤਵਾਂ ਨਾਲ ਮੇਲ ਨਹੀਂ ਖਾਂਦੀ। ਬੀਮਾ ਪਾਲਿਸੀਆਂ ਤੋਂ ਜੀਐੱਸਟੀ ਹਟਾ ਕੇ ਸਰਕਾਰ ਇਹ ਯਕੀਨੀ ਬਣਾਉਣ ਵੱਲ ਮਹੱਤਵਪੂਰਨ ਕਦਮ ਚੁੱਕ ਸਕਦੀ ਹੈ ਕਿ ਜਿ?ਆਦਾ ਤੋਂ ਜਿ?ਆਦਾ ਨਾਗਰਿਕਾਂ ਨੂੰ ਵਾਧੂ ਵਿੱਤੀ ਦਬਾਅ ਝੱਲਿਆਂ ਜਿ?ਦਗੀ ਦੀ ਅਸਥਿਰਤਾ ਵਿਰੁੱਧ ਬਚਾਅ ਦਾ ਸਾਧਨ ਮਿਲਦਾ ਰਹੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੇਂਦਰੀ ਮੰਤਰੀ ਗਡਕਰੀ ਦੀ ਗੱਲ ਸੁਣਨੀ ਚਾਹੀਦੀ ਹੈ। ਉਂਝ ਵੀ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਕਈ ਵਸਤਾਂ ’ਤੇ ਜੀਐੱਸਟੀ ਦਰ ਵਿੱਚ ਤਬਦੀਲੀ ਕੀਤੀ ਹੀ ਹੈ।

ਇਸ ਦੇ ਨਾਲ ਹੀ ਵਿਰੋਧੀ ਧਿਰ ਨੇ ਵੀ ਕੇਂਦਰੀ ਮੰਤਰੀ ਨਿਤਿਨ ਮੰਤਰੀ ਦੀ ਇਸ ਮੰਗ ਦੀ ਹਮਾਇਤ ਕੀਤੀ ਹੈ। ਕਾਂਗਰਸ ਦੇ ਸੰਸਦ ਮੈਂਬਰ ਕਾਰਤੀ ਚਿਦੰਬਰਮ ਦਾ ਕਹਿਣਾ ਹੈ ਕਿ ਬਜਟ ’ਤੇ ਬਹਿਸ ਦੌਰਾਨ ਉਨ੍ਹਾਂ ਖ਼ੁਦ ਇਹ ਮੰਗ ਕੀਤੀ ਸੀ। ਜੀਵਨ ਤੇ ਮੈਡੀਕਲ ਬੀਮਾ ਪ੍ਰੀਮੀਅਮ ’ਤੇ ਜੀਐੱਸਟੀ ਖ਼ਤਮ ਕਰਨਾ ਮਹਿਜ਼ ਵਿੱਤੀ ਨੀਤੀ ਦਾ ਮਾਮਲਾ ਨਹੀਂ ਹੈ ਬਲਕਿ ਇਹ ਲੋਕਾਂ ਦੀ ਸਿਹਤ ਤੇ ਤੰਦਰੁਸਤੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਨਾਲ ਵੀ ਜੁੜਿਆ ਹੋਇਆ ਹੈ। ਸਰਕਾਰ ਨੂੰ ਇਸ ਨੂੰ ਪਹਿਲ ਦੇ ਆਧਾਰ ’ਤੇ ਨਜਿੱਠਣਾ ਚਾਹੀਦਾ ਹੈ ਤਾਂ ਕਿ ਇਸ ਮਾਮਲੇ ਵਿਚ ਸਬੰਧਿਤ ਲੋਕਾਂ ਨੂੰ ਰਾਹਤ ਮਿਲ ਸਕੇ।

# ਨੌਜਵਾਨ ਭਾਰਤ ਸਭਾ ਵੱਲੋਂ ਮੋਟਰਸਾਈਕਲ ਮਾਰਚ

**ਸਮਾਣਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨ ਭਾਰਤ ਸਭਾ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਸਮਾਣਾ ਵਿੱਚ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮੋਟਰਸਾਈਕਲ ਮਾਰਚ ਕਰ ਕੇ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ। ਸਭਾ ਦੇ ਸੂਬਾ ਕਮੇਟੀ ਮੈਂਬਰ ਦਵਿੰਦਰ ਛਬੀਲਪੁਰ ਤੇ ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਜ਼ਾਦੀ ਅੰਦੋਲਨ ’ਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਪਾਰਟੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਤੂੜੀ ਬਾਜ਼ਾਰ ਫਿਰੋਜ਼ਪੁਰ ਵਿਚਲੇ ਇਤਿਹਾਸਕ ਗੁਪਤ ਟਿਕਾਣਾ ਬਹੁਤ ਇਤਿਹਾਸਕ ਸਥਾਨ ਹੈ ਪਰ ਉਥੇ ਨਾਜਾਇਜ਼ ਕਬਜ਼ਾ ਕਰਕੇ ਬੈਠੇ ਸ਼ਰਾਰਤੀ ਅਨਸਰਾਂ ਤੋਂ ਸਰਕਾਰ ਕਬਜ਼ਾ ਛੁਡਾ ਕੇ ਮਿਊਜ਼ੀਅਮ ਤੇ ਲਾਇਬ੍ਰੇਰੀ ਨਹੀਂ ਬਣਾ ਰਹੀ। ਸ਼ਹੀਦ ਮਦਨ ਲਾਲ ਢੀਂਗਰਾ ਦਾ ਘਰ ਭੂ-ਮਾਫ਼ੀਆ ਵੱਲੋਂ ਢਾਹ ਦਿੱਤਾ ਗਿਆ



ਹੈ, ਉਸ ਨੂੰ ਸਾਂਭਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਨਾਮ ’ਤੇ ਬਣੀ ਭਗਵੰਤ ਮਾਨ ਸਰਕਾਰ ਸ਼ਹੀਦਾਂ ਦੀਆਂ ਇਤਿਹਾਸਕ ਵਿਰਾਸਤਾਂ ਨੂੰ ਹੀ ਵਿਸਾਰੀ ਬੈਠੀ ਹੈ। ਜ਼ਿਲ੍ਹਾ ਆਗੂ ਹਰਿੰਦਰ ਸੈਣੀਮਾਜਰਾ ਤੇ ਗੁਰਦੀਪ ਆਜ਼ਾਦ ਨੇ ਕਿਹਾ ਕਿ ਪਿੰਡਾਂ ਵਿੱਚ ਖੇਡ ਗਰਾਊਂਡ, ਜਿਮ, ਲਾਇਬ੍ਰੇਰੀਆਂ ਦਾ ਪ੍ਰਬੰਧ ਕਰਨ, ਸਰਕਾਰ ਦੁਆਰਾ ਪੰਜਾਬ ਦੀ ਖੇਡ ਨੀਤੀ ਬਣਵਾਉਣ ਤੇ ਨੌਜਵਾਨਾਂ ਨੂੰ ਸਫਰੀ ਭੱਤਾ ਦੇਣ ਆਦਿ ਮੰਗਾਂ ਦਾ ਮੰਗ ਪੱਤਰ ਐੱਸਡੀਐੱਮ ਸਮਾਣਾ ਦੀ ਗੈਰ-ਮੌਜੂਦਗੀ ’ਚ ਸਮਾਣਾ ਦੇ ਤਹਿਸੀਲਦਾਰ ਰਾਹੀਂ ਪੰਜਾਬ ਸਰਕਾਰ ਦੇ ਨਾਮ ਭੇਜਿਆ ਗਿਆ।

# ਪਾਕਿਸਤਾਨ : ਨਿਆਂਪੂਰਨ ਫ਼ੈਸਲਾ, ਅਨਿਆਂਪੂਰਨ ਫ਼ਤਵਾ

**ਸੁਰਿੰਦਰ ਸਿੰਘ ਤੇਜ**

ਪਾਕਿਸਤਾਨ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਕਾਜ਼ੀ ਫ਼ੈਜ਼ ਈਸਾ ਦੇ ਖ਼ਿਲਾਫ਼ ‘ਗ਼ੈਰ-ਮੁਸਲਿਮ’ ਹੋਣ ਦਾ ਫ਼ਤਵਾ ਜਾਰੀ ਕੀਤਾ ਗਿਆ ਹੈ। ਫ਼ਤਵਾ ਜਾਰੀ ਕਰਨ ਵਾਲਿਆਂ ਨੇ ਉਨ੍ਹਾਂ ਉੱਪਰ ਇਸਲਾਮ ਤੇ ਕੁਰਆਨ ਦੀ ਤੌਹੀਨ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਦੇ ਇਲਜ਼ਾਮ ਲਾਏ ਹਨ। ਇਹ ਧਮਕੀ ਵੀ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਹਸ਼ਰ ਵੀ ਸੂਬਾ ਪੰਜਾਬ ਦੇ ਸਾਬਕਾ ਗਵਰਨਰ ਸਲਮਾਨ ਤਾਸੀਰ ਵਾਲਾ ਹੋਵੇਗਾ। ਜ਼ਿਕਰਯੋਗ ਹੈ ਕਿ ਸਲਮਾਨ ਤਾਸੀਰ ਦੀ ਹੱਤਿਆ ਉਨ੍ਹਾਂ ਦੇ ਅੰਗ-ਰੱਖਿਅਕ ਮੁਮਤਾਜ਼ ਕਾਦਰੀ ਨੇ ਇਸ ਕਰ ਕੇ ਕੀਤੀ ਸੀ ਕਿ ਉਹ ਕੁਫ਼ਰ-ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਆਏ ਸਨ। ਹੁਣ ਜਸਟਿਸ ਈਸਾ ਖ਼ਿਲਾਫ਼ ਮੁਹਿੰਮ ਇਸ ਕਰ ਕੇ ਖੜ੍ਹੀ ਕੀਤੀ ਗਈ ਹੈ ਕਿ ਉਨ੍ਹਾਂ ਨੇ ਮੁਬਾਰਿਕ ਸਾਨੀ ਕੇਸ ਵਿੱਚ ਪੰਜਾਬ ਸਰਕਾਰ ਦੀ ਨਜ਼ਰਸਾਨੀ ਪਟੀਸ਼ਨ ਖਾਰਜ ਕਰਦਿਆਂ ਮੁਲਜ਼ਮ ਦੀ ਜ਼ਮਾਨਤ ਬਰਕਰਾਰ ਰੱਖੀ ਅਤੇ ਮਜ਼ਹਬੀ ਵਲਵਲਿਆਂ ਅੱਗੇ ਝੁਕਣ ਦੀ ਥਾਂ ਕਾਨੂੰਨੀ ਧਾਰਾਵਾਂ ਉੱਪਰ ਪਹਿਰਾ ਦੇਣਾ ਮੁਨਾਸਿਬ ਸਮਝਿਆ। 25 ਜੁਲਾਈ ਨੂੰ ਸੁਣਾਏ ਗਏ ਇਸ ਫ਼ੈਸਲੇ ਤੋਂ ਬਾਅਦ ਜਿੱਥੇ ਪਾਕਿਸਤਾਨੀ ਸੋਸ਼ਲ ਮੀਡੀਆ ਉੱਤੇ ਜਸਟਿਸ ਈਸਾ ਪ੍ਰਤੀ ਗਾਲੀ-ਗਲੋਚ ਦਾ ਹੜ੍ਹ ਆਇਆ ਹੋਇਆ ਹੈ, ਉੱਥੇ ਰਾਜਸੀ ਧਿਰਾਂ ਨੇ ਇਸ ਕੂੜ-ਪ੍ਰਚਾਰ ਪ੍ਰਤੀ ਖ਼ਾਮੋਸ਼ੀ ਧਾਰੀ ਹੋਈ ਹੈ। ਨਜ਼ਰਬੰਦ ਸਾਬਕਾ ਵਜ਼ੀਰੇ-ਆਜ਼ਮ ਇਮਰਾਨ ਖ਼ਾਨ ਦੀ ਪਾਰਟੀ ਪੀਟੀਆਈ ਨੇ ਤਾਂ ਇਸ ਸਥਿਤੀ ਦਾ ਲਾਭ ਲੈਂਦਿਆਂ ਸੁਪਰੀਮ ਕੋਰਟ ਵਿੱਚ ਇੱਕ ਦਰਖ਼ਾਸਤ ਦੇ ਕੇ ਜਸਟਿਸ ਈਸਾ ਨੂੰ ‘ਗੁਜ਼ਾਰਿਸ਼’ ਕੀਤੀ ਹੈ ਕਿ ਉਹ ਪੀਟੀਆਈ ਨਾਲ ਜੁੜੇ ਕੇਸਾਂ ਦੀ ਸੁਣਵਾਈ ਤੋਂ ਪ੍ਰਹੇਜ਼ ਕਰਨ ਕਿਉਂਕਿ ਪਾਰਟੀ ਨੂੰ ਉਨ੍ਹਾਂ ਦੀ ਨਿਰਪੱਖਤਾ ਉੱਤੇ ਯਕੀਨ ਨਹੀਂ। ਰਾਜਸੀ ਧਿਰਾਂ ਵੱਲੋਂ ਕੱਟੜਪੰਥੀਆਂ ਦਾ ਵਿਰੋਧ ਨਾ ਕੀਤੇ ਜਾਣ ਦੇ ਬਾਵਜੂਦ ਪਾਕਿਸਤਾਨ ਸਰਕਾਰ ਨੇ ‘ਫ਼ਰਜ਼ਸ਼ਨਾਸੀ’ ਦਾ ਮੁਜ਼ਾਹਰਾ ਜ਼ਰੂਰ ਕੀਤਾ ਹੈ। ਇਸ ਵੱਲੋਂ ਹੁੱਝ ਮਾਰੇ ਜਾਣ ਮਗਰੋਂ ਸੂਬਾ ਪੰਜਾਬ ਦੀ ਸਰਕਾਰ ਹਰਕਤ ਵਿੱਚ ਆਈ ਅਤੇ ਲਾਹੌਰ ਦੇ ਥਾਣਾ ਕਿਲ੍ਹਾ ਗੁੱਜਰ ਸਿੰਘ ਵਿੱਚ ਤਹਰੀਕ-ਇ-ਲਬਾਇਕ ਪਾਕਿਸਤਾਨ (ਟੀਐੱਲਪੀ) ਦੇ ਅਮੀਰ, ਸਾਦ ਰਿਜ਼ਵੀ ਤੇ ਨਾਇਬ ਅਮੀਰ ਜ਼ਹੀਰੁਲ ਹਸਨ ਸ਼ਾਹ ਸਮੇਤ ਟੀਐੱਲਪੀ, ਜਮਾਇਤ-ਉਲ-ਇਸਲਾਮ (ਸਾਮੀ), ਮਿਲੀ ਯਕਜਹਿਤੀ ਕੌਂਸਲ ਤੇ ਵਫ਼ਾਕੁਲ ਮਦਰਿਸ-ਉਲ-ਅਰਬੀਆ ਆਦਿ ਕੱਟੜਪੰਥੀ ਧਿਰਾਂ ਦੇ 1500 ਕਾਰਕੁਨਾਂ ਖ਼ਿਲਾਫ਼ ਦਹਿਸ਼ਤਵਾਦ-ਵਿਰੋਧੀ ਕਾਨੂੰਨ ਤੇ ਫ਼ਿਰਕੂ ਨਫ਼ਰਤ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਇਨ੍ਹਾਂ ਧਿਰਾਂ ਨੇ 27 ਜੁਲਾਈ ਨੂੰ ਲਾਹੌਰ ਪ੍ਰੈਸ ਕਲੱਬ ਦੇ ਬਾਹਰ ਰੈਲੀ ਕਰ ਕੇ ਚੀਫ਼ ਜਸਟਿਸ ਵਿਰੁੱਧ ਜ਼ਹਿਰ ਉਗਲਿਆ ਸੀ। ਕੇਸ ਵਾਲੀ ਕਾਰਵਾਈ ਤੋਂ ਬਾਅਦ ਸੋਮਵਾਰ (29 ਜੁਲਾਈ) ਨੂੰ ਦੋ ਟੀਐੱਲਪੀ ਆਗੂਆਂ ਸਾਕਿਬ ਇਬਰਾਹੀਮ ਤੇ ਤੌਕੀਰ ਨਸੀਰ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਉਸੇ ਦਿਨ ਟੀਐੱਲਪੀ ਦੇ ਨਾਇਬ ਅਮੀਰ ਜ਼ਹੀਰੁਲ ਹਸਨ ਸ਼ਾਹ ਨੂੰ ਓਕਾੜਾ ਵਿੱਚੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਵੀ ਖ਼ਬਰ ਸੀ ਪਰ ਸਰਕਾਰ ਵੀ ਇਸ ਬਾਰੇ ਖ਼ਾਮੋਸ਼ ਹੈ ਅਤੇ ਟੀਐੱਲਪੀ ਵੀ ਇਹ ਦਾਅਵਾ ਕਰ ਰਹੀ ਹੈ ਕਿ ਸ਼ਾਹ, ਪੁਲੀਸ ਦੇ ਹੱਥ ਨਹੀਂ ਆਇਆ। ਉਪਰੋਕਤ ਕਦਮਾਂ ਤੋਂ ਇਲਾਵਾ ਸਰਕਾਰ ਦੀ ਤਰਫ਼ੋਂ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਤੇ ਯੋਜਨਾ ਮੰਤਰੀ ਅਹਿਸਨ ਇਕਬਾਲ ਨੇ 29 ਜੁਲਾਈ ਨੂੰ ਹੀ ਇਸਲਾਮਾਬਾਦ ਵਿੱਚ ਮੀਡੀਆ ਕਾਨਫ਼ਰੰਸ ਕਰ ਕੇ ਦਾਅਵਾ ਕੀਤਾ ਕਿ ਚੀਫ਼ ਜਸਟਿਸ ਖ਼ਿਲਾਫ਼ ਕੂੜ-ਪ੍ਰਚਾਰ ਨੂੰ ਸਰਕਾਰ ਬਰਦਾਸ਼ਤ ਨਹੀਂ ਕਰੇਗੀ ਅਤੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਵੀ ਦਹਿਸ਼ਤ-ਵਿਰੋਧੀ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਜਾਵੇਗਾ। ਉਨ੍ਹਾਂ ਨੇ ਪੀਟੀਆਈ ਉੱਪਰ ਕੌਮੀ ਰਾਜਨੀਤੀ ਤੋਂ ਇਲਾਵਾ ਨਿਆਂਪਾਲਿਕਾ ਵਿੱਚ ਵੀ ਅਰਾਜਕਤਾ ਫੈਲਾਉਣ ਦੇ ਦੋਸ਼ ਲਾਏ ਅਤੇ ਕਿਹਾ ਕਿ ਸਰਕਾਰ ਚੀਫ਼ ਜਸਟਿਸ ਈਸਾ ਸਮੇਤ ਸਾਰੇ ਉਚੇਰੇ ਜੱਜਾਂ ਦੀ ਹਿਫ਼ਾਜ਼ਤ ਦੇ ਪ੍ਰਬੰਧ ਹੋਰ ਸਖ਼ਤ ਬਣਾਏਗੀ।

ਚੀਫ਼ ਜਸਟਿਸ ਈਸਾ ਨੇ ਅਜਿਹੇ ਭਰੋਸਿਆਂ ਲਈ ਸਰਕਾਰ ਦਾ ਧੰਨਵਾਦ ਕਰਨ ਤੋਂ ਬਾਅਦ ਹੋਰ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਨੇ ਸਿਰਫ਼ ਏਨਾ ਕਿਹਾ ਹੈ ਕਿ ਉਹ ਆਪਣਾ ਕੰਮ ਤਨਦੇਹੀ ਨਾਲ ਕਰਨ ਵਿੱਚ ਯਕੀਨ ਰੱਖਦੇ ਹਨ, ਇਸ ਦੇ ਸਿੱਟਿਆਂ ਬਾਰੇ ਨਹੀਂ ਸੋਚਦੇ। ਬਲੋਚ ਹਨ ਉਹ। ਉਸ ਪਰਿਵਾਰ ਵਿੱਚ ਪੈਦਾ ਹੋਏ ਜੋ ਕੌਮਪ੍ਰਸਤੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਪਿਤਾ ਕਾਜ਼ੀ ਮੁਹੰਮਦ ਈਸਾ ਸਿਆਸੀ ਆਗੂ ਸਨ ਜੋ ‘ਬਾਬਾ-ਇ-ਕੌਮ’ ਮੁਹੰਮਦ ਅਲੀ ਜਿਨਾਹ ਦੇ ਕਰੀਬੀ ਰਹੇ। ਮੁਹੰਮਦ ਈਸਾ ਬਲੋਚਿਸਤਾਨ ਵਿੱਚ ਪਾਕਿਸਤਾਨ ਮੁਸਲਿਮ ਲੀਗ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ। ਜਸਟਿਸ ਈਸਾ 2014 ਤੋਂ ਸੁਪਰੀਮ ਕੋਰਟ ਦੇ ਜੱਜ ਹਨ। ਪਹਿਲਾਂ ਉਹ ਬਲੋਚਿਸਤਾਨ ਹਾਈ ਕੋਰਟ ਦੇ ਚੀਫ਼ ਜਸਟਿਸ ਰਹੇ। ਉਹ 17 ਸਤੰਬਰ 2023 ਨੂੰ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣੇ ਅਤੇ ਉਨ੍ਹਾਂ ਦਾ ਕਾਰਜਕਾਲ ਇਸ ਸਾਲ 25 ਅਕਤੂਬਰ ਨੂੰ ਸਮਾਪਤ ਹੋਣਾ ਹੈ। ਅਦਾਲਤੀ ਪ੍ਰਬੰਧ ਦੀ ਮਰਿਆਦਾ ਦੀ ਪਾਬੰਦਗੀ ਵਾਲੇ ਸੁਭਾਅ ਕਾਰਨ ਉਹ ਆਪਣੀਆਂ ਲੜਾਈਆਂ ਖ਼ਾਮੋਸ਼ੀ ਨਾਲ ਲੜਨ ਦੇ ਆਦੀ ਹਨ। ਬਲੋਚਿਸਤਾਨ ਹਾਈ ਕੋਰਟ ਵਿੱਚ ਵੀ ਉਨ੍ਹਾਂ ਨੂੰ ਜਿੱਚ ਕਰਨ ਦੀਆਂ ਦੋ ਮੁਹਿੰਮਾਂ ਨਾਕਾਮ ਰਹੀਆਂ ਅਤੇ ਫਿਰ ਸੁਪਰੀਮ ਕੋਰਟ ਵਿੱਚ ਵੀ। 2019 ਵਿੱਚ ਇਮਰਾਨ ਖ਼ਾਨ ਸਰਕਾਰ ਨੇ ਰਾਸ਼ਟਰਪਤੀ ਆਰਿਫ਼ ਅਲਵੀ ਰਾਹੀਂ ਸੁਪਰੀਮ ਕੋਰਟ ਜੁਡੀਸ਼ਲ ਕੌਂਸਲ (ਐੱਸਜੇਸੀ) ਕੋਲ ਉਨ੍ਹਾਂ ਖ਼ਿਲਾਫ਼ ਸ਼ਿਕਾਇਤ ਭੇਜੀ ਸੀ ਕਿ ਉਨ੍ਹਾਂ ਦੀ ਪਤਨੀ ਸਰੀਨਾ ਈਸਾ ਨੇ ਵਿਦੇਸ਼ ਵਿੱਚ ਜੋ ਜਾਇਦਾਦ ਬਣਾਈ ਹੈ, ਉਸ ਦੇ ਅਸਲ ਮਾਲਕ ਜਸਟਿਸ ਈਸਾ ਹਨ। ਇਸ ਸ਼ਿਕਾਇਤ ਦੇ ਆਧਾਰ ’ਤੇ ਉਨ੍ਹਾਂ ਖ਼ਿਲਾਫ਼ ਸੁਣਵਾਈ ਚੱਲੀ ਜਿਸ ਦੌਰਾਨ ਸਰੀਨਾ ਈਸਾ ਨੇ ਸਾਬਤ ਕੀਤਾ ਕਿ ਉਹ ਪੇਸ਼ੇਵਾਰਾਨਾ ਤੌਰ ’ਤੇ ਆਪਣੇ ਸ਼ੌਹਰ ਨਾਲੋਂ ਅੱਡਰੀ ਹਸਤੀ ਹੈ। ਆਪਣਾ ਆਮਦਨ ਟੈਕਸ ਭਰਦੀ ਹੈ। ਉਸ ਨੇ ਜਾਇਦਾਦ ਆਪਣੀ ਕਮਾਈ ਨਾਲ ਬਣਾਈ ਹੈ। ਇਹ ਮਾਮਲਾ ਖਾਰਜ ਹੋਣ ਤੱਕ ਦਾ ਅਮਲ 19 ਮਹੀਨੇ ਚੱਲਿਆ ਜਿਸ ਦੌਰਾਨ ਜਸਟਿਸ ਈਸਾ ਨੂੰ ਜੱਜ ਵਾਲੇ ਕੰਮ ਤੋਂ ਮਹਿਰੂਮ ਰੱਖਿਆ ਗਿਆ ਅਤੇ ਉਸ ਤੋਂ ਬਾਅਦ ਵੀ ਅਹਿਮ ਕੇਸਾਂ ਵਾਲੇ ਬੈਂਚਾਂ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ। ਉਹ ਵੀ ਇਸ ਹਕੀਕਤ ਦੇ ਬਾਵਜੂਦ ਕਿ ਤਤਕਾਲੀ ਚੀਫ਼ ਜਸਟਿਸ ਉਮਰ ਅਤਾ ਬੰਦਿਆਲ ਤੋਂ ਬਾਅਦ ਉਹ ਦੂਜੇ ਸਭ ਤੋਂ ਸੀਨੀਅਰ ਜੱਜ ਸਨ।



ਮੁਬਾਰਿਕ ਸਾਨੀ ਕੇਸ ਤੋਂ ਪਹਿਲਾਂ ਸਲਾਮਤ ਮਸੀਹ ਕੇਸ ਵਿੱਚ ਵੀ ਜਸਟਿਸ ਈਸਾ ਨੇ 2019 ਵਿੱਚ ਮੁਲਜ਼ਮ ਸਲਾਮਤ ਮਸੀਹ ਦੇ ਖ਼ਿਲਾਫ਼ ਆਏ ਹੇਠਲੀਆਂ ਅਦਾਲਤਾਂ ਦੇ ਫ਼ੈਸਲੇ ਰੱਦ ਕੀਤੇ ਸਨ ਅਤੇ ਲਿਖਿਆ ਸੀ ਕਿ ਜੇਕਰ ਇੱਕ ਇਸਾਈ (ਸਲਾਮਤ ਮਸੀਹ) ਪਾਸੋਂ ਕੁਰਆਨ ਸ਼ਰੀਫ਼ ਦੇ ਪੰਨੇ ਮਿਲੇ ਹਨ ਤਾਂ ਇਸ ਤੋਂ ਇਸ ਸਿੱਟੇ ’ਤੇ ਨਹੀਂ ਪਹੁੰਚਿਆ ਜਾ ਸਕਦਾ ਕਿ ਉਸ ਨੇ ਕੁਰਆਨ ਮਜੀਦ ਦੀ ਬੇਅਦਬੀ ਕੀਤੀ। ਮੁਬਾਰਿਕ ਸਾਨੀ ਕੇਸ ਵੀ ਲਾਹੌਰ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਅਪੀਲ ਦੇ ਰੂਪ ਵਿੱਚ ਪਿਛਲੇ ਸਾਲ ਸੁਪਰੀਮ ਕੋਰਟ ਵਿੱਚ ਆਇਆ। ਸਾਨੀ ਅਹਿਮਦੀ ਭਾਈਚਾਰੇ ਨਾਲ ਸਬੰਧਿਤ ਲੇਖਕ ਤੇ ਪ੍ਰਕਾਸ਼ਕ ਹੈ। ਉਸ ਖ਼ਿਲਾਫ਼ ਚਨਿਓਟ ਜ਼ਿਲ੍ਹੇ ਦੇ ਚਨਾਬ ਨਗਰ ਥਾਣੇ ਵਿੱਚ ਇਸਲਾਮ-ਵਿਰੋਧੀ ਹੋਣ ਅਤੇ ਕੁਫ਼ਰ ਤੋਲਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ। ਇਸ ਕੇਸ ਵਿੱਚ ਉਸ ਨੂੰ ਤਿੰਨ ਵਰ੍ਹਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਜੋ ਕਿ ਪਹਿਲਾਂ ਚਨਿਓਟ ਜ਼ਿਲ੍ਹਾ ਅਦਾਲਤ ਤੇ ਫਿਰ ਲਾਹੌਰ ਹਾਈ ਕੋਰਟ ਨੇ ਬਰਕਰਾਰ ਰੱਖੀ। ਸਾਨੀ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ। ਇੱਥੇ ਜ਼ਿਕਰਯੋਗ ਹੈ ਕਿ ਚਨਿਓਟ ਜ਼ਿਲ੍ਹੇ ਵਿੱਚ ਪਾਕਿਸਤਾਨੀ ਅਹਿਮਦੀ ਭਾਈਚਾਰੇ (ਜਿਸ ਨੂੰ ਪਾਕਿਸਤਾਨ ਵਿੱਚ ਕਾਦਿਆਨੀ ਕਿਹਾ ਜਾਂਦਾ ਹੈ) ਦਾ ਹੈੱਡਕੁਆਰਟਰ ਹੈ। ਇਸ ਭਾਈਚਾਰੇ ਨੂੰ ਪਾਕਿਸਤਾਨ ਨੇ ਗ਼ੈਰ-ਮੁਸਲਿਮ ਕਰਾਰ ਦਿੱਤਾ ਹੋਇਆ ਹੈ। ਚਨਿਓਟ ਵਿੱਚ ਇਸ ਭਾਈਚਾਰੇ ਦੀਆਂ ਕਈ ਇਬਾਦਤਗਾਹਾਂ ਤੇ ਵਿਦਿਅਕ ਅਦਾਰੇ ਹਨ। ਅਜਿਹੇ ਇੱਕ ਅਦਾਰੇ ਨੂਰ ਜਹਾਂ ਕਾਲਜ ਵਿੱਚ ਮੁਬਾਰਿਕ ਸਾਨੀ ਨੇ ਅਹਿਮਦੀ ਸਾਹਿਤ ਵੰਡਿਆ ਸੀ ਜਿਸ ਵਿੱਚ ਇੱਕ ਪਾਬੰਦੀਸ਼ੁਦਾ ਕਿਤਾਬ ‘ਤਫ਼ਸੀਰ ਸ਼ਗੀਰ’ ਸ਼ਾਮਿਲ ਸੀ। ਕੱਟੜਪੰਥੀ ਇਹ ਦਾਅਵਾ ਕਰਦੇ ਹਨ ਕਿ ਇਹ ਕਿਤਾਬ ਕੁਰਆਨ-ਸ਼ਰੀਫ਼ ਦੀ ਬੇਅਦਬੀ ਕਰਦੀ ਹੈ।

ਸਾਨੀ ਦੀ ਅਪੀਲ ਦੀ ਸੁਣਵਾਈ ਚੀਫ਼ ਜਸਟਿਸ ਈਸਾ ਤੇ ਜਸਟਿਸ ਮੁਜ਼ੱਫਰ ਜ਼ਫਰ ਹਿਲਾਲੀ ਦੇ ਬੈਂਚ ਨੇ ਕੀਤੀ। ਬੈਂਚ ਨੇ ਇਸ ਸਾਲ 6 ਫਰਵਰੀ ਨੂੰ ਦਿੱਤੇ ਫ਼ੈਸਲੇ ਤੋਂ ਰਾਹੀਂ ਸਾਨੀ ਨੂੰ ਜ਼ਮਾਨਤ ’ਤੇ ਰਿਹਾਅ ਕੀਤੇ ਜਾਣ ਦਾ ਹੁਕਮ ਦਿੱਤਾ। ਇਸ ਨੇ ਇਹ ਵੀ ਕਿਹਾ ਕਿ ਜਿਸ ਕੁਫ਼ਰ-ਵਿਰੋਧੀ ਤਰਮੀਮੀ ਕਾਨੂੰਨ ਦੇ ਤਹਿਤ ਸਾਨੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਉਹ ਤਾਂ 2019 ਵਿੱਚ ਵਜੂਦ ’ਚ ਹੀ ਨਹੀਂ ਸੀ ਆਇਆ। ਉਂਜ ਵੀ, ਇਹ ਕਾਨੂੰਨ ਮੁਸਲਮਾਨਾਂ ਉੱਪਰ ਲਾਗੂ ਹੁੰਦਾ ਹੈ, ਗ਼ੈਰ-ਮੁਸਲਿਮ ਲੋਕਾਂ ਉੱਤੇ ਨਹੀਂ। ਇਸ ਫ਼ੈਸਲੇ ਦਾ ਮੁਲਾਣਿਆਂ ਵੱਲੋਂ ਵਿਰੋਧ ਹੋਣਾ ਸੁਭਾਵਿਕ ਹੀ ਸੀ। ਕੱਟੜਪੰਥੀਆਂ ਦੇ ਦਬਾਅ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਨਜ਼ਰਸਾਨੀ ਪਟੀਸ਼ਨ ਦਾਖ਼ਲ ਕਰ ਦਿੱਤੀ। ਇਸ ਪਟੀਸ਼ਨ ਉੱਤੇ ਸੁਣਵਾਈ ਚੀਫ਼ ਜਸਟਿਸ ਤੋਂ ਇਲਾਵਾ ਜਸਟਿਸ ਇਰਫ਼ਾਨ ਸਾਦਾਦ ਖ਼ਾਨ ਤੇ ਜਸਟਿਸ ਨਈਮ ਅਖ਼ਤਰ ਅਫ਼ਗਾਨ ਦੇ ਬੈਂਚ ਨੇ ਕੀਤੀ। ਬੈਂਚ ਨੇ ਇਹ ਸੁਣਵਾਈ 29 ਮਈ ਨੂੰ ਮੁਕੰਮਲ ਕੀਤੀ ਅਤੇ ਫ਼ੈਸਲਾ ਰਾਖਵਾਂ ਰੱਖ ਲਿਆ। ਫ਼ੈਸਲਾ 25 ਜੁਲਾਈ ਨੂੰ ਸੁਣਾਇਆ ਗਿਆ। ਚੀਫ ਜਸਟਿਸ ਵੱਲੋਂ ਲਿਖਿਆ ਫ਼ੈਸਲਾ ਜਸਟਿਸ ਨਈਮ ਨੇ ਪੜ੍ਹ ਕੇ ਸੁਣਾਇਆ। ਇਸ ਦੇ ਤਿੰਨ ਮੁੱਖ ਨੁਕਤੇ ਹਨ: 1. ਮੁਸਲਮਾਨਾਂ ਲਈ ਹਜ਼ਰਤ ਮੁਹੰਮਦ ਸਾਹਿਬ ਆਖ਼ਰੀ ਪੈਗੰਬਰ ਹਨ। ਕਾਦਿਆਨੀ ਅਜਿਹਾ ਨਹੀਂ ਮੰਨਦੇ। ਇਸ ਲਈ ਇਸਲਾਮੀ ਸ਼ਰ੍ਹਾ ਉਨ੍ਹਾਂ ਉੱਪਰ ਲਾਗੂ ਨਹੀਂ ਹੁੰਦੀ। 2. ਕਿਉਂਕਿ ਕਾਦਿਆਨੀ ਵੱਖਰਾ ਫ਼ਿਰਕਾ ਹਨ ਅਤੇ ਪਾਕਿਸਤਾਨ ਆਈਨ ਵਿੱਚ ਹਰ ਮਜ਼ਹਬੀ ਫ਼ਿਰਕੇ ਨੂੰ ਆਪਣੇ ਅਕੀਦਿਆਂ ਦਾ ਪਾਲਣ ਕਰਨ ਦੀ ਖੁੱਲ੍ਹ ਹੈ ਬਸ਼ਰਤੇ ਇਹ ਕਿਸੇ ਹੋਰ ਮਜ਼ਹਬ ਜਾਂ ਕੌਮੀ ਸੰਵਿਧਾਨ ਆਦਿ ਦੀ ਅਵੱਗਿਆ ਨਾ ਕਰਦੇ ਹੋਣ, ਇਸ ਲਈ ਨੂਰ ਜਹਾਂ ਕਾਲਜ ਵਿੱਚ ਜੋ ਕੁਝ ਵਾਪਰਿਆ, ਉਹ ਕਾਨੂੰਨ ਦੀ ਉਲੰਘਣਾ ਨਹੀਂ ਸੀ। 3. ਜਿਹੜਾ ਕਾਨੂੰਨ, ਕਥਿਤ ਜੁਰਮ ਵਾਪਰਨ ਸਮੇਂ ਹੋਂਦ ਵਿੱਚ ਹੀ ਨਹੀਂ ਸੀ ਆਇਆ, ਉਸ ਨੂੰ ਦੋਸ਼ੀ ਕਰਾਰ ਦੇਣ ਜਾਂ ਸਜ਼ਾ ਦੇਣ ਲਈ ਕਿਵੇਂ ਵਰਤਿਆ ਜਾ ਸਕਦਾ ਹੈ? ਉਂਜ ਵੀ ਮੁਲਜ਼ਮ 13 ਮਹੀਨੇ ਜੇਲ੍ਹ ਵਿੱਚ ਬਿਤਾ ਚੁੱਕਾ ਹੈ। ਉਸ ਖ਼ਿਲਾਫ਼ ਜੇਕਰ ਕੋਈ ਨਵਾਂ ਜੁਰਮ ਬਣਦਾ ਵੀ ਹੈ ਤਾਂ ਵੀ ਉਹ ਸਜ਼ਾ ਹੋਣ ਤੱਕ ਜੇਲ੍ਹ ਨਹੀਂ ਭੇਜਿਆ ਜਾ ਸਕਦਾ। ਲਿਹਾਜ਼ਾ, ਨਜ਼ਰਸਾਨੀ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।

ਸਮੁੱਚੇ ਘਟਨਾਕ੍ਰਮ ਦਾ ਅਫ਼ਸੋਸਨਾਕ ਪੱਖ ਇਹ ਹੈ ਕਿ ਕੱਟੜਪੰਥੀਆਂ ਤੋਂ ਇਲਾਵਾ ਬਹੁਤੇ ਟੀਵੀ ਨਿਊਜ਼ ਤੇ ਵੈੱਬ ਚੈਨਲਾਂ ਵੱਲੋਂ ਉਪਰੋਕਤ ਫ਼ੈਸਲੇ ਨੂੰ ਗ਼ਲਤ ਰੰਗਤ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਦਰਸਾਇਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਨੇ ਕਾਦਿਆਨੀਆਂ ਨੂੰ ਕੁਰਆਨ-ਸ਼ਰੀਫ਼ ਨਾਲ ਛੇੜਛਾੜ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹੇ ਜ਼ਹਿਰੀਲੇ ਪ੍ਰਚਾਰ ਦੇ ਕੀ ਨਤੀਜੇ ਨਿਕਲਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਸੁਖਨਾ ਰੱਖ ਦਾ ਈਕੋ ਜ਼ੋਨ ਤੈਅ ਕਰਨ ਲਈ ਪੰਜਾਬ ਸਰਕਾਰ ਨੂੰ ਅਲਟੀਮੇਟਮ

## ਸੁਪਰੀਮ ਕੋਰਟ ਨੇ ਸੂਬਾ ਸਰਕਾਰ ਨੂੰ 18 ਸਤੰਬਰ ਤੱਕ ਦਾ ਦਿੱਤਾ ਸਮਾਂ; ਕਈ ਰਸੂਖ਼ਵਾਨਾਂ ਦੇ ਫਾਰਮ ਹਾਊਸ ਆ ਸਕਦੇ ਨੇ ਘੇਰੇ ਵਿੱਚ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਖਨਾ ਜੰਗਲੀ ਜੀਵ ਰੱਖ ਦੀ ਈਕੋ ਸੈਂਸਟਿਵ ਜ਼ੋਨ (ਵਾਤਾਵਰਨ ਪੱਖੋਂ ਸੰਵੇਦਨਸ਼ੀਲ ਖੇਤਰ) ਵਜੋਂ ਹੱਦਬੰਦੀ ਦੇ ਰੱਫੜ ਨੇ ਦਰਜਨਾਂ ਸਿਆਸੀ ਤੇ ਪ੍ਰਸ਼ਾਸਕੀ ਰਸੂਖ਼ਵਾਨਾਂ ਨੂੰ ਸੁੱਕਣੇ ਪਾ ਦਿੱਤਾ ਹੈ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ ਹੈ ਕਿ ਈਕੋ ਸੈਂਸਟਿਵ ਜ਼ੋਨ ਦੀ ਹੱਦਬੰਦੀ 18 ਸਤੰਬਰ ਤੱਕ ਤੈਅ ਕੀਤੀ ਜਾਵੇ ਅਤੇ ਨਾ ਕੀਤੇ ਜਾਣ ਦੀ ਸੂਰਤ ’ਚ ਆਖ਼ਰੀ ਫ਼ੈਸਲਾ ਸੁਪਰੀਮ ਕੋਰਟ ਸੁਣਾ ਸਕਦਾ ਹੈ। ਸੁਪਰੀਮ ਕੋਰਟ ਵਿਚ ਇਸ ਮਾਮਲੇ ਦੀ ਸੁਣਵਾਈ 18 ਸਤੰਬਰ ਨੂੰ ਹੋਣੀ ਹੈ।

ਪੰਜਾਬ ਕੈਬਨਿਟ ਨੇ 9 ਅਗਸਤ 2013 ਨੂੰ ਸੁਖਨਾ ਰੱਖ ਦੇ ਈਕੋ ਜ਼ੋਨ ਦਾ ਘੇਰਾ 100 ਮੀਟਰ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ ਸੀ। ਸੁਪਰੀਮ ਕੋਰਟ ’ਚ ਇੱਕ ਰਿੱਟ ਪਟੀਸ਼ਨ ਦੇ ਸੰਦਰਭ ਵਿਚ 3 ਜੂਨ 2022 ਨੂੰ ਆਏ ਫ਼ੈਸਲੇ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ 9 ਫਰਵਰੀ 2023 ਨੂੰ ਈਕੋ ਜ਼ੋਨ ਦੀ ਹੱਦਬੰਦੀ 100 ਮੀਟਰ ਤੱਕ ਤੈਅ ਕਰਨ ਦੀ ਤਾਜ਼ਾ ਤਜਵੀਜ਼ ਵੀ ਭੇਜੀ ਸੀ। ਸੁਪਰੀਮ ਕੋਰਟ ਨੇ ਮੁੜ 14 ਫਰਵਰੀ 2024 ਨੂੰ ਹੁਕਮ ਪਾਸ ਕੀਤੇ ਤਾਂ ਪੰਜਾਬ ਸਰਕਾਰ ਨੇ ਤਰਕ ਦਿੱਤਾ ਕਿ ਜੇ ਈਕੋ ਸੈਂਸਟਿਵ ਜ਼ੋਨ ਦਾ ਘੇਰਾ 100 ਮੀਟਰ ਤੋਂ ਵੱਧ ਰੱਖਿਆ ਜਾਂਦਾ ਹੈ ਤਾਂ ਇਸ ਨਾਲ ਬਹੁਤ ਸਾਰੇ ਵਪਾਰਕ ਅਦਾਰੇ, ਧਾਰਮਿਕ ਸਥਾਨ ਤੇ ਖੇਤੀ ਦਾ ਖੇਤਰ ਪ੍ਰਭਾਵਿਤ ਹੋਵੇਗਾ ਅਤੇ ਲੋਕਾਂ ਨੂੰ ਮੁਸ਼ਕਲਾਂ ਆਉਣਗੀਆਂ। ਹੁਣ ਸੁਪਰੀਮ ਕੋਰਟ ਨੇ 24 ਜੁਲਾਈ 2024 ਨੂੰ ਆਖ਼ਰੀ ਪੇਸ਼ੀ ’ਤੇ ਪੰਜਾਬ ਨੂੰ ਅਲਟੀਮੇਟਮ ਦੇ ਦਿੱਤਾ ਹੈ ਅਤੇ ਪੰਜਾਬ ਦੇ ਐਡਵੋਕੇਟ ਜਨਰਲ ਨੇ ਸੋਧੀ ਹੋਈ ਤਜਵੀਜ਼ ਪੇਸ਼ ਕਰਨ ਦਾ ਭਰੋਸਾ ਦਿੱਤਾ ਹੈ। ਸੁਪਰੀਮ ਕੋਰਟ ਦੇ ਜੂਨ 2022 ਦੇ ਹੁਕਮਾਂ ਅਨੁਸਾਰ ਹਰੇਕ ਜੰਗਲੀ ਜੀਵ ਰੱਖ ਦਾ ਘੱਟੋ-ਘੱਟ ਇੱਕ ਕਿਲੋਮੀਟਰ ਦਾ ਖੇਤਰ ਈਕੋ ਸੈਂਸਟਿਵ ਜ਼ੋਨ ’ਚ ਹੋਣਾ ਚਾਹੀਦਾ ਹੈ।



ਪ੍ਰਾਪਤ ਵੇਰਵਿਆਂ ਅਨੁਸਾਰ ਸੁਖਨਾ ਰੱਖ ਦੇ 10 ਕਿਲੋਮੀਟਰ ਦੇ ਖੇਤਰ ਨੂੰ ਈਕੋ ਜ਼ੋਨ ਐਲਾਨਿਆ ਜਾਂਦਾ ਹੈ ਤਾਂ ਇਸ ਨਾਲ ਵੀਆਈਪੀ ਲੋਕਾਂ ਦੇ 46 ਫਾਰਮ ਹਾਊਸ ਪ੍ਰਭਾਵਤ ਹੋਣਗੇ। ਜੇ ਈਕੋ ਜ਼ੋਨ ਦੀ ਹੱਦਬੰਦੀ ਇੱਕ ਕਿਲੋਮੀਟਰ ਦੇ ਖੇਤਰ ਤੱਕ ਕੀਤੀ ਜਾਂਦੀ ਹੈ ਤਾਂ 17 ਫਾਰਮ ਹਾਊਸ ਪ੍ਰਭਾਵਿਤ ਹੋਣਗੇ। ਇਨ੍ਹਾਂ ਫਾਰਮ ਹਾਊਸਾਂ ਦੀ ਮਾਲਕੀ ਇੱਕ ਸਾਬਕਾ ਡੀਜੀਪੀ ਕੋਲ ਹੈ ਅਤੇ ਦੋ ਹੋਰ ਆਈਪੀਐੱਸ ਅਫ਼ਸਰਾਂ ਦੇ ਫਾਰਮ ਹਾਊਸ ਹਨ। ਇੱਕ ਕਰਨਲ ਦੇ ਵੀ ਤਿੰਨ ਫਾਰਮ ਹਾਊਸ ਹਨ ਅਤੇ ਇੱਕ ਸਾਬਕਾ ਵਿਧਾਇਕ ਤੋਂ ਇਲਾਵਾ ਕਈ ਵਕੀਲਾਂ ਦੇ ਫਾਰਮ ਹਾਊਸ ਵੀ ਹਨ।

ਇੱਕ ਕਿਲੋਮੀਟਰ ਦੇ ਘੇਰੇ ’ਚ ਪਿੰਡ ਕਰੌਰ, ਪਿੰਡ ਕਾਨ੍ਹੇ ਕਾ ਵਾੜਾ ਤੇ ਇੱਕ ਹੋਰ ਪਿੰਡ ਦੇ ਫਾਰਮ ਹਾਊਸ ਆ ਜਾਣਗੇ। ਇਸ ਦੇ ਡਰੋਂ ਇੱਕ ਬਜ਼ੁਰਗ ਅਕਾਲੀ ਸਿਆਸਤਦਾਨ ਤੇ ਇੱਕ ਸਾਬਕਾ ਕਾਂਗਰਸੀ ਮੰਤਰੀ ਵੀ ਸਰਕਾਰ ਦੁਆਲੇ ਚੱਕਰ ਕੱਟਣ ਲੱਗ ਪਏ ਹਨ। ਜੇ ਈਕੋ ਜ਼ੋਨ ਦਾ ਘੇਰਾ ਇੱਕ ਕਿਲੋਮੀਟਰ ਤੋਂ ਢਾਈ ਕਿਲੋਮੀਟਰ ਤੱਕ ਹੁੰਦਾ ਹੈ ਤਾਂ 11 ਵੱਡੇ ਫਾਰਮ ਹਾਊਸ ਮਾਰ ਹੇਠ ਆ ਜਾਣੇ ਹਨ ਜੋ ਪਿੰਡ ਟਾਂਡੀ ਤੇ ਪਿੰਡ ਮਸੋਲ ’ਚ ਪੈਂਦੇ ਹਨ।

ਇਨ੍ਹਾਂ ਵਿਚ ਇੱਕ ਸਾਬਕਾ ਆਈਏਐੱਸ ਅਧਿਕਾਰੀ, ਸਾਬਕਾ ਆਈਪੀਐੱਸ ਅਧਿਕਾਰੀ ਅਤੇ ਦੋ ਸਾਬਕਾ ਵਿਧਾਇਕਾਂ ਦੇ ਫਾਰਮ ਹਾਊਸ ਵੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਇੱਕ ਸਾਬਕਾ ਵਿਧਾਇਕ ਦਾ ਫਾਰਮ ਹਾਊਸ ਵੀ ਇਸ ਖੇਤਰ ਵਿਚ ਪੈਂਦਾ ਹੈ। ਈਕੋ ਜ਼ੋਨ ਦਾ ਘੇਰਾ ਢਾਈ ਤੋਂ ਪੰਜ ਕਿਲੋਮੀਟਰ ਕੀਤੇ ਜਾਣ ਦੀ ਸੂਰਤ ’ਚ 9 ਫਾਰਮ ਹਾਊਸਾਂ ਨੂੰ ਆਪਣੇ ਨਿਸ਼ਾਨੇ ’ਤੇ ਲੈ ਲਵੇਗਾ ਜਿਹੜੇ ਕਿ ਪਿੰਡ ਸੰਕੂ, ਪਿੰਡ ਪੜਛ ਅਤੇ ਮਾਜਰੀ ਵਿਚ ਪੈਂਦੇ ਹਨ। ਇਨ੍ਹਾਂ ’ਚ ਬਾਬੂ ਆਸਾ ਰਾਮ ਦਾ ਫਾਰਮ ਹਾਊਸ ਵੀ ਸ਼ਾਮਲ ਹੈ। ਈਕੋ ਜ਼ੋਨ ਦਾ ਖੇਤਰ ਪੰਜ ਤੋਂ ਦਸ ਕਿਲੋਮੀਟਰ ਕੀਤੇ ਜਾਣ ਵਜੋਂ ਇਸ ਦੀ ਮਾਰ ’ਚ ਪਿੰਡ ਪੜੌਲ, ਪਿੰਡ ਛੋਟੀ ਬੜੀ ਨੰਗਲ ਦੇ ਕਰੀਬ 9 ਫਾਰਮ ਹਾਊਸ ਆ ਜਾਣੇ ਹਨ। ਇਨ੍ਹਾਂ ਫਾਰਮ ਹਾਊਸਾਂ ਦੀ ਮਾਲਕੀ ਇੱਕ ਸਾਬਕਾ ਸੰਸਦ ਮੈਂਬਰ ਕੋਲ ਵੀ ਹੈ ਅਤੇ ਇੱਕ ਪੱਤਰਕਾਰ ਵੀ ਫਾਰਮ ਹਾਊਸ ਦਾ ਮਾਲਕ ਹੈ। ਪੰਜਾਬ ਸਰਕਾਰ ਨੂੰ ਹੁਣ ਈਕੋ ਜ਼ੋਨ ਦੀ ਹੱਦਬੰਦੀ ਦਾ ਫ਼ੈਸਲਾ 18 ਸਤੰਬਰ ਤੋਂ ਪਹਿਲਾਂ ਕਰਨਾ ਪੈਣਾ ਹੈ ਜਿਸ ਦਾ ਏਜੰਡਾ ਆਗਾਮੀ ਕੈਬਨਿਟ ਵਿਚ ਲੱਗ ਸਕਦਾ ਹੈ।

**ਸੁਪਰੀਮ ਕੋਰਟ 10 ਕਿਲੋਮੀਟਰ ਤੱਕ ਵਧਾ ਸਕਦੈ ਈਕੋ ਜ਼ੋਨ ਦਾ ਘੇਰਾ**

ਪੰਜਾਬ ਨੇ ਇਸ ਮਾਮਲੇ ’ਚ ਕੋਈ ਢਿੱਲ ਵਰਤੀ ਤਾਂ ਸੁਪਰੀਮ ਕੋਰਟ ‘ਈਕੋ ਜ਼ੋਨ’ ਦਾ ਘੇਰਾ 10 ਕਿਲੋਮੀਟਰ ਤੱਕ ਵੀ ਵਧਾ ਸਕਦਾ ਹੈ। ਸੁਖਨਾ ਰੱਖ ਦਾ ਕੁੱਲ ਰਕਬਾ 26 ਵਰਗ ਕਿਲੋਮੀਟਰ ਹੈ। ਚੰਡੀਗੜ੍ਹ ਪ੍ਰਸ਼ਾਸਨ ਨੇ 2 ਕਿਲੋਮੀਟਰ ਤੋਂ 2.75 ਕਿਲੋਮੀਟਰ ਤੱਕ ਦੇ ਖੇਤਰ ਨੂੰ ਈਕੋ ਜ਼ੋਨ ਐਲਾਨਿਆ ਹੈ ਅਤੇ ਉਸ ਵੱਲੋਂ ਇਸੇ ਪੈਟਰਨ ’ਤੇ ਹਰਿਆਣਾ ਤੇ ਪੰਜਾਬ ਤੋਂ ਈਕੋ ਜ਼ੋਨ ਐਲਾਨੇ ਜਾਣ ਦੀ ਆਸ ਰੱਖੀ ਜਾ ਰਹੀ ਹੈ। ਇਸ ਜੰਗਲੀ ਰੱਖ ਦਾ 90 ਫ਼ੀਸਦੀ ਖੇਤਰ ਪੰਜਾਬ ਤੇ ਹਰਿਆਣਾ ’ਚ ਪੈਂਦਾ ਹੈ। ਪੰਜਾਬ ਵਿਚ ਵੀ ਇਸ ਵੇਲੇ 13 ਜੰਗਲੀ ਜੀਵ ਰੱਖਾਂ ਹਨ।

# ਛੋਟੇ ਮਧੂ ਮੱਖੀ ਪਾਲਕਾਂ ਦੀ ਸੁਰੱਖਿਆ ਯਕੀਨੀ ਬਣਾਵੇ ਸਰਕਾਰ: ਅਮਰ ਸਿੰਘ



**ਫਤਿਹਗੜ੍ਹ ਸਾਹਿਬ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਨੇ ਕੇਂਦਰੀ ਖਪਤਕਾਰ, ਖੁਰਾਕ ਅਤੇ ਜਨਤਕ ਵੰਡ ਪ੍ਰਣਾਲੀ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਦੇ ਮਧੂ ਮੱਖੀ ਪਾਲਕਾਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਉਨ੍ਹਾਂ ਕੇਂਦਰੀ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਦੇਸ਼ ਭਰ ਵਿੱਚ ਸ਼ੁੱਧ ਅਤੇ ਕੁਦਰਤੀ ਸ਼ਹਿਦ ਦਾ ਅਸਲ ਉਤਪਾਦਨ ਤਾਂ ਕੇਵਲ 50 ਹਜ਼ਾਰ ਟਨ ਹੈ ਜਦਕਿ ਸਰਕਾਰ ਦੇ ਅਨੁਮਾਨ ਅਨੁਸਾਰ ਦੇਸ਼ ਵਿੱਚ ਖ਼ਪਤ ਇਸ ਤੋਂ ਲਗਪਗ ਦੁੱਗਣੀ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਸ਼ਹਿਦ ਦੇ ਨਾਂ ਹੇਠ ਮੱਕੀ ਅਤੇ ਹੋਰ ਸ਼ਰਬਤਾਂ ਤੋਂ ਤਿਆਰ ਨਕਲੀ ਸ਼ਹਿਦ ਧੜੱਲੇ ਨਾਲ ਵੇਚਿਆ ਜਾ ਰਿਹਾ ਹੈ। ਅਮਰ ਸਿੰਘ ਨੇ ਕਿਹਾ ਕਿ ਮਧੂ ਮੱਖੀ ਪਾਲਕਾਂ ਅਨੁਸਾਰ ਇਸੇ ਕਾਰਨ ਸ਼ੁੱਧ ਅਤੇ ਕੁਦਰਤੀ ਸ਼ਹਿਦ ਦੀ ਮੰਗ ਵੀ ਘਟੀ ਹੈ, ਕਿਉਂਕਿ ਮਾਰਕੀਟ ਵਿੱਚ ਨਕਲੀ ਸ਼ਹਿਦ ਦੀ ਭਰਮਾਰ ਹੈ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਉਨ੍ਹਾਂ ਨੂੰ ਮਾਮਲੇ ਦੀ ਜਾਂਚ ਕਰਵਾਉਣ ਦਾ ਵੀ ਭਰੋਸਾ ਦਿੱਤਾ ਹੈ।

# ‘ਆਪ’ ਨੇ ਸੰਸਦ ਦੀ ਛੱਤ ਚੋਣ ਦੇ ਮਾਮਲੇ ’ਤੇ ਭਾਜਪਾ ਨੂੰ ਘੇਰਿਆ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਪਏ ਮੀਂਹ ਦੌਰਾਨ ਨਵੀਂ ਸੰਸਦ ਭਵਨ ਦੀ ਛੱਤ ’ਚੋਂ ਪਾਣੀ ਰਿਸਣ ਦੇ ਮਾਮਲੇ ’ਤੇ ਭਾਜਪਾ ਨੂੰ ਘੇਰਿਆ ਹੈ। ‘ਆਪ’ ਪੰਜਾਬ ਦੇ ਸੀਨੀਅਰ ਆਗੂ ਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਆਗੂ ਹਮੇਸ਼ਾ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੀ ਗੱਲ ਕਰਦੇ ਹਨ, ਜਦਕਿ ਉਨ੍ਹਾਂ ਦੇ ਸਾਰੇ ਕੰਮ ਭ੍ਰਿਸ਼ਟਾਚਾਰ ਨਾਲ ਭਰੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਮਾਰਤ ਪਹਿਲੀ ਬਰਸਾਤ ਵਿੱਚ ਹੀ ਲੀਕ ਹੋਣੀ ਸ਼ੁਰੂ ਹੋ ਗਈ। ਇੰਨਾ ਹੀ ਨਹੀਂ ਪਿਛਲੇ ਕੁਝ ਦਿਨ ਪਹਿਲਾਂ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਛੱਤ ਵੀ ਡਿੱਗ ਗਈ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਮੰਦਰ, ਸੰਸਦ ਭਵਨ ਤੋਂ ਹੀ ਪਾਣੀ ਨਹੀਂ ਰਿਸ ਰਿਹਾ ਸਗੋਂ ਉਨ੍ਹਾਂ ਵੱਲੋਂ ਬਣਾਏ ਰਾਮ ਮੰਦਰ ਦੀ ਛੱਤ ’ਚੋਂ ਵੀ ਪਾਣੀ ਰਿਸ ਰਿਹਾ ਹੈ।

# ਸੰਭਾਵੀ ਹੜ੍ਹਾਂ ਦੀ ਰੋਕਥਾਮ ਲਈ ਅਧਿਕਾਰੀ ਆਪਣੀ ਡਿਊਟੀ ਜਿੰਮੇਵਾਰੀ ਨਾਲ ਨਿਭਾਉਣ: ਅਨਮਜੋਤ ਕੌਰ

**ਸ੍ਰੀ ਅਨੰਦਪੁਰ ਸਾਹਿਬ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨਮਜੋਤ ਕੌਰ ਐਸ.ਡੀ.ਐਮ ਨੇ ਉਪ ਮੰਡਲ ਸ੍ਰੀ ਅਨੰਦਪੁਰ ਸਾਹਿਬ ਤੇ ਨੰਗਲ ਦੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਵਿਸੇਸ਼ ਸਾਝੀ ਮੀਟਿੰਗ ਕੀਤੀ। ਉਨ੍ਹਾਂ ਨੇ ਵੱਖ ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਸੰਭਾਵੀ ਹੜ੍ਹਾ ਦੀ ਰੋਕਥਾਮ ਲਈ ਕੀਤੇ ਜਾਣ ਵਾਲੇ ਅਗਾਓ ਪ੍ਰਬੰਧਾਂ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆ ਲਗਾਉਦੇ ਹੋਏ ਐਸ.ਡੀ.ਐਮ ਅਨਮਜੋਤ ਕੌਰ ਨੇ ਕਿਹਾ ਕਿ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕਰਨਾ ਪ੍ਰਸ਼ਾਸ਼ਨ ਦਾ ਮੁੱਢਲਾ ਫਰਜ਼ ਹੈ। ਇਸ ਵਿਚ ਕਿਸੇ ਤਰਾਂ ਦੀ ਲਾਪਰਵਾਹੀ ਨਾ ਕੀਤੀ ਜਾਵੇ।

ਉਨ੍ਹਾਂ ਨੇ ਕਿਹਾ ਕਿ ਇਸ ਇਲਾਕੇ ਵਿਚ ਸਤਲੁਜ ਅਤੇ ਸਵਾਂ ਨਦੀ ਦਾ ਪਾਣੀ ਬਰਸਾਤਾ ਦੌਰਾਨ ਪਹਾੜਾ ਤੋ ਵੱਧ ਮਾਤਰਾ ਵਿਚ ਆਉਦਾ ਹੈ ਤੇ ਹੜ੍ਹਾ ਵਰਗੇ ਹਾਲਾਤ ਬਣ ਜਾਦੇ ਹਨ, ਕੁਝ ਇਲਾਕਿਆ ਦੇ ਇਸ ਤੋ ਪ੍ਰਭਾਵਿਤ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਦੇ ਲਈ ਅਸੀ ਅਗਾਓ ਪ੍ਰਬੰਧ ਕਰਨੇ ਹਨ, ਭਾਖੜਾ ਡੈਮ ਦੇ ਅਧਿਕਾਰੀਆਂ ਨਾਲ ਵੀ ਤਾਲਮੇਲ ਬਣਾ ਕੇ ਰੱਖਣਾ ਹੈ, ਲੋਕਾਂ ਨੂੰ ਸਹੀ ਜਾਣਕਾਰੀ ਪਹੁੰਚਾਉਣ ਅਤੇ ਅਫਵਾਹਾ ਤੋ ਬਚਣ ਲਈ ਜਾਗਰੂਕ ਕਰਨਾ ਬਹੁਤ ਜਰੂਰੀ ਹੈ। ਇਸ ਦੇ ਲਈ ਪ੍ਰੈਸ ਮੀਡੀਆ ਸਾਧਨਾਂ ਤੇ ਪਿੰਡਾਂ ਵਿਚ ਮੋਜੂਦ ਸਰਕਾਰੀ ਤੰਤਰ ਨਾਲ ਤਾਲਮੇਲ ਰੱਖਣਾ ਬਹੁਤ ਜਰੂਰੀ ਹੈ, ਲੋੜ ਪੈਣ ਤੇ ਲੋਕਾਂ ਨੂੰ ਸੁਰੱਖਿਅਤ ਥਾਵਾ ਤੇ ਪਹੁੰਚਾਉਣਾ, ਖਾਣ ਪੀਣ ਦੀਆ ਵਸਤਾ ਦਾ ਪ੍ਰਬੰਧ ਕਰਨਾ, ਪਸੂਆ ਲਈ ਚਾਰਾ, ਨਿਰਵਿਘਨ ਬਿਜਲੀ ਤੇ ਪਾਣੀ ਦੀ ਸਪਲਾਈ ਆਦਿ ਵਰਗੀਆਂ ਬੁਨਿਆਦੀ ਸਹੂਲਤਾਂ ਉਪਲੱਬਧ ਕਰਵਾਉਣਾ ਸਾਡੀ ਜਿੰਮੇਵਾਰੀ ਹੈ। ਲੋਕਾਂ ਨੂੰ ਜਾਣਕਾਰੀ ਦੇਣ ਲਈ 24/7 ਕੰਟਰੋਲ ਰੂਮ ਸਥਾਪਿਤ ਕਰਨੇ, ਸਿਹਤ ਸਹੂਲਤਾ ਉਪਲੱਬਧ ਕਰਵਾਉਣਾ ਆਦਿ ਨੂੰ ਮੁਕੰਮਲ ਕਰਕੇ ਲੋਕਾਂ ਤੱਕ ਸਮੁੱਚੀ ਜਾਣਕਾਰੀ ਪਹੁੰਚਾਈ ਜਾ ਰਹੀ ਹੈ।



ਉਨ੍ਹਾਂ ਨੇ ਕਿਹਾ ਕਿ ਅਧਿਕਾਰੀ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨਾਲ ਨਿਰੰਤਰ ਤਾਲਮੇਲ ਰੱਖਣ ਤਾਂ ਕਿ ਲੋੜ ਪੈਣ ਤੇ ਕੋਈ ਅਸੁਵਿਧਾ ਨਾ ਹੋਵੇ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਵਲੋ ਅਜਿਹੇ ਹਾਲਾਤ ਵਿਚ ਪੂਰੀ ਸੰਜੀਦਗੀ ਨਾਲ ਸੇਵਾ ਦੀ ਭਾਵਨਾ ਨਾਲ ਡਿਊਟੀ ਕਰਨੀ ਹੈ। ਇਸ ਦੇ ਲਈ ਹਰ ਸਾਲ ਦੀ ਤਰਾਂ ਇਸ ਸਾਲ ਵੀ ਲੋੜੀਦੇ ਢੁਕਵੇ ਪ੍ਰਬੰਧ ਕਰ ਲਏ ਜਾਣ। ਐਸ.ਡੀ.ਐਮ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾ ਤੋ ਬਚਣ ਤੇ ਸਹੀ ਤੇ ਢੁਕਵੀ ਜਾਣਕਾਰੀ ਕੰਟਰੋਲ ਰੂਮ ਤੋ ਲੈਣ, ਜੋ ਇਸ ਬਰਸਾਤਾ ਦੇ ਮੌਸਮ ਦੌਰਾਨ ਨਿਰੰਤਰ ਕਾਰਜਸੀਲ ਰਹਿਣਗੇ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬਰਸਾਤਾ ਦੌਰਾਨ ਆਪਣੇ ਮੋਬਾਇਲ ਫੋਨ ਚਾਲੂ ਰੱਖੇ ਜਾਣ ਤੇ ਹਰ ਸਥਿਤੀ ਨਾਲ ਨਜਿੱਠਣ ਲਈ ਅਗਾਓ ਤਿਆਰੀਆ ਕੀਤੀਆ ਜਾਣ। ਉਨ੍ਹਾਂ ਨੇ ਦੱਸਿਆ ਕਿ ਇਸ ਸਬੰਧ ਵਿਚ ਜਲਦੀ ਹੀ ਕੀਤੀਆ ਗਈਆਂ ਤਿਆਰੀਆਂ ਬਾਰੇ ਇੱਕ ਰਵਿਊ ਮੀਟਿੰਗ ਕੀਤੀ ਜਾਵੇਗੀ।

ਐਸ.ਡੀ.ਐਮ ਨੇ ਨਗਰ ਕੌਸਲ ਨੰਗਲ , ਸ੍ਰੀ ਅਨੰਦਪੁਰ ਸਾਹਿਬ ਦੇ ਅਧਿਕਾਰੀਆਂ ਨੂੰ ਸ਼ਹਿਰਾਂ ਵਿੱਚ ਨਾਲੇ, ਨਾਲੀਆਂ, ਡਰੇਨਾਂ ਦੀ ਸਫਾਈ ਕਰਨ ਤੇ ਇਸ ਨੂੰ ਬਰਕਰਾਰ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਸਿੰਚਾਈ ਵਿਭਾਗ ਨੂੰ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਲੱਗੇ ਅੜਿੱਕੇ ਦੂਰ ਕਰਨ, ਦਰਿਆਵਾ ਦੇ ਕੰਢੇ ਮਜਬੂਤ ਕਰਨ, ਡੰਗੇ ਲਗਾਉਣ ਦੇ ਚੱਲ ਰਹੇ ਕੰਮ ਨੂੰ ਅਗਲੇ ਇੱਕ ਹਫਤੇ ਵਿਚ ਮੁਕੰਮਲ ਕਰਨ ਦੀ ਹਦਾਇਤ ਕੀਤੀ। ਅਨਮਜੋਤ ਕੌਰ ਨੇ ਪਾਵਰ ਕਾਮ ਨੂੰ ਨਿਰਵਿਘਨ ਤੇ ਸੁਰੱਖਿਅਤ ਬਿਜਲੀ ਸਪਲਾਈ, ਸਿਹਤ ਵਿਭਾਗ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਵੈਟਨਰੀ ਨੂੰ ਪਸ਼ੂਆਂ ਦੀ ਸਾਂਭ ਸੰਭਾਲ ਤੇ ਸਿਹਤ ਜਾਂਚ ਨਿਰੰਤਰ ਕਰਨ ਲਈ ਕਿਹਾ। ਉਨ੍ਹਾਂ ਨੇ ਖਾਦ ਪਦਾਰਥਾਂ, ਡੀਜਲ ਅਤੇ ਪੈਟਰੋਲ, ਗੈਸ ਸਿਲੰਡਰ ਅਤੇ ਪਸ਼ੂ ਚਾਰੇ ਦੇ ਢੁਕਵੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਐਸ.ਡੀ.ਐਮ ਨੇ ਸੈਂਡ ਬੈਗ ਢੁਕਵੀ ਮਾਤਰਾ ਵਿਚ ਰੱਖਣ, ਡੰਗਿਆਂ ਦੇ ਕੰਮ ਨੂੰ ਜਲਦੀ ਮੁਕੰਮਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿਚ ਸੰਭਾਵੀ ਹੜ੍ਹ ਪ੍ਰਭਾਵਿਤ ਇਲਾਕਿਆ ਦੇ ਪਤਵੰਤੇ ਲੋਕਾਂ ਨੇ ਵੀ ਸਮੂਲੀਅਤ ਕੀਤੀ ਹੈ, ਜ਼ਿਨ੍ਹਾਂ ਨੇ ਆਪਣੇ ਵਿਚਾਰ ਤੇ ਜਰੂਰੀ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਦੱਸਿਆ ਹੈ। ਇਸ ਲਈ ਉਨ੍ਹਾਂ ਦੀ ਰਾਏ ਤੇ ਜਰੂਰਤ ਅਨੁਸਾਰ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਕੁਲਵਿੰਦਰ ਸਿੰਘ ਤਹਿਸੀਲਦਾਰ ਨੰਗਲ, ਇਸ਼ਾਨ ਚੋਧਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਡਾ.ਚਰਨਜੀਤ ਕੁਮਾਰ ਸੀਨੀਅਰ ਮੈਡੀਕਲ ਅਫਸਰ, ਰਾਜਵਿੰਦਰ ਸਿੰਘ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂਰਪੁਰ ਬੇਦੀ, ਸੁਰਿੰਦਰਪਾਲ ਸਕੱਤਰ ਮਾਰਕੀਟ ਕਮੇਟੀ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਪਰਮਵੀਰ ਸਿੰਘ ਐਸ.ਡੀ.ਓ,ਪ੍ਰਦੀਪ ਕੁਮਾਰ ਐਸ.ਡੀ.ਓ, ਬਲਜਿੰਦਰ ਸਿੰਘ, ਵਰੁਣ ਵਸ਼ਿਸਟ, ਹਰਦੀਪ ਸਿੰਘ, ਸਤਪਾਲ, ਅਵਤਾਰ ਸਿੰਘ, ਸੁਖਬੀਰ ਸਿੰਘ, ਭੁਪਿੰਦਰ ਸਿੰਘ ਆਦਿ ਹਾਜਰ ਸਨ।



# ਚਿੱਟੀ ਮੱਖੀ ਰੋਕਥਾਮ ਦੇ ਉਪਰਾਲੇ

ਸਾਲ 2016 ਦੌਰਾਨ ਜਦ ਨਰਮੇ ਦੀ ਫ਼ਸਲ ਉੱਪਰ ਚਿੱਟੀ ਮੱਖੀ ਨੇ ਵੱਡਾ ਹਮਲਾ ਕੀਤਾ ਤਾਂ ਸਾਇੰਸਦਾਨਾਂ, ਖੇਤੀ ਮਾਹਿਰਾਂ ਤੇ ਕਿਸਾਨਾਂ ਦੇ ਸਹਿਯੋਗ ਨਾਲ ਉਸ ਉੱਪਰ ਕਾਬੂ ਪਾਇਆ ਗਿਆ। ਨਤੀਜੇ ਵਜੋਂ ਪਿਛਲੇ ਸਾਲ ਨਰਮੇ ਦੀ ਰਿਕਾਰਡ 756 ਕਿੱਲੋ/ਹੈਕਟੇਅਰ ਪੈਦਾਵਾਰ ਹੋਈ। ਇਸ ਸਾਲ ਪੀਏਯੂ ਦੇ ਵਾਈਸ ਚਾਂਸਲਰ ਡਾ. ਬੀਐੱਸ ਢਿੱਲੋਂ ਦੀ ਅਗਵਾਈ 'ਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੀ ਅੰਤਰਰਾਜੀ ਕਮੇਟੀ ਦਾ ਗਠਨ ਕੀਤਾ ਗਿਆ। ਇਹ ਕਮੇਟੀ ਨਰਮਾ ਪੱਟੀ ਦੇ ਜ਼ਿਲ੍ਹਿਆਂ 'ਚ ਚਿੱਟੀ ਮੱਖੀ ਦੇ ਸੰਭਾਵਿਤ ਹਮਲੇ ਸਬੰਧੀ ਅਧਿਐਨ ਕਰਦੀ ਹੈ ਤੇ ਲੋੜ ਮੁਤਾਬਕ ਚਿੱਟੀ ਮੱਖੀ ਦੀ ਰੋਕਥਾਮ ਲਈ ਕਾਰਜਨੀਤੀ ਉਲੀਕਦੀ ਹੈ। ਕਮੇਟੀ ਦੀਆਂ ਛੇ ਮੀਟਿੰਗਾਂ ਹੋ ਚੁੱਕੀਆਂ ਹਨ।

### ਫ਼ਸਲਾਂ ਦਾ ਨਿਰੀਖਣ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਫਰਵਰੀ ਮਹੀਨੇ ਤੋਂ ਨਰਮਾ ਪੱਟੀ 'ਚ ਚਿੱਟੀ ਮੱਖੀ ਦੇ ਮੇਜ਼ਬਾਨ ਨਦੀਨਾਂ ਪੀਲੀ ਬੂਟੀ, ਕੰਘੀ ਬੂਟੀ, ਪੁੱਠਕੰਡਾ, ਧਤੂਰਾ, ਕਾਂਗਰਸ ਘਾਹ, ਜੰਗਲੀ ਸੂਰਜਮੁਖੀ ਤੇ ਹੋਰ ਫ਼ਸਲਾਂ, ਜਿਵੇਂ ਬੈਂਗਣ, ਕੱਦੂ ਜਾਤੀ ਦੀਆਂ ਫ਼ਸਲਾਂ, ਮੂੰਗੀ, ਮਾਂਹ, ਭਿੰਡੀ, ਮਿਰਚਾਂ, ਟਮਾਟਰ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ। ਮਾਰਚ-ਅਪ੍ਰੈਲ ਦੌਰਾਨ ਖੇਤੀਬਾੜੀ ਮਹਿਕਮੇ ਵੱਲੋਂ ਚਿੱਟੀ ਮੱਖੀ ਦੇ ਮੇਜ਼ਬਾਨ ਪੌਦਿਆਂ ਦਾ ਪਿੰਡ ਪੱਧਰ 'ਤੇ ਖ਼ਾਤਮਾ ਕਰਵਾਇਆ ਗਿਆ। ਇਸੇ ਮਹੀਨੇ ਪੀਏਯੂ ਵੱਲੋਂ ਬੀਟੀ ਨਰਮੇ ਦੀਆਂ 45 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਤੇ ਕਿਸਾਨਾਂ ਦੀ ਜਾਣਕਾਰੀ ਲਈ ਨਰਮੇ ਦੀ ਸੁਚੱਜੀ ਕਾਸ਼ਤ ਸਬੰਧੀ ਨੁਕਤਿਆਂ ਦਾ ਪਰਚਾ ਤਿਆਰ ਕੀਤਾ ਗਿਆ, ਜੋ ਕੈਂਪਾਂ ਤੇ ਕਿਸਾਨ ਮੇਲਿਆਂ 'ਚ ਕਿਸਾਨਾਂ ਨੂੰ ਵੰਡਿਆ ਗਿਆ। ਇਸ ਤੋਂ ਇਲਾਵਾ ਨਰਮਾ-ਕਣਕ ਫ਼ਸਲੀ ਚੱਕਰ ਦਾ ਕੈਲੰਡਰ ਤਿਆਰ ਕੀਤਾ ਗਿਆ, ਜਿਸ 'ਚ ਖੇਤੀ ਕੰਮਾਂ ਦੀ ਮਹੀਨੇਵਾਰ ਜਾਣਕਾਰੀ ਦਿੱਤੀ ਗਈ ਹੈ। ਕਿਸਾਨਾਂ ਵਾਸਤੇ ਯੂਨੀਵਰਸਿਟੀ ਵੱਲੋਂ ਚਿੱਟੀ ਮੱਖੀ ਤੇ ਹੋਰ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਵਾਲਾ ਚਾਰਟ ਤਿਆਰ ਕੀਤਾ ਗਿਆ ਹੈ, ਜਿਸ ਨੂੰ ਖੇਤੀਬਾੜੀ ਵਿਭਾਗ ਦੁਆਰਾ ਦਵਾਈ ਵਿਕਰੇਤਾਵਾਂ ਦੀਆਂ ਦੁਕਾਨਾਂ 'ਤੇ ਲਗਾਇਆ ਗਿਆ ਤਾਂ ਜੋ ਕਿਸਾਨ ਸਿਫਾਰਸ਼ ਕੀਤੇ ਕੀਟਨਾਸ਼ਕ ਖ਼ਰੀਦ ਸਕਣ। ਸਕਾਊਟਸ ਤੇ ਕੀਟਨਾਸ਼ਕ ਵਿਕ੍ਰੇਤਾਵਾਂ ਨੂੰ ਨਰਮਾ ਪੱਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਟ੍ਰੇਨਿੰਗ ਦਿੱਤੀ ਗਈ ਤਾਂ ਜੋ ਉਹ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਦੇ ਸਕਣ। ਰੇਡੀਓ, ਦੂਰਦਰਸ਼ਨ, ਨਿੱਜੀ ਚੈਨਲਾਂ ਤੇ ਅਖ਼ਬਾਰਾਂ ਰਾਹੀਂ ਕਿਸਾਨਾਂ ਨੂੰ ਚਿੱਟੀ ਮੱਖੀ ਤੇ ਹੋਰ ਕੀੜਿਆਂ ਬਾਰੇ ਜਾਣਕਾਰੀ ਦਿੱਤੀ ਗਈ। ਸ਼ੁਰੂਆਤੀ ਅਵਸਥਾ ਵਿਚ ਹਫ਼ਤੇ 'ਚ ਦੋ ਵਾਰ ਤੇ ਜੁਲਾਈ ਮਹੀਨੇ ਤੋਂ ਰੋਜ਼ਾਨਾ ਪੀਏਯੂ ਦੀਆਂ ਟੀਮਾਂ ਕਿਸਾਨਾਂ ਦੇ ਖੇਤਾਂ ਦਾ ਨਿਰੀਖਣ ਕਰ ਰਹੀਆਂ ਹਨ। ਯੂਨੀਵਰਸਿਟੀ ਵੱਲੋਂ ਬਣਾਏ ਗਏ ਨਵੇਂ ਸਪਰੇਅ ਪੰਪ ਵੀ ਨਰਮਾ ਪੱਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ 'ਚ ਪਹੁੰਚਾਏ ਗਏ ਹਨ ਤਾਂ ਜੋ ਚਿੱਟੀ ਮੱਖੀ 'ਤੇ ਸਹੀ ਢੰਗ ਨਾਲ ਸਪਰੇਅ ਕਰ ਕੇ ਉਸ ਉੱਪਰ ਕਾਬੂ ਪਾਇਆ ਜਾ ਸਕੇ।

### ਚਿੱਟੀ ਮੱਖੀ ਦੀ ਰੋਕਥਾਮ ਲਈ ਕੀਟਨਾਸ਼ਕ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਵੱਲੋਂ ਨਰਮਾ ਪੱਟੀ 'ਚ ਰਸ ਚੂਸਣ ਵਾਲੇ ਕੀੜਿਆਂ ਦੇ ਹਮਲੇ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਚਿੱਟੀ ਮੱਖੀ ਦੀ ਗਿਣਤੀ ਆਮ ਤੌਰ 'ਤੇ ਆਰਥਿਕ ਕਗਾਰ (6 ਚਿੱਟੀਆਂ ਮੱਖੀਆਂ ਪ੍ਰਤੀ ਪੱਤਾ) ਤੋਂ ਘੱਟ ਹੈ ਪਰ ਫਾਜ਼ਿਲਕਾ, ਬਠਿੰਡਾ ਜ਼ਿਲ੍ਹੇ ਦੇ ਕੁਝ ਖੇਤਰਾਂ 'ਚ ਚਿੱਟੀ ਮੱਖੀ ਦੀ ਗਿਣਤੀ ਆਰਥਿਕ ਕਗਾਰ ਤੋਂ ਵੱਧ ਪਾਈ ਗਈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਜੇ ਇਸ ਦਾ ਹਮਲਾ ਆਰਥਿਕ ਕਗਾਰ ਤੋਂ ਵੱਧ ਹੋਵੇ ਤਾਂ 200 ਗ੍ਰਾਮ ਪੋਲੋ/ਰੂਬੀ/ਕਰੇਜ਼/ਲੂਡੋ 25 ਡਬਲਯੂਪੀ (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂਜੀ (ਫਲੋਨੀਕਾਮਿਡ) ਦਾ ਛਿੜਕਾਅ ਕਰੋ। ਇਸ ਤੋਂ ਬਾਅਦ ਲੋੜ ਅਨੁਸਾਰ 500 ਐੱਮਐੱਲ ਲੈਨੋ 10 ਈਸੀ (ਪਾਈਰੀਪਰੋਕਸੀਫਿਨ) ਜਾਂ 200 ਐੱਮਐੱਲ ਉਬਰੇਨ 22.9 ਐੱਸਸੀ (ਸਪਾਈਰੋਮੈਸੀਫਿਨ) ਦੀ ਸਪਰੇਅ ਕਰੋ।

> **ਸਹਾਇਤਾ ਲਈ ਕਰੋ ਸੰਪਰਕ**
>
> *ਜੇ ਫ਼ਸਲ ਦੇ ਨੁਕਸਾਨ ਦਾ ਖਦਸ਼ਾ ਹੋਵੇ ਤਾਂ ਕੋਈ ਕਦਮ ਚੁੱਕਣ ਤੋਂ ਪਹਿਲਾਂ ਯੂਨੀਵਰਸਿਟੀ ਦੇ ਖੇਤੀ ਮਾਹਿਰਾਂ ਨਾਲ ਸੰਪਰਕ ਕਰੋ*
>
> ਲੁਧਿਆਣਾ - 97794-51214
> ਬਠਿੰਡਾ - 94636-28801, 94177-32932
> ਅਬੋਹਰ - 94176-92800
> ਮਾਨਸਾ - 94176-26843
> ਮੁਕਤਸਰ - 98565-20914
> ਫ਼ਰੀਦਕੋਟ - 94640-51995

### ਭੂਰੀ ਜੂੰ ਦੀ ਰੋਕਥਾਮ

ਭੂਰੀ ਜੂੰ ਦਾ ਹਮਲਾ ਹੋਵੇ ਤਾਂ ਪਹਿਲ ਦੇ ਆਧਾਰ 'ਤੇ 500 ਐੱਮਐੱਲ ਕਿਊਰਾਕਰਾਨ ਦਾ ਛਿੜਕਾਅ ਕਰੋ। ਜੇ ਭੂਰੀ ਜੂੰ ਦੇ ਨਾਲ ਚਿੱਟੀ ਮੱਖੀ ਦਾ ਹਮਲਾ ਹੋਵੇ ਤਾਂ 200 ਗ੍ਰਾਮ ਪੋਲੋ ਜਾਂ 800 ਐੱਮਐੱਲ ਫੌਸਮਾਈਟ ਛਿੜਕੋ। ਗੈਰ ਪ੍ਰਮਾਣਿਤ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ। ਕੀੜਿਆਂ ਤੋਂ ਬਚਾਅ ਦੇ ਨਾਲ-ਨਾਲ ਪਾਣੀ ਤੇ ਖਾਦ ਦਾ ਧਿਆਨ ਵੀ ਰੱਖੋ। ਇਸ ਸਮੇਂ ਨਰਮੇ ਉੱਪਰ ਫੁੱਲ ਡੋਡੀ ਲੱਗੀ ਹੋਈ ਹੈ, ਇਸ ਲਈ ਖੇਤ ਨੂੰ ਔੜ ਨਹੀਂ ਲੱਗਣੀ ਚਾਹੀਦੀ। ਔੜ ਕਾਰਨ ਫੁੱਲ ਡੋਡੀ ਜ਼ਿਆਦਾ ਕਿਰਦੀ ਹੈ। ਲੋੜ ਮੁਤਾਬਿਕ ਨਾਈਟ੍ਰੋਜਨ ਖਾਦ ਦੀ ਵਰਤੋਂ ਕਰੋ। ਇਸ ਤੋਂ ਇਲਾਵਾ 2 ਕਿੱਲੋ ਪੋਟਾਸ਼ੀਅਮ ਨਾਈਟ੍ਰੇਟ (13:0:45) ਨੂੰ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। •

---

*ਝੋਨੇ ਅਤੇ ਬਾਸਮਤੀ ਦੀ ਫ਼ਸਲ ਉੱਪਰ ਕਈ ਪ੍ਰਕਾਰ ਦੇ ਕੀੜੇ ਹਮਲਾ ਕਰ ਕੇ ਨੁਕਸਾਨ ਪਹੁੰਚਾਉਂਦੇ ਤੇ ਕਿਸਾਨ ਦਾ ਵਿੱਤੀ ਨੁਕਸਾਨ ਕਰਦੇ ਹਨ। ਇਨ੍ਹਾਂ ਕੀੜਿਆਂ ਵਿਚੋਂ ਪੀਲੀ ਗੋਭ ਦੀ ਸੁੰਡੀ, ਗੁਲਾਬੀ ਸੁੰਡੀ ਅਤੇ ਪਤਾ ਲਪੇਟ ਸੁੰਡੀ ਫ਼ਸਲ ਦਾ ਬੇਹੱਦ ਨੁਕਸਾਨ ਕਰਦੇ ਹਨ। ਇਹ ਕੀੜੇ ਫ਼ਸਲ ਦੇ ਤਣਿਆਂ ਤੇ ਪੱਤਿਆਂ 'ਚ ਘਰ ਬਣਾ ਕੇ ਪਲਦੇ ਹਨ ਅਤੇ ਇਨ੍ਹਾਂ ਦਾ ਅੰਦਰੂਨੀ ਮਾਦਾ ਖਾ ਕੇ ਫ਼ਸਲ ਦੀ ਮੌਲਣ ਸ਼ਕਤੀ ਨੂੰ ਘੱਟ ਕਰ ਦਿੰਦੇ ਹਨ, ਜਿਸ ਨਾਲ ਉਤਪਾਦਨ 'ਚ ਭਾਰੀ ਗਿਰਾਵਟ ਆਉਂਦੀ ਹੈ...*



# ਝੋਨਾ/ਬਾਸਮਤੀ ਮਿਆਰੀ ਉਤਪਾਦਨ ਲਈ ਫ਼ਸਲ ਦਾ ਸੁੰਡੀਆਂ ਤੋਂ ਬਚਾਅ

• ਗੁਰਮੀਤ ਸਿੰਘ

### ਪੀਲੀ ਗੋਭ ਦੀ ਸੁੰਡੀ

(Yellow stem borer)

ਪੀਲੀ ਗੋਭ ਦੀ ਸੁੰਡੀ ਝੋਨੇ ਦਾ ਪ੍ਰਮੁੱਖ ਕੀੜਾ ਹੈ। ਇਹ ਸਾਰੇ ਏਸ਼ੀਆ ਮਹਾਂਦੀਪ 'ਚ ਪਾਇਆ ਜਾਂਦਾ ਹੈ। ਇਸ ਦੀ ਸੁੰਡੀ ਵਾਲੀ ਅਵਸਥਾ ਨੁਕਸਾਨ ਪਹੁੰਚਾਉਂਦੀ ਹੈ। ਪੂਰਨ ਵਿਕਸਿਤ ਕੈਟਰਪਿਲਰ ਜਾਂ ਸੁੰਡੀ ਦੀ ਲੰਬਾਈ 20 ਮਿਲੀਮੀਟਰ ਹੁੰਦੀ ਹੈ ਤੇ ਇਨ੍ਹਾਂ ਦਾ ਰੰਗ ਘਸਮੈਲਾ ਚਿੱਟਾ ਜਾਂ ਹਰਾ ਪੀਲਾ ਹੁੰਦਾ ਹੈ। ਬਾਲਗ ਪਤੰਗੇ ਦੀ ਖੰਭਾਂ ਦਾ ਰੰਗ ਪੀਲਾ ਚਿੱਟਾ ਹੁੰਦਾ ਹੈ। ਅਗਲੇ ਖੰਭਾਂ ਦਾ ਰੰਗ ਸੰਤਰੀ ਪੀਲਾ ਹੁੰਦਾ ਹੈ। ਮਾਦਾ ਬਾਲਗ ਦੇ ਧੜ ਦੇ ਸਿਰੇ 'ਤੇ ਭੂਰੇ ਪੀਲੇ ਸਿਲਕੀ ਵਾਲਾਂ ਦਾ ਗੁੱਛਾ ਹੁੰਦਾ ਹੈ। ਮਾਦਾ ਆਕਾਰ 'ਚ ਨਰ ਪਤੰਗੇ ਨਾਲੋਂ ਵੱਡੀ ਹੁੰਦੀ ਹੈ ਤੇ ਇਸ ਦੇ ਅਗਲੇ ਖੰਭਾਂ ਦੇ ਵਿਚਕਾਰ ਕਾਲੇ ਰੰਗ ਦਾ ਗੋਲਾ ਹੁੰਦਾ ਹੈ।

ਇਹ ਕੀੜਾ ਅਪ੍ਰੈਲ ਤੋਂ ਅਕਤੂਬਰ ਤਕ ਚੁਸਤ ਹੁੰਦਾ ਹੈ ਤੇ ਨਵੰਬਰ ਤੋਂ ਮਾਰਚ ਤਕ ਝੋਨੇ ਦੀ ਰਹਿੰਦ-ਖੂੰਹਦ 'ਚ ਸੁੰਡੀ ਦੇ ਤੌਰ 'ਤੇ ਸਰਦੀਆਂ ਲੰਘਾਉਂਦਾ ਹੈ। ਮਾਰਚ 'ਚ ਇਹ ਪਿਊਪਾ ਅਵਸਥਾ ਵਿਚ ਆ ਜਾਂਦਾ ਹੈ ਤੇ ਅਪ੍ਰੈਲ ਦੇ ਮਹੀਨੇ ਇਹ ਮੌਥ (ਪਤੰਗਾ) ਬਣ ਕੇ ਬਾਹਰ ਆ ਜਾਂਦਾ ਹੈ।।ਇਹ ਪਤੰਗੇ ਸ਼ਾਮ ਸਮੇਂ ਜ਼ਿਆਦਾ ਚੁਸਤ ਹੁੰਦੇ ਹਨ। ਮਾਦਾ ਪਤੰਗਾ ਪੱਤੇ ਦੇ ਹੇਠਾਂ ਆਂਡਿਆਂ ਦੇ 2-5 ਝੁੰਡ ਦਿੰਦੀ ਹੈ ਤੇ ਹਰ ਝੁੰਡ 'ਚ 60-100 ਆਂਡੇ ਹੁੰਦੇ ਹਨ।।ਆਂਡੇ ਪੀਲੇ ਭੂਰੇ ਰੰਗ ਵਾਲੇ ਵਾਲਾਂ ਦੇ ਗੁੱਛੇ ਨਾਲ ਢਕੇ ਹੁੰਦੇ ਹਨ। ਆਂਡਿਆਂ ਵਿੱਚੋਂ ਸੁੰਡੀਆਂ 6-6 ਦਿਨਾਂ 'ਚ ਨਿਕਲ ਆਉਂਦੀਆਂ ਹਨ ਤੇ ਨਿੱਕੇ-ਨਿੱਕੇ ਕਾਲੇ ਸਿਰ ਵਾਲੇ ਕੈਟਰਪਿਲਰ ਬੂਟੇ ਦੇ ਤਣੇ 'ਚ ਮੋਰੀ ਕਰ ਕੇ ਅੰਦਰ ਚਲੇ ਜਾਂਦੇ ਹਨ। ਸੁੰਡੀ 6-7 ਦਿਨਾਂ 'ਚ ਆਂਡਿਆਂ 'ਚੋਂ ਬਾਹਰ ਨਿਕਲ ਆਉਂਦੀ ਹੈ ਤੇ ਇਹ ਸੁੰਡੀ ਦੀ ਅਵਸਥਾ 'ਚ 16-27 ਦਿਨ ਰਹਿੰਦੀ ਹੈ। ਇਸ ਦੌਰਾਨ ਇਹ 6 ਪੜਾਵਾਂ 'ਚੋਂ ਗੁਜ਼ਰਦੀ ਹੈ। ਸੁੰਡੀ ਦੇ ਅਖ਼ੀਰਲੇ ਪੜਾਅ ਵਿਚ ਬੂਟੇ ਦੇ ਤਣੇ 'ਤੇ ਇਹ ਨਿਕਾਸੀ ਲਈ ਰਸਤਾ ਬਣਾਉਂਦੀ ਹੈ ਜੋ ਪਾਣੀ ਦੇ ਪੱਧਰ ਦੇ ਠੀਕ ਉੱਪਰ ਹੁੰਦਾ ਹੈ। ਇਸ ਤੋਂ ਬਾਅਦ ਇਹ ਪਿਊਪਾ ਦੀ ਅਵਸਥਾ 'ਚ ਤਬਦੀਲ ਹੋ ਜਾਂਦੀ ਹੈ। ਪਿਊਪਾ ਦੀ ਅਵਸਥਾ ਵਿਚ 9-12 ਦਿਨ ਰਹਿ ਕੇ ਇਹ ਮੌਥ ਜਾਂ ਪਤੰਗਾ ਬਣ ਕੇ ਤਣੇ 'ਚੋਂ ਬਾਹਰ ਆ ਜਾਂਦੀ ਹੈ। ਇਸ ਦਾ ਜੀਵਨ ਚੱਕਰ 31-46 ਦਿਨਾਂ 'ਚ ਪੂਰਾ ਹੁੰਦਾ ਹੈ।

ਫ਼ਸਲ ਦੀ ਮੁਢਲੀ ਅਵਸਥਾ 'ਚ ਇਸ ਕੀੜੇ ਦੇ ਹਮਲੇ ਦੌਰਾਨ ਸੁੰਡੀ ਤਣੇ 'ਚ ਵੜ ਕੇ ਉਸ ਨੂੰ ਖਾਂਦੀ ਹੈ। ਨਤੀਜੇ ਵਜੋਂ ਗੋਭਾਂ ਸੁੱਕ ਜਾਂਦੀਆਂ ਹਨ। ਫ਼ਸਲ ਦੀ ਬਾਅਦ ਵਾਲੀ ਅਵਸਥਾ 'ਚ ਹਮਲਾ ਹੋਣ 'ਤੇ ਮੁੰਜਰਾਂ 'ਚ ਦਾਣੇ ਨਹੀਂ ਪੈਂਦੇ। ਮੁੰਜਰਾਂ ਚਿੱਟੀਆਂ ਹੋ ਜਾਂਦੀਆਂ ਹਨ ਤੇ ਸਿੱਧੀਆਂ ਖੜ੍ਹੀਆਂ ਰਹਿੰਦੀਆਂ ਹਨ।

**ਰੋਕਥਾਮ** : ਇਹ ਕੀੜਾ ਕਿਉਂਕਿ ਝੋਨੇ ਦੇ ਮੁੱਢਾਂ 'ਚ ਰਹਿ ਕੇ ਸਰਦੀ ਦੀ ਨੀਂਦ ਪੂਰੀ ਕਰਦਾ ਹੈ, ਇਸ ਲਈ ਅਗਲੀ ਫ਼ਸਲ ਬੀਜਣ ਤੋਂ ਪਹਿਲਾਂ ਮੁੱਢਾਂ ਨੂੰ ਖੇਤ 'ਚੋਂ ਕੱਢ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਖੇਤ 'ਚ ਹਲ ਚਲਾਉਣ ਨਾਲ ਜਾਂ ਪਾਣੀ ਖੜ੍ਹਾ ਰੱਖਣ ਨਾਲ ਵੀ ਇਸ ਦੀਆਂ ਸੁੰਡੀਆਂ ਮਰ ਜਾਂਦੀਆਂ ਹਨ। ਮਾਦਾ ਪਤੰਗੇ ਪੱਤੇ ਦੇ ਸਿਰੇ 'ਤੇ ਆਂਡੇ ਦਿੰਦੇ ਹਨ ਤੇ ਇਸ ਦਾ ਹਮਲਾ ਨਰਸਰੀ ਤੋਂ ਸ਼ੁਰੂ ਹੋ ਜਾਂਦਾ ਹੈ, ਇਸ ਲਈ ਪਨੀਰੀ ਦੇ ਪੱਤਿਆਂ ਦੇ ਸਿਰੇ ਕੱਟਣ ਨਾਲ ਇਸ ਦਾ ਵਿਸਥਾਰ ਘੱਟ ਕੀਤਾ ਜਾ ਸਕਦਾ ਹੈ।

**ਰਸਾਇਣਕ ਰੋਕਥਾਮ** : ਜੇ 5 ਫੀਸਦੀ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਫਲਬੈਂਡਾਮਾਈਡ/ਫੇਮ 480 ਐੱਸਸੀ-20 ਮਿਲੀਲਿਟਰ ਜਾਂ ਕਾਰਟਾਪ ਹਾਈਡਰੋਕਲੋਰਾਈਡ/ਮੋਰਟਾਰ 75 ਐੱਸਸੀ-170 ਗ੍ਰਾਮ, ਜਾਂ ਟਰਾਈਐਜ਼ੋਫਾਸ ਮਾਰਕਟਰਾਈਜ਼ੋ/ਸੁਟਾਥੀਆਨ 40 ਈਸੀ 350 ਮਿਲੀਲਿਟਰ ਜਾਂ ਮੋਨੋਕਰੋਟੋਫਾਸ/ਮੋਨੋਸਿਲ 35 ਐੱਸਐੱਲ 560 ਮਿਲੀਲਿਟਰ ਜਾਂ ਕਲੋਰਪਾਈਰੀਫਾਸ/ਕੋਰੋਬਾਨ/ਡਰਸਬਾਨ/ਲੀਥਲ/ ਕਲੋਰਗਾਰਡ/ ਡਰਮਟ/ ਕਲਾਸਿਕ/ਫੋਰਸ 20 ਈਸੀ ਦੀ ਇਕ ਲਿਟਰ ਮਾਤਰਾ 100 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਫ਼ਸਲ ਉੱਪਰ ਛਿੜਕਾਅ ਕਰੋ।

### ਗੁਲਾਬੀ ਸੁੰਡੀ

(Pink borer)

ਗੁਲਾਬੀ ਸੁੰਡੀ ਇਕ ਤੋਂ ਵੱਧ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਕੀੜਾ ਹੈ। ਉੱਤਰ ਭਾਰਤ 'ਚ ਇਹ ਕੀੜਾ ਝੋਨੇ, ਕਮਾਦ, ਮੱਕੀ ਤੇ ਕਣਕ 'ਤੇ ਪਾਇਆ ਜਾਂਦਾ ਹੈ। ਇਸ ਦਾ ਨੁਕਸਾਨ ਝੋਨੇ ਤੇ ਮੱਕੀ 'ਤੇ ਜ਼ਿਆਦਾ ਹੁੰਦਾ ਹੈ। ਇਸ ਦਾ ਨੁਕਸਾਨ ਕੈਟਰਪਿਲਰ ਦੁਆਰਾ ਕੀਤਾ ਜਾਂਦਾ ਹੈ, ਜੋ ਗੁਲਾਬੀ ਭੂਰੇ ਰੰਗ ਦਾ ਹੁੰਦਾ ਹੈ ਤੇ ਇਸ ਦਾ ਸਰੀਰ ਸਿਲੰਡਰ ਵਾਂਗ ਲੰਬਾ ਹੁੰਦਾ ਹੈ। ਇਹ ਕੀੜਾ ਮਾਰਚ-ਅਪ੍ਰੈਲ ਤੋਂ ਨਵੰਬਰ ਤਕ ਝੋਨੇ ਨੂੰ ਨੁਕਸਾਨ ਪਹੁੰਚਾਉਂਦਾ ਹੈ ਤੇ ਬਾਅਦ 'ਚ ਕਣਕ 'ਤੇ ਚਲਾ ਜਾਂਦਾ ਹੈ। ਮੌਥ ਰਾਤ ਨੂੰ ਚੁਸਤ ਹੁੰਦੀਆਂ ਹਨ ਤੇ ਪੱਤਿਆਂ 'ਤੇ ਜਾਂ ਜ਼ਮੀਨ 'ਚ ਆਂਡੇ ਦਿੰਦੀਆਂ ਹਨ ਜੋ 6-8 ਦਿਨ ਆਂਡੇ ਦੀ ਅਵਸਥਾ 'ਚ ਰਹਿ ਕੇ ਸੁੰਡੀ 'ਚ ਤਬਦੀਲ ਹੋ ਜਾਂਦੇ ਹਨ।।ਸੁੰਡੀਆਂ ਤਣੇ ਦੁਆਲੇ ਲਿਪਟੇ ਪੱਤੇ ਦੀ ਉੱਪਰਲੀ ਤਹਿ 'ਚ ਛੇਕ ਕਰ ਕੇ ਤਣੇ ਦੇ ਅੰਦਰ ਚਲੇ ਜਾਂਦੀਆਂ ਹਨ। ਇਸ ਕਰਕੇ ਗੋਭਾਂ ਸੁੱਕ ਜਾਂਦੀਆਂ ਹਨ। ਜਦੋਂ ਬੂਟਾ ਮਰ ਜਾਂਦਾ ਹੈ ਤਾਂ ਸੁੰਡੀਆਂ ਨੇੜਲੇ ਨਿਰੋਏ ਬੂਟੇ 'ਤੇ ਚਲੀਆਂ ਜਾਂਦੀਆਂ ਹਨ। ਇਹ ਕੀੜਾ ਸੁੰਡੀ ਦੀ ਅਵਸਥਾ ਵਿਚ 3-4 ਹਫ਼ਤੇ ਰਹਿੰਦਾ ਹੈ ਤੇ ਫਿਰ ਪਿਊਪਾ 'ਚ ਤਬਦੀਲ ਹੋ ਜਾਂਦਾ ਹੈ। ਪਿਊਪਾ ਦੀ ਅਵਸਥਾ ਇਕ ਹਫ਼ਤਾ ਰਹਿੰਦੀ ਹੈ। ਇਸ ਦਾ ਜੀਵਨ ਚੱਕਰ 6-7 ਹਫ਼ਤੇ ਦਾ ਹੈ। ਫ਼ਸਲ ਦੀ ਮੁਢਲੀ ਅਵਸਥਾ 'ਚ ਇਸ ਦੇ ਹਮਲੇ ਕਾਰਨ ਗੋਭਾਂ ਸੁੱਕ ਜਾਂਦੀਆਂ ਹਨ ਤੇ ਫ਼ਸਲ ਦੀ ਬਾਅਦ ਵਾਲੀ ਅਵਸਥਾ 'ਚ ਹਮਲਾ ਹੋਣ 'ਤੇ ਮੁੰਜਰਾਂ 'ਚ ਦਾਣੇ ਨਹੀਂ ਪੈਂਦੇ।

**ਰਸਾਇਣਕ ਰੋਕਥਾਮ** : ਜੇ 5 ਫ਼ੀਸਦੀ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਫਲਬੈਂਡਾਮਾਈਡ/ਫੇਮ 480 ਐੱਸਸੀ 20 ਮਿਲੀਲਿਟਰ ਜਾਂ ਕਾਰਟਾਪ ਹਾਈਡਰੋਕਲੋਰਾਈਡ/ ਮੋਰਟਾਰ 75 ਐੱਸਸੀ 170 ਗ੍ਰਾਮ, ਟਰਾਈਐਜ਼ੋਫਾਸ ਮਾਰਕਟਰਾਈਜ਼ੋ/ਸੁਟਾਥੀਆਨ 40 ਈਸੀ 350 ਮਿਲੀਲਿਟਰ ਜਾਂ ਮੋਨੋਕਰੋਟੋਫਾਸ/ ਮੋਨੋਸਿਲ 36 ਐੱਸਐੱਲ 560 ਮਿਲੀਲਿਟਰ ਜਾਂ ਕਲੋਰਪਾਈਰੀਫਾਸ ਕੋਰੋਬਾਨ/ ਡਰਸਬਾਨ/ ਲੀਥਲ/ ਡਰਮਟ/ ਕਲਾਸਿਕ/ਫੋਰਸ 20 ਈਸੀ ਦੀ ਇਕ ਲਿਟਰ ਮਾਤਰਾ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

### ਪੱਤਾ ਲਪੇਟ ਸੁੰਡੀ

(Rice leaf folder)

ਪੱਤਾ ਲਪੇਟ ਸੁੰਡੀ ਇੰਡੋਨੇਸ਼ੀਆ, ਕੋਰੀਆ, ਮਲੇਸ਼ੀਆ, ਫਿਲੀਪੀਨਸ, ਪਾਕਿਸਤਾਨ ਤੇ ਭਾਰਤ 'ਚ ਪਾਈ ਜਾਂਦੀ ਹੈ। ਮੌਥ ਦਾ ਰੰਗ ਸੁਨਿਹਰੀ ਜਾਂ ਪੀਲਾ ਭੂਰਾ ਹੁੰਦਾ ਹੈ। ਸਰੀਰ ਦੀ ਲੰਬਾਈ 8-10 ਮਿਲੀਮੀਟਰ ਤੇ ਖੰਭ ਤੋਂ ਖੰਭ ਤਕ ਚੌੜਾਈ 16-20 ਮਿਲੀਮੀਟਰ ਹੁੰਦੀ ਹੈ। ਇਸ ਦੇ ਹਰੇ ਰੰਗ ਦੇ ਕੈਟਰਪਿਲਰ ਪੱਤੇ ਦੇ ਸਿਰੇ ਨੂੰ ਆਪਸ 'ਚ ਲਪੇਟ ਕੇ ਅੰਦਰੋਂ ਹਰਾ ਮਾਦਾ ਖਾਂਦੇ ਹਨ, ਜਿਸ ਨਾਲ ਪੱਤਿਆਂ 'ਤੇ ਚਿੱਟੀਆਂ ਧਾਰੀਆਂ ਪੈ ਜਾਂਦੀਆਂ ਹਨ। ਇਸ ਕੀੜੇ ਦੀ ਮੌਥ ਕਰੀਮ ਰੰਗ ਦੇ ਆਂਡੇ ਪੱਤੇ ਦੇ ਹੇਠਲੇ ਪਾਸੇ ਜਾਂ ਤਣੇ ਦੁਆਲੇ ਲਿਪਟੇ ਪੱਤੇ ਦੇ ਅੰਦਰ ਦਿੰਦੀ ਹੈ, ਜੋ 3-4 ਦਿਨ ਆਂਡੇ ਦੀ ਅਵਸਥਾ 'ਚ ਰਹਿ ਕੇ ਸੁੰਡੀ 'ਚ ਬਦਲ ਜਾਂਦੇ ਹਨ। ਸੁੰਡੀ 15-25 ਦਿਨ ਇਸ ਅਵਸਥਾ 'ਚ ਗੁਜ਼ਾਰਨ ਤੋਂ ਬਾਅਦ ਪਿਊਪਾ 'ਚ ਤਬਦੀਲ ਹੋ ਜਾਂਦੀ ਹੈ। ਪਿਊਪਾ ਦੀ ਅਵਸਥਾ 6-8 ਦਿਨ ਰਹਿੰਦੀ ਹੈ ਤੇ ਇਸ ਦਾ ਜੀਵਨ ਚੱਕਰ 25-35 ਦਿਨ 'ਚ ਪੂਰਾ ਹੋ ਜਾਂਦਾ ਹੈ।

ਛੋਟੀਆਂ ਸੁੰਡੀਆਂ ਨਾਜ਼ੁਕ ਪੱਤਿਆਂ ਨੂੰ ਬਿਨ੍ਹਾਂ ਲਪੇਟੇ ਖਾਂਦੀਆਂ ਹਨ ਤੇ ਵੱਡੀਆਂ ਸੁੰਡੀਆਂ ਪੱਤੇ ਦੇ ਦੋਵੇਂ ਸਿਰੇ ਲੰਬਾਈ ਰੁਖ਼ ਇਕ ਚਿਪਚਿਪੇ ਪਦਾਰਥ ਨਾਲ ਜੋੜ ਕੇ ਪੱਤੇ ਨੂੰ ਲਪੇਟ ਲੈਂਦੀਆ ਹਨ ਤੇ ਅੰਦਰ ਬੈਠ ਕੇ ਪੱਤੇ ਦਾ ਹਰਾ ਮਾਦਾ ਖਾਂਦੀਆਂ ਹਨ। ਇਸ ਨਾਲ ਪੱਤੇ ਝਿੱਲੀਦਾਰ ਤੇ ਚਿੱਟੇ ਹੋ ਕੇ ਅਖ਼ੀਰ 'ਚ ਸੁੱਕ ਜਾਂਦੇ ਹਨ।

**ਰੋਕਥਾਮ** : ਫਸਲ ਦੇ ਨਿਸਰਣ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ 'ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉੱਪਰਲੇ ਹਿਸੇ 'ਤੇ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਦੋ ਵਾਰ ਫੇਰੋ।।ਰੱਸੀ ਫੇਰਨ ਵੇਲੇ ਫ਼ਸਲ 'ਚ ਪਾਣੀ ਜ਼ਰੂਰ ਖੜ੍ਹਾ ਹੋਵੇ। ਝੋਨੇ ਦੇ ਬੰਨਿਆਂ ਨੂੰ ਘਾਹ ਵਾਲੇ ਨਦੀਨਾਂ ਤੋਂ ਸਾਫ ਰੱਖੋ। ਪੱਤਾ ਲਪੇਟ ਸੁੰਡੀ ਦਾ ਪਤੰਗਾ ਰੋਸ਼ਨੀ ਪ੍ਰਤੀ ਖਿੱਚ ਰੱਖਦਾ ਹੈ ਇਸ ਲਈ ਰੋਸ਼ਨੀ ਯੰਤਰਾਂ ਦੀ ਵਰਤੋਂ ਇਸ ਦੀ ਗਿਣਤੀ ਘਟਾਉਣ 'ਚ ਮਦਦਗਾਰ ਸਾਬਤ ਹੁੰਦੇ ਹਨ।

**ਰਸਾਇਣਕ ਰੋਕਥਾਮ** : ਜੇ ਪੱਤਿਆਂ 'ਤੇ ਕੀੜੇ ਦਾ 10 ਫ਼ੀਸਦੀ ਹਮਲਾ ਨਜ਼ਰ ਆਵੇ ਤਾਂ ਫਲਬੈਂਡਾਮਾਈਡ/ਫੇਮ 480 ਐੱਸਸੀ-20 ਮਿਲੀਲਿਟਰ ਜਾਂ ਕਾਰਟਾਪ ਹਾਈਡਰੋਕਲੋਰਾਈਡ / ਮੋਰਟਾਰ 75 ਐੱਸਸੀ-170 ਗ੍ਰਾਮ ਜਾਂ ਟਰਾਈਐਜ਼ੋਫਾਸ ਮਾਰਕਟਰਾਈਜ਼ੋ / ਸੁਟਾਥੀਆਨ 40 ਈਸੀ-350 ਮਿਲੀਲਿਟਰ ਜਾਂ ਮੋਨੋਕਰੋਟੋਫਾਸ/ ਮੋਨੋਸਿਲ 36 ਐੱਸਐੱਲ-560 ਮਿਲੀਲਿਟਰ ਜਾਂ ਕਲੋਰਪਾਈਰੀਫਾਸ/ ਕੋਰੋਬਾਨ /ਲੀਥਲ/ਕਲੋਰਗਾਰਡ/ ਡਰਮਟ/ ਕਲਾਸਿਕ/ ਫੋਰਸ 20 ਈਸੀ ਦੀ ਇਕ ਲਿਟਰ ਮਾਤਰਾ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। •

*ਮੋਬਾਈਲ 98148-25584*

---

# ਖੇਤੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ



• ਦਿਨੇਸ਼ ਦਮਾਥੀਆ

*ਫ਼ਸਲੀ ਉਤਪਾਦਨ ਸਮੇਂ ਬਹੁਤ ਸਾਰੀ ਅਜਿਹੀ ਸਮੱਗਰੀ ਪੈਦਾ ਹੁੰਦੀ ਹੈ, ਜਿਸ ਨੂੰ ਬੇਕਾਰ ਸਮਝ ਕੇ ਖੇਤਾਂ ਵਿਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਰਹਿੰਦ-ਖੂੰਹਦ ਨੂੰ ਖੇਤ ਵਿਚ ਹੀ ਗਾਲ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ...*

ਖੇਤੀਬਾੜੀ 'ਚ ਕੁਝ ਵੀ ਬੇਕਾਰ ਨਹੀਂ ਹੁੰਦਾ। ਜ਼ਰੂਰਤ ਉਸ ਦੀ ਸੁਚੱਜੀ ਵਰਤੋਂ ਖੇਤਾਂ ਵਿਚ ਕੀਤੇ ਜਾਣ ਦੀ ਹੈ। ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ 'ਚ ਵਾਹ ਕੇ ਖਾਦ ਦਾ ਕੰਮ ਲਿਆ ਜਾ ਸਕਦਾ ਹੈ। ਇਹ ਰਹਿੰਦ-ਖੂੰਹਦ ਖੇਤ ਦੀ ਜ਼ਮੀਨ 'ਚ ਨਮੀ ਵੀ ਬਰਕਰਾਰ ਰੱਖਦੀ ਹੈ। ਖੇਤੀ ਵਿਗਿਆਨੀ ਇਸ ਨੂੰ ਮਲਚਿੰਗ ਦਾ ਨਾਂ ਦਿੰਦੇ ਹਨ। ਪਰਾਲੀ, ਨਾੜ ਅਤੇ ਕਮਾਦ ਦੀ ਖੋਰੀ ਜਾਂ ਛੋਈ ਇਸ ਕੰਮ ਲਈ ਬਹੁਤ ਵਧੀਆ ਸਾਬਤ ਹੁੰਦੀ ਹੈ।

### ਜ਼ਮੀਨ ਰਹੇਗੀ ਸਿਹਤਮੰਦ

ਅਕਸਰ ਕਿਸਾਨ ਪਰਾਲੀ, ਨਾੜ, ਖੋਰੀ, ਸਰ੍ਹੋਂ, ਸੂਰਜਮੁਖੀ ਤੇ ਸਬਜ਼ੀਆਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਦਿੰਦੇ ਹਨ, ਜਿਸ ਨਾਲ ਜ਼ਮੀਨ ਵਿਚਲੇ ਉਪਜਾਊ ਤੱਤ ਨਸ਼ਟ ਹੋ ਜਾਂਦੇ ਹਨ। ਬਾਅਦ 'ਚ ਇਨ੍ਹਾਂ ਤੱਤਾਂ ਦੀ ਪੂਰਤੀ ਖਾਦਾਂ ਪਾ ਕੇ ਕਰਨੀ ਪੈਂਦੀ ਹੈ। ਫ਼ਸਲੀ ਰਹਿੰਦ-ਖੂੰਹਦ ਨਾਲ ਨਦੀਨਾਂ ਦੀ ਵੀ ਰੋਕਥਾਮ ਕੀਤੀ ਜਾ ਸਕਦੀ ਹੈ। ਪਰਾਲੀ ਦੀ ਤਾਂ ਖਾਦ ਵੀ ਬਣਾਈ ਜਾਣ ਲੱਗੀ ਹੈ। ਜੇ ਮੱਕੀ ਦੀ ਫ਼ਸਲ ਦੀ ਗੱਲ ਕਰੀਏ ਤਾਂ ਮੱਕੀ ਤੋਂ ਪਹਿਲਾਂ ਬੇਬੀ ਕੌਰਨ, ਫਿਰ ਕੱਚੀ ਛੱਲੀ, ਫਿਰ ਪੱਕੀ ਛੱਲੀ, ਫਿਰ ਪਸ਼ੂਆਂ ਲਈ ਚਾਰਾ ਤੇ ਖੇਤ 'ਚ ਬਚਦੇ ਮੱਕੀ ਦੇ ਟਾਂਡਿਆਂ ਦੀਆਂ ਜੜ੍ਹਾਂ ਨੂੰ ਜ਼ਮੀਨ ਵਿਚ ਹੀ ਦੱਬਿਆ ਜਾ ਸਕਦਾ ਹੈ। ਇਹ ਰਹਿੰਦ-ਖੂੰਹਦ ਖੇਤਾਂ 'ਚ ਅਗਲੀ ਫ਼ਸਲ ਲਈ ਖਾਦ ਦਾ ਕੰਮ ਕਰੇਗੀ ਜਿਸ ਨਾਲ ਕਿਸਾਨ ਨੂੰ ਆਰਥਿਕ ਲਾਭ ਪੁੱਜੇਗਾ ਅਤੇ ਜ਼ਮੀਨ ਦੀ ਸਿਹਤ ਵੀ ਨਰੋਈ ਰਹਿੰਦੀ ਹੈ।



### ਖੇਤ ਦੀ ਨਮੀ ਰਹੇਗੀ ਬਰਕਰਾਰ

ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਸਿਲਸਿਲੇ 'ਚ ਪਹਿਲਾਂ ਕਿਸਾਨ ਸਿਰਫ਼ ਕਣਕ ਦੀ ਕਟਾਈ ਤੋਂ ਬਾਅਦ ਨਾੜ ਅਤੇ ਮੁੜ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਹੀ ਅੱਗ ਲਗਾਉਂਦੇ ਸਨ ਪਰ ਹੁਣ ਲਗਪਗ ਹਰ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਖੇਤ ਵਿਚ ਹੀ ਸਾੜਨ ਦਾ ਸਿਲਸਿਲਾ ਚੱਲ ਪਿਆ ਹੈ। ਫ਼ਸਲੀ ਰਹਿੰਦ-ਖੂੰਹਦ ਕਾਰਨ ਜ਼ਮੀਨ 'ਚ ਨਮੀ ਬਰਕਰਾਰ ਰਹਿਣ ਕਾਰਨ ਪਾਣੀ ਦੀ ਬਰਬਾਦੀ ਵੀ ਘੱਟ ਹੁੰਦੀ ਹੈ।

### ਰਹਿੰਦ-ਖੂੰਹਦ ਤੋਂ ਬਣਾਓ ਵਰਮੀ ਕੰਪੋਸਟ

ਜੈਵਿਕ ਅਤੇ ਕੁਦਰਤੀ ਖੇਤੀ ਕਰਨ ਵਾਸਤੇ ਖੇਤੀ ਰਹਿੰਦ-ਖੂੰਹਦ ਨੂੰ ਖੇਤਾਂ ਵਿਚ ਵਰਤਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਅਤੇ ਇਹ ਕੋਈ ਔਖਾ ਕੰਮ ਨਹੀਂ ਹੈ। ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ ਵਿਚ ਵਾਹ ਕੇ ਸਿਰਫ਼ ਪਾਣੀ ਲਗਾਉਣਾ ਹੁੰਦਾ ਹੈ। ਬਾਕੀ ਕੰਮ ਕੁਦਰਤ ਆਪ ਹੀ ਕਰ ਲੈਂਦੀ ਹੈ। ਇਸ ਤੋਂ ਇਲਾਵਾ ਫ਼ਸਲਾਂ ਦੀ ਬਹੁਤ ਸਾਰੀ ਰਹਿੰਦ-ਖੂੰਹਦ ਨੂੰ ਪਸ਼ੂਆਂ ਦੇ ਚਾਰੇ ਵਜੋਂ ਵੀ ਵਰਤਿਆ ਜਾ ਸਕਦਾ ਹੈ। ਪਸ਼ੂਆਂ ਦੇ ਗੋਹੇ ਤੋਂ ਬਣੀ ਦੇਸੀ ਰੂੜੀ ਅਤੇ ਪਿਸ਼ਾਬ ਨੂੰ ਵੀ ਖੇਤਾਂ ਵਿਚ ਖਾਦ ਦਾ ਵਧੀਆ ਬਦਲ ਮੰਨਿਆ ਜਾਂਦਾ ਹੈ। ਘਰੇਲੂ ਰਸੋਈ ਵਿਚ ਪੈਦਾ ਹੋਈ ਬਚ-ਖੁਚ ਤੋਂ ਵੀ ਗੰਡੋਇਆਂ ਦੀ ਮਦਦ ਨਾਲ ਕੰਪੋਸਟ ਖਾਦ ਬਣਾ ਕੇ ਵੀ ਖੇਤਾਂ ਵਿਚ ਵਰਤਿਆ ਜਾ ਸਕਦਾ ਹੈ।

### ਘੱਟ ਰਹਿੰਦ-ਖੂੰਹਦ ਵਾਲੀਆਂ ਫ਼ਸਲਾਂ ਬੀਜੋ

ਕਿਸਾਨਾਂ ਨੂੰ ਆਪਣੇ ਪੱਧਰ 'ਤੇ ਖੇਤਾਂ ਵਿਚ ਰਹਿੰਦ-ਖੂੰਹਦ ਨੂੰ ਪੈਦਾ ਹੋਣ ਤੋਂ ਰੋਕਣਾ ਚਾਹੀਦਾ ਹੈ। ਇਸ ਦੇ ਲਈ ਉਨ੍ਹਾਂ ਨੂੰ ਉਹੀ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ, ਜਿਨ੍ਹਾਂ ਤੋਂ ਰਹਿੰਦ-ਖੂੰਹਦ ਘੱਟ ਪੈਦਾ ਹੁੰਦੀ ਹੈ। ਸਰਕਾਰ ਨੂੰ ਵੀ ਇਸ ਦਿਸ਼ਾ 'ਚ ਕਿਸਾਨਾਂ ਦੇ ਹਿੱਤ ਵਿਚ ਲੋੜੀਂਦੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ। ਕਿਸਾਨ ਦਰੱਖ਼ਤਾਂ ਦੇ ਪੱਤੇ ਅਤੇ ਬੇਕਾਰ ਫੁੱਲਾਂ ਆਦਿ ਨੂੰ ਵੀ ਖੇਤਾਂ ਵਿਚ ਵਾਹ ਕੇ ਜ਼ਮੀਨ ਦੀ ਸਿਹਤ ਨੂੰ ਠੀਕ ਰੱਖ ਸਕਦੇ ਹਨ। ਅਜੋਕੀ ਆਧੁਨਿਕ ਖੇਤੀ ਦੇ ਹਾਣ ਦਾ ਹੋਣ ਲਈ ਹਰ ਕਿਸਾਨਾਂ ਲਈ ਜ਼ਰੂਰੀ ਹੋ ਚੁੱਕਾ ਹੈ।ਕਿ ਉਨ੍ਹਾਂ ਨੂੰ ਜ਼ਮੀਨ ਵਿਚਲੇ ਪੌਸ਼ਟਿਕ ਤੱਤਾਂ ਬਾਰੇ ਵੀ ਜਾਣਕਾਰੀ ਹੋਵੇ। ਇਸ ਦੇ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਦੇ ਵਿਗਿਆਨੀਆਂ ਪਾਸੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੇ ਲਈ ਕਿਸਾਨ ਆਪਸੀ ਵਿਚਾਰ-ਵਟਾਂਦਰਾ ਵੀ ਜ਼ਰੂਰ ਕਰਨ। ਜਿਹੜੇ ਕਿਸਾਨ ਫ਼ਸਲੀ ਰਹਿੰਦ-ਖੂੰਹਦ ਦੀ ਖੇਤਾਂ 'ਚ ਵਰਤੋਂ ਕਰਦੇ ਹਨ, ਉਨ੍ਹਾਂ ਤੋਂ ਇਸ ਦੇ ਫ਼ਾਇਦਿਆਂ ਬਾਰੇ ਰਾਏ ਲਈ ਜਾ ਸਕਦੀ ਹੈ। ਇਹ ਮਸ਼ਵਰਾ ਰਹਿੰਦ-ਖੂੰਹਦ ਨੂੰ ਸਾੜਨ ਵਾਲੇ ਕਿਸਾਨਾਂ ਲਈ ਪ੍ਰੇਰਣਾ ਸਰੋਤ ਬਣੇਗਾ। ਜੇ ਅਸੀ ਆਰਥਿਕ ਗਿਰਾਵਟ ਵੱਲ ਜਾ ਰਹੀ ਕਿਰਸਾਨੀ ਨੂੰ ਮੁੜ ਲੀਹ 'ਤੇ ਲਿਆਉਣਾ ਚਾਹੁੰਦੇ ਹਾਂ ਅਤੇ ਖਾਦਾਂ ਉੱਪਰ ਹੋਣ ਵਾਲੇ ਬੇਲੋੜੇ ਖ਼ਰਚਿਆਂ 'ਤੇ ਲਗਾਮ ਲਗਾਉਣੀ ਚਾਹੁੰਦੇ ਹਾਂ ਤਾਂ ਸਾਨੂੰ ਫ਼ਸਲੀ ਰਹਿੰਦ-ਖੂੰਹਦ ਦੀ ਢੁਕਵੀਂ ਵਰਤੋਂ ਦੀ ਪਹਿਲ ਕਰਨੀ ਹੀ ਪਵੇਗੀ। •

**ਮੋਬਾਈਲ** 94177-14390

---

# ਖੇਤੀ ਵਿਚ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ

• ਡਾ. ਅਰਸ਼ਦੀਪ ਕੌਰ, ਡਾ. ਹਰਸਿਮਰਨਜੀਤ ਕੌਰ

*ਫ਼ਸਲ ਉੱਪਰ ਕੀਟਨਾਸ਼ਕਾਂ ਦੀ ਸਪਰੇਅ ਕਰਦੇ ਸਮੇਂ ਜੇ ਕੁਝ ਸਾਵਧਾਨੀਆਂ ਵਰਤੀਆਂ ਜਾਣ ਤਾਂ ਇਸ ਨਾਲ ਲਾਗਤ ਮੁੱਲ 'ਚ ਵੀ ਕਮੀ ਆਉਂਦੀ ਹੈ ਅਤੇ ਵਾਤਾਵਰਨ ਉੱਪਰ ਵੀ ਮਾੜਾ ਅਸਰ ਨਹੀਂ ਪੈਂਦਾ...*



ਫ਼ਸਲ ਦੀ ਬਿਜਾਈ ਤੋਂ ਕਟਾਈ ਤਕ ਕਈ ਤਰ੍ਹਾਂ ਦੇ ਕੀੜੇ, ਜੀਵ ਜੰਤੂ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਹਾਨੀਕਾਰਕ ਕੀੜਿਆਂ ਦੇ ਨੁਕਸਾਨ ਨੂੰ ਘਟਾਉਣ ਲਈ ਸਾਨੂੰ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਦੀ ਬੇਲੋੜੀ ਵਰਤੋਂ ਨਾਲ ਕਈ ਮੁਸ਼ਕਿਲਾਂ ਪੈਦਾ ਹੋ ਜਾਂਦੀਆਂ ਹਨ, ਜਿਵੇਂ ਕਿ ਕੀੜਿਆਂ ਅੰਦਰ ਜ਼ਹਿਰ ਪ੍ਰਤੀ ਸਹਿਣਸ਼ਕਤੀ ਦਾ ਪੈਦਾ ਹੋਣਾ, ਮਿੱਤਰ ਕੀੜਿਆਂ ਦੀ ਗਿਣਤੀ ਦਾ ਘਟਣਾ, ਮਨੁੱਖ, ਪਸ਼ੂ-ਪੰਛੀਆਂ ਉੱਪਰ ਜ਼ਹਿਰਾਂ ਦੇ ਮਾੜੇ ਪ੍ਰਭਾਵ, ਮਿੱਟੀ, ਹਵਾ, ਪਾਣੀ, ਫਲਾਂ-ਸਬਜ਼ੀਆਂ ਵਿਚ ਰਸਾਇਣਾਂ ਦਾ ਪ੍ਰਭਾਵ ਸ਼ਾਮਲ ਹੋ ਜਾਂਦਾ ਹੈ। ਇਸ ਲਈ ਖੇਤੀ ਰਸਾਇਣਾਂ ਦੀ ਸੁਚੱਜੀ ਵਰਤੋਂ ਕੀਤੀ ਜਾਣੀ ਬੇਹੱਦ ਜ਼ਰੂਰੀ ਹੈ ਤਾਂ ਜੋ ਇਨ੍ਹਾਂ ਦੇ ਮਾਰੂ ਅਸਰ ਤੋਂ ਬਚਿਆ ਜਾ ਸਕੇ। ਇਸ ਲਈ ਕੀਟਨਾਸ਼ਕਾਂ ਦੀ ਚੋਣ ਲੋੜ ਅਨੁਸਾਰ ਬੜੇ ਧਿਆਨ ਨਾਲ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਤੇ ਉਨ੍ਹਾਂ ਦੇ ਹਮਲੇ ਦੀ ਪਛਾਣ ਹੋਣੀ ਲਾਜ਼ਮੀ ਹੈ। ਕੀੜਿਆਂ ਦੇ ਹਮਲੇ ਤੇ ਰੋਕਥਾਮ ਦੀ ਲੋੜ ਦੇ ਸਮੇਂ ਦਾ ਪਤਾ ਲਗਾਉਣ ਲਈ ਕਿਸਾਨਾਂ ਨੂੰ ਲਗਾਤਾਰ ਆਪਣੀ ਫ਼ਸਲ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ।

### ਛਿੜਕਾਅ ਤੋਂ ਪਹਿਲਾਂ ਸਾਵਧਾਨੀਆਂ

ਕੀਟਨਾਸ਼ਕ ਦਵਾਈ ਛਿੜਕਣ ਵਾਲਾ ਪੰਪ ਠੀਕ ਹਾਲਤ ਵਿਚ ਹੋਣਾ ਚਾਹੀਦਾ ਹੈ। ਜੇ ਇਹ ਪੰਪ ਪਹਿਲਾਂ ਕਿਸੇ ਹੋਰ ਨਦੀਨਨਾਸ਼ਕ ਦਵਾਈ ਦੇ ਛਿੜਕਾਅ ਲਈ ਵਰਤਿਆ ਹੋਵੇ ਤਾਂ ਇਸ ਨੂੰ ਕੱਪੜੇ ਧੋਣ ਵਾਲੇ ਸੋਡੇ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਜੇ ਖੇਤ ਦੇ ਨੇੜੇ ਸ਼ਹਿਦ ਦੀਆਂ ਮੱਖੀਆਂ ਦੇ ਬਕਸੇ ਹੋਣ ਤਾਂ ਉਨ੍ਹਾਂ ਨੂੰ ਦਵਾਈ ਛਿੜਕਣ ਤੋਂ ਪਹਿਲਾਂ ਖੇਤ ਤੋਂ ਦੂਰ ਹਟਾ ਦੇਵੋ। ਦਵਾਈ ਛਿੜਕਣ ਤੋਂ ਪਹਿਲਾਂ ਪੱਕੇ ਹੋਏ ਫਲ ਅਤੇ ਸਬਜ਼ੀਆਂ ਤੋੜ ਲਵੋ। ਛਿੜਕਾਅ ਤੋਂ ਬਾਅਦ ਪੀਏਯੂ ਵੱਲੋਂ ਨਿਰਧਾਰਤ ਸਮੇਂ ਨੂੰ ਜ਼ਰੂਰ ਵੇਖ ਲੈਣਾ ਚਾਹੀਦਾ ਹੈ। ਦਵਾਈ ਨੂੰ ਅਸਲੀ ਡੱਬੇ ਵਿਚ ਹੀ ਰੱਖੋ। ਡੱਬੇ ਉੱਪਰ ਲੱਗਾ ਦਵਾਈ ਦਾ ਲੇਬਲ ਨਾ ਉਤਾਰੋ। ਕੀਟਨਾਸ਼ਕਾਂ ਨੂੰ ਧੁੱਪ, ਅੱਗ ਅਤੇ ਖਾਣ-ਪੀਣ ਵਾਲੀਆਂ ਵਸਤਾਂ ਤੋਂ ਦੂਰ ਰੱਖੋ। ਇਨਾਂ ਨੂੰ ਕਦੇ ਵੀ ਰਸੋਈ, ਰਹਿਣ ਵਾਲੇ ਕਮਰੇ, ਬੱਚਿਆਂ ਅਤੇ ਪਾਲਤੂ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ।

### ਛਿੜਕਾਅ ਸਮੇਂ ਸਾਵਧਾਨੀਆਂ

ਖਾਲੀ ਪੇਟ ਕੀਟਨਾਸ਼ਕ ਦਾ ਛਿੜਕਾਅ ਨਾ ਕਰੋ। ਛਿੜਕਾਅ ਤੋਂ ਬਾਅਦ ਨਹਾ ਕੇ ਕੱਪੜੇ ਬਦਲ ਲਵੋ। ਛਿੜਕਾਅ ਹਮੇਸ਼ਾਂ ਹਵਾ ਦੇ ਰੁਖ਼ ਵੱਲ ਹੀ ਕਰਨਾ ਚਾਹੀਦਾ ਹੈ। ਛਿੜਕਾਅ ਸਮੇਂ ਗੈਸ-ਮਾਸਕ, ਦਸਤਾਨੇ ਤੇ ਪੂਰੇ ਕੱਪੜੇ ਪਾਉਣੇ ਚਾਹੀਦੇ ਹਨ। ਘੋਲ ਬਣਾਉਣ ਲਈ ਸਾਫ਼ ਪਾਣੀ ਦੀ ਵਰਤੋਂ ਕਰੋ। ਛਿੜਕਾਅ ਸਮੇਂ ਨੋਜ਼ਲ ਦੀ ਉਚਾਈ ਡੇਢ ਫੁੱਟ ਰੱਖੋ। ਛਿੜਕਾਅ ਉਸ ਸਮੇਂ ਕਰੋ, ਜਦੋਂ ਮਿੱਤਰ ਕੀੜਿਆਂ ਦੀ ਗਿਣਤੀ ਘੱਟ ਹੋਵੇ। ਛਿੜਕਾਅ ਹਮੇਸ਼ਾ ਸਵੇਰੇ ਜਾਂ ਸ਼ਾਮ ਵੇਲੇ ਹੀ ਕਰੋ। ਜੇ ਹੱਥਾਂ ਜਾਂ ਬਾਹਾਂ ਉੱਪਰ ਕੋਈ ਜ਼ਖ਼ਮ ਹੋਵੇ ਤਾਂ ਛਿੜਕਾਅ ਨਾ ਕਰੋ। ਦਾਣੇਦਾਰ ਦਵਾਈਆਂ ਦੀ ਵਰਤੋਂ ਸਮੇਂ ਦਸਤਾਨੇ ਜ਼ਰੂਰ ਪਾਓ। ਬੰਦ ਨੋਜ਼ਲ ਨੂੰ ਮੂੰਹ ਨਾਲ ਫੂਕ ਮਾਰ ਕੇ ਨਾ ਖੋਲ੍ਹੋ। ਜੇ ਛਿੜਕਾਅ ਕਰਨ ਵਾਲਾ ਵਿਅਕਤੀ ਕਮਜ਼ੋਰੀ, ਸਿਰਦਰਦ, ਚੱਕਰ ਆਉਣੇ ਮਹਿਸੂਸ ਕਰੇ ਤਾਂ ਉਸ ਨੂੰ ਤੁਰੰਤ ਡਾਕਟਰ ਕੋਲ ਲੈ ਜਾਓ।

### ਕੀਟਨਾਸ਼ਕਾਂ ਦੀ ਵਰਤੋਂ ਤੋਂ ਬਾਅਦ

ਵਰਤੋਂ ਤੋਂ ਬਾਅਦ ਬਚੇ ਹੋਏ ਕੀਟਨਾਸ਼ਕ ਦੇ ਡੱਬੇ ਜਾਂ ਬੋਤਲ ਨੂੰ ਬੰਦ ਕਰ ਕੇ ਸਟੋਰ ਵਿਚ ਰੱਖੋ ਤੇ ਖਾਲੀ ਡੱਬੇ ਜਾਂ ਬੋਤਲ ਨੂੰ ਨਸ਼ਟ ਕਰ ਦਿਓ। ਕੀਟਨਾਸ਼ਕ ਵਾਲੇ ਖਾਲੀ ਡੱਬੇ ਜਾਂ ਬੋਤਲ ਨੂੰ ਕਦੇ ਵੀ ਘਰੇਲੂ ਵਰਤੋਂ ਵਿਚ ਨਾ ਲਿਆਓ। ਕੀਟਨਾਸ਼ਕ ਨੂੰ ਪੰਪ ਵਿਚ ਨਾ ਰਹਿਣ ਦਿਓ। ਬਚੇ ਹੋਏ ਘੋਲ ਨੂੰ ਅਤੇ ਪੰਪ ਧੋਣ ਲਈ ਵਰਤੇ ਗਏ ਜ਼ਹਿਰੀਲੇ ਪਾਣੀ ਨੂੰ ਬੰਜਰ ਜ਼ਮੀਨ ਜਾਂ ਪਹਿਲਾਂ ਪੁੱਟੇ ਹੋਏ ਟੋਏ ਵਿਚ ਪਾ ਕੇ ਟੋਏ ਨੂੰ ਪੂਰ ਦੇਵੋ। ਛਿੜਕਾਅ ਵਾਲੇ ਪੰਪ ਨੂੰ ਚੰਗੀ ਤਰ੍ਹਾਂ ਧੋ ਕੇ ਰੱਖੋ। ਕੀਟਨਾਸ਼ਕ ਦੇ ਛਿੜਕਾਅ ਵਾਲੇ ਖੇਤ ਵਿਚ ਘੱਟੋ ਘੱਟ 24 ਘੰਟੇ ਤਕ ਕਿਸੇ ਆਦਮੀ ਜਾਂ ਪਸ਼ੂ ਨੂੰ ਦਾਖ਼ਲ ਹੋਣ ਤੋਂ ਰੋਕੋ। ਦਵਾਈ ਦੇ ਛਿੜਕਾਅ ਦਾ ਰਿਕਾਰਡ ਕਾਪੀ 'ਤੇ ਨੋਟ ਕਰੋ। ਜੇ ਛਿੜਕਾਅ ਤੋਂ ਬਾਅਦ 24 ਘੰਟਿਆਂ ਦੇ ਅੰਦਰ ਮੀਂਹ ਪੈ ਜਾਵੇ ਤਾਂ ਦੁਬਾਰਾ ਛਿੜਕਾਅ ਕਰੋ। •

### ਸਿਫਾਰਸ਼ ਕੀਤੀਆਂ ਦਵਾਈਆਂ ਹੀ ਖ਼ਰੀਦੋ

*ਕੀਟਨਾਸ਼ਕ ਦੀ ਲੋੜ ਅਨੁਸਾਰ ਅਤੇ ਕਿਸੇ ਭਰੋਸੇਯੋਗ ਦੁਕਾਨਦਾਰ ਪਾਸੋਂ ਓਨੀ ਮਾਤਰਾ ਵਿਚ ਹੀ ਖ਼ਰੀਦ ਕਰੋ ਜਿੰਨੀ ਇਸ ਲਈ ਫ਼ਸਲ ਲਈ ਜ਼ਰੂਰਤ ਹੋਵੇ। ਕੀਟਨਾਸ਼ਕ ਖ਼ਰੀਦਣ ਵੇਲੇ ਇਸ ਦੇ ਲੇਬਲ ਉੱਤੇ ਲਿਖੀ ਇਸ ਦੀ ਮਿਆਦ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। ਕੀਟਨਾਸ਼ਕ ਦਵਾਈ ਦੇ ਹਰ ਡੱਬੇ ਨਾਲ ਇਕ ਇਸ਼ਤਿਹਾਰ ਮੁਫ਼ਤ ਮਿਲਦਾ ਹੈ। ਕੀਟਨਾਸ਼ਕ ਦੀ ਖ਼ਰੀਦ ਕਰਦੇ ਸਮੇਂ ਇਹ ਇਸ਼ਤਿਹਾਰ ਦੁਕਾਨਦਾਰ ਪਾਸੋਂ ਜ਼ਰੂਰ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਕਿਉਂਕਿ ਇਸ ਉੱਪਰ ਦਵਾਈ ਦੀ ਕਿਸਮ, ਗ਼ਲਤੀ ਨਾਲ ਵਰਤੋਂ ਹੋਣ 'ਤੇ ਦਵਾਈ ਦੇ ਜ਼ਹਿਰੀਲੇ ਅਸਰ ਅਤੇ ਉਸ ਦੇ ਇਲਾਜ ਅਤੇ ਵਰਤੋਂ ਸਬੰਧੀ ਹੋਰ ਸੂਚਨਾਵਾਂ ਲਿਖੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਕੀਟਨਾਸ਼ਕ ਦੀ ਖ਼ਰੀਦ ਦਾ ਪੱਕਾ ਬਿੱਲ ਜ਼ਰੂਰ ਲਵੋ।*



*ਕੀਟਨਾਸ਼ਕ ਦੇ ਛਿੜਕਾਅ ਵਾਲੇ ਖੇਤ ਵਿਚ ਘੱਟੋ ਘੱਟ 24 ਘੰਟੇ ਤਕ ਕਿਸੇ ਆਦਮੀ ਜਾਂ ਪਸ਼ੂ ਨੂੰ ਦਾਖ਼ਲ ਹੋਣ ਤੋਂ ਰੋਕੋ...*

### ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਘਟਾਉਣਾ

ਕੀਟਨਾਸ਼ਕ ਦਵਾਈਆਂ ਦੀ ਵਰਤੋਂ ਸਿਰਫ਼ ਜ਼ਰੂਰਤ ਪੈਣ 'ਤੇ ਹੀ ਕਰੋ। ਵਾਤਾਵਰਣ ਵਿਚ ਘੱਟ ਸਮੇਂ ਤਕ ਟਿਕਣ ਵਾਲੇ ਕੀਟਨਾਸ਼ਕਾਂ ਦੀ ਵਰਤੋਂ ਕਰੋ। ਪੱਕੇ ਹੋਏ ਫਲ ਤੇ ਸਬਜ਼ੀਆਂ ਨੂੰ ਕੀਟਨਾਸ਼ਕਾਂ ਦੇ ਛਿੜਕਾਅ ਤੋਂ ਪਹਿਲਾਂ ਤੋੜ ਲਵੋ। ਦਵਾਈ ਛਿੜਕਣ ਤੋਂ ਬਾਅਦ ਦੁਬਾਰਾ ਫਲਾਂ-ਸਬਜ਼ੀਆਂ ਦੀ ਤੁੜਾਈ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਨੂੰ ਜ਼ਰੂ ਧਿਆਨ ਵਿਚ ਰੱਖੋ। ਫਲ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਖਾਓ। ਸਬਜ਼ੀਆਂ ਤੇ ਫਲਾਂ ਦੇ ਛਿਲਕੇ ਉਤਾਰ ਕੇ ਖਾਣ ਨਾਲ ਵੀ ਕੀਟਨਾਸ਼ਕਾਂ ਦਾ ਅਸਰ ਘਟ ਜਾਂਦਾ ਹੈ।



*ਸੇਂਟ ਪੀਟਰਜ਼ਬਰਗ ਨੂੰ ਰੂਸ ਦੀ ਸ਼ਾਹੀ ਰਾਜਧਾਨੀ ਕਿਹਾ ਜਾਂਦਾ ਹੈ ਕਿਉਂਕਿ ਇਹ ਵਿਸ਼ਵ ਪ੍ਰਸਿੱਧ ਸ਼ਹਿਰ ਹੈ। ਇਥੇ ਰੂਸ ਦੇ ਕਈ ਸ਼ਾਹੀ ਮਹੱਲ ਅਤੇ ਮਿਊਜ਼ੀਅਮ ਮੌਜੂਦ ਹਨ। ਇਹ ਰੂਸ ਦਾ ਦੂਸਰਾ ਸਭ ਤੋਂ ਵੱਡਾ ਸ਼ਹਿਰ ਹੈ ਜਿਸ ਦਾ ਸੱਭਿਆਚਾਰਕ ਅਤੇ ਰਾਜਸੀ ਮਹੱਤਵ ਬਹੁਤ ਜ਼ਿਆਦਾ ਹੈ...*

# ਰੂਸ ਦੀਆਂ ਦੇਖਣਯੋਗ ਥਾਵਾਂ



ਰੂਸ ਦੀ ਰਾਜਧਾਨੀ ਮਾਸਕੋ ਆਪਣੀ ਸ਼ਾਨ ਤੇ ਆਕਰਸ਼ਣ ਲਈ ਦੁਨੀਆ ਦੇ ਨਾਮਵਰ ਸ਼ਹਿਰਾਂ 'ਚ ਸ਼ੁਮਾਰ ਹੈ। ਤੁਸੀ ਇਸ ਨੂੰ ਰੂਸ ਦਾ ਦਿਲ ਵੀ ਕਹਿ ਸਕਦੇ ਹੋ। ਮਾਸਕੋ ਨੂੰ ਦੇਖਣ ਲਈ ਇੰਨਾ ਕੁਝ ਹੈ ਕਿ ਤੁਸੀ ਉਲਝ ਜਾਓਗੇ ਕਿ ਕਿੱਥੋਂ ਸ਼ੁਰੂ ਕਰੀਏ ਤੇ ਕੀ-ਕੀ ਦੇਖੀਏ। ਰੂਸ ਦੇ ਫ਼ੇਮਸ ਆਈਕਨਜ਼ 'ਚੋਂ ਇਕ ਰੈੱਡ ਸਕਵਾਇਰ, ਮਾਸਕੋ ਕ੍ਰੇਮਲਿਨ, ਸੇਂਟ ਬੇਸਿਲ ਕੈਥੇਡਰਲ ਤੇ ਲੈਨਿਨ ਦੀ ਸਮਾਧੀ ਜਿਹੀਆਂ ਚੀਜ਼ਾਂ ਮਾਸਕੋ 'ਚ ਹੀ ਹਨ। ਇਹ ਦੇਖਣਯੋਗ ਥਾਵਾਂ ਸੈਲਾਨੀਆਂ ਨੂੰ ਆਪਣੇ ਵੱਲ ਆਕ੍ਰਸ਼ਤ ਕਰਦੀਆਂ ਹਨ।

### ਕ੍ਰੇਮਲਿਨ

ਕਰੀਬ ਇਕ ਵਰਗ ਕਿਲੋਮੀਟਰ 'ਚ ਫੈਲੇ ਇਸ ਖੇਤਰ 'ਚ ਕ੍ਰੇਮਲਿਨ ਦੀ ਮਜ਼ਬੂਤ ਦੀਵਾਰ ਅਤੇ ਸ਼ਾਨਦਾਰ ਇਮਾਰਤਾਂ ਨੂੰ ਦੇਖ ਕੇ ਤੁਸੀ ਰੋਮਾਂਚਿਤ ਹੋਵੋਗੇ। ਇਸ ਦੀ ਬਣਾਵਟ ਨੂੰ ਦੇਖ ਕੇ ਰੂਸ ਦੀ ਨੌਕਰਸ਼ਾਹੀ ਦੀ ਸ਼ਾਨ ਨੂੰ ਸਮਝ ਸਕਦੇ ਹੋ। ਦਿਲਚਸਪ ਇਹ ਹੈ ਕਿ ਮਾਸਕੋ ਆਉਣ ਵਾਲੇ ਸੈਲਾਨੀ ਆਪਣਾ ਸਭ ਤੋਂ ਜ਼ਿਆਦਾ ਸਮਾਂ ਇਥੇ ਬਿਤਾਉਣਾ ਹੀ ਚੰਗਾ ਸਮਝਦੇ ਹਨ, ਕਿਉਂਕਿ ਇਥੇ ਉਨ੍ਹਾਂ ਨੂੰ ਇਤਿਹਾਸਕ ਅਤੇ ਆਰਕੀਟੈਕਚਰ ਕਲਾ ਦੀਆਂ ਅਨੋਖੀਆਂ ਚੀਜ਼ਾਂ ਵੀ ਦੇਖਣ ਨੂੰ ਮਿਲਦੀਆਂ ਹਨ।

### ਅਜ਼ੰਪਸ਼ਨ ਕੈਥੇਡਰਲ

ਰੂਸੀ ਕ੍ਰਾਂਤੀ ਤੋਂ ਪਹਿਲਾਂ ਦੇਸ਼ ਦੀ ਇਹੀ ਕੇਂਦਰੀ ਚਰਚ ਹੁੰਦੀ ਸੀ। ਇਹ ਆਪਣੀ ਅਨੋਖੀ ਬਣਾਵਟ ਕਰਕੇ ਪੂਰੇ ਦੇਸ਼ 'ਚ ਮਸ਼ਹੂਰ ਸੀ। ਦੱਸਦੇ ਹਨ ਕਿ ਕ੍ਰਾਂਤੀ ਦੌਰਾਨ ਇਹ ਰੂਸੀ ਆਰਥੋਡਾਕਸ ਚਰਚ ਦਾ ਕਬਰਸਤਾਨ ਬਣ ਗਿਆ ਸੀ। ਸਾਲ 1320 ਤੋਂ 1700 ਦਰਮਿਆਨ ਸੈਂਕੜੇ ਲੋਕਾਂ ਦੀਆਂ ਇਥੇ ਜਾਨਾਂ ਗਈਆਂ। ਕੈਥੇਡਰਲ 'ਚ ਸੈਲਾਨੀਆਂ ਦੇ ਆਉਣ ਲਈ ਇਸ 'ਚ ਪ੍ਰਵੇਸ਼ ਪੱਛਮੀ ਅੰਤ 'ਚ ਹੈ। ਜੇ ਤੁਸੀ ਕ੍ਰੇਮਲਿਨ ਆਏ ਤਾਂ ਇਥੇ ਆਉਣਾ ਨਾ ਭੁੱਲੋ। ਕਈ ਬੇਮਿਸਾਲ ਚੀਜ਼ਾਂ ਤੁਹਾਨੂੰ ਦੇਖਣ ਨੂੰ ਮਿਲਣਗੀਆਂ।

### ਸ਼ਸਤਰ ਘਰ

ਰੂਸ ਦਾ ਇਹ ਸ਼ਸਤਰ ਘਰ 1511 ਦੇ ਲਗਪਗ ਬਣਿਆ ਹੈ। ਇਸ 'ਚ ਪਹਿਲਾਂ ਹਥਿਆਰ ਤਿਆਰ ਕੀਤੇ ਜਾਂਦੇ ਸਨ ਤੇ ਇਥੇ ਹੀ ਇਨ੍ਹਾਂ ਨੂੰ ਸਟੋਰ ਵੀ ਕੀਤਾ ਜਾਂਦਾ ਸੀ। ਬਾਅਦ ਦੇ ਸਾਲਾਂ ਬਾਅਦ ਸ਼ਸਤਰ ਘਰ ਨੂੰ ਜਿਊਲਰੀ ਅਤੇ ਕਸੀਦਾਕਾਰੀ ਲਈ ਇਸਤੇਮਾਲ ਕੀਤਾ ਜਾਣ ਲੱਗਾ। ਲੇਕਿਨ ਪੀਟਰ ਦਾ ਗ੍ਰੇਟ ਦੇ ਸ਼ਾਸਨਕਾਲ ਦੌਰਾਨ ਇਸ ਦੇ ਸਾਰੇ ਸੁਨਿਆਰਿਆਂ, ਸ਼ਿਲਪਕਾਰਾਂ ਤੇ ਦਸਤਕਾਰਾਂ ਨੂੰ ਪੀਟਰਬਰਗ ਭੇਜ ਦਿੱਤਾ ਗਿਆ ਤੇ ਇਸ ਨੂੰ ਸ਼ਾਹੀ ਖਜ਼ਾਨੇ ਦਾ ਮਿਊਜ਼ੀਅਮ ਬਣਾ ਦਿੱਤਾ ਗਿਆ। ਸਦੀਆਂ ਪੁਰਾਣੇ ਇਸ ਮਿਊਜ਼ੀਅਮ 'ਚ ਤ੍ਰਾਸਦੀਆਂ ਤੋਂ ਬਾਅਦ ਵੀ ਕਈ ਦੁਰਲੱਭ ਚੀਜ਼ਾਂ ਅੱਜ ਵੀ ਇਥੇ ਸੁਸ਼ੋਭਿਤ ਹਨ। ਇਨ੍ਹਾਂ ਪੁਰਾਣੀਆਂ ਵਸਤਾਂ ਨੂੰ ਦੇਖਣ ਲਈ ਵੱਡੀ ਗਿਣਤੀ 'ਚ ਸੈਲਾਨੀ ਇਥੇ ਆਉਂਦੇ ਹਨ। ਕ੍ਰੇਮਲਿਨ ਆਉਣ ਵਾਲੇ ਯਾਤਰੀ ਇਸ ਨੂੰ ਦੇਖਣ ਜ਼ਰੂਰ ਆਉਂਦੇ ਹਨ।

> **ਗੋਰਕੀ ਪਾਰਕ**
>
> *ਮਾਸਕੋ 'ਚ ਓਨਰਮੈਂਟਲ ਪਾਰਕ, ਪਾਰਟ ਫ਼ਨ ਫੇਅਰ ਅਤੇ ਗੋਰਕੀ ਪਾਰਕਾਂ ਅਜਿਹੀਆਂ ਥਾਵਾਂ ਹਨ, ਜੋ ਸ਼ਹਿਰ ਦੇ ਰੌਲੇ-ਰੱਪੇ ਤੋਂ ਦੂਰ ਇਕਾਂਤ ਤੇ ਸ਼ਾਂਤ ਮਾਹੌਲ 'ਚ ਫ਼ੁਰਸਤ ਦੇ ਕੁਝ ਪਲ ਬਿਤਾਉਣ ਲਈ ਬਹੁਤ ਵਧੀਆ ਹਨ। ਗੋਰਕੀ ਪਾਰਕ ਨਦੀ ਦੇ ਕਿਨਾਰੇ ਕਰੀਬ 3 ਕਿਲੋਮੀਟਰ 'ਚ ਫੈਲਿਆ ਹੋਇਆ ਹੈ। ਇਸ ਪਾਰਕ ਦੀ ਸ਼ਾਨ ਮਨੋਰੰਜਨ ਪਾਰਕ, ਹਵਾ 'ਚ ਉਚਾਈ 'ਤੇ ਲਹਿਰ ਰਹੇ ਝੰਡੇ ਅਤੇ ਪੁਰਾਣੇ ਦੌਰ ਦੀਆਂ ਵੱਜਦੀਆਂ ਖ਼ੁਸ਼ਨੁਮਾ ਧੁਨਾਂ ਦੇ ਅਨੁਭਵ ਨੂੰ ਕਦੇ ਵੀ ਭੁੱਲ ਨਹੀਂ ਸਕਦੇ।*

### ਡਾਇਮੰਡ ਫੰਡ ਐਗਜ਼ੀਬੀਸ਼ਨ

ਸ਼ਸਤਰ ਘਰ ਦੀਆਂ ਅਦਭੁੱਤ ਵਸਤਾਂ ਦੇਖਣ ਤੋਂ ਬਾਅਦ ਵੀ ਜੇ ਤੁਹਾਡਾ ਮਨ ਨਹੀ ਭਰਦਾ ਤਾਂ ਅਜਿਹੀਆਂ ਹੀ ਕਈ ਹੋਰ ਅਨੋਖੀਆਂ ਚੀਜ਼ਾਂ ਦੇਖਣ ਦੀ ਮਨ 'ਚ ਇੱਛਾ ਹੈ ਤਾਂ ਡਾਇਮੰਡ ਫੰਡ ਐਗਜ਼ੀਬੀਸ਼ਨ ਵੀ ਜ਼ਰੂਰ ਘੁੰਮ ਆਓ। ਇਥੇ ਵੀ ਤੁਹਾਨੂੰ ਇਕ ਤੋਂ ਵੱਧ ਇਕ ਅਜੀਬ ਚੀਜ਼ ਦੇਖਣ ਨੂੰ ਮਿਲੇਗੀ। ਇਹ ਪ੍ਰਦਰਸ਼ਨੀ ਵੀ ਸ਼ਸਤਰ ਘਰ ਦੀ ਬਿਲਡਿੰਗ 'ਚ ਹੀ ਸਥਿਤ ਹੈ, ਜਿਸ 'ਚ ਮਹਾਰਾਣੀਆਂ ਦੇ ਕੀਮਤੀ ਗਹਿਣੇ ਅਤੇ ਮਹਿੰਗੇ ਪੱਥਰਾਂ ਦੇ ਸੰਗ੍ਰਹਿ ਦੇਖਣ ਨੂੰ ਮਿਲਦੇ ਹਨ। ਇਥੇ ਕਈ ਹੀਰੇ ਤੇ ਮੋਤੀਆਂ ਤੋਂ ਬਣੇ ਗਹਿਣਿਆਂ ਨੂੰ ਵੀ ਕਰੀਬ ਤੋਂ ਦੇਖਣ ਦਾ ਮੌਕਾ ਮਿਲ ਸਕਦਾ ਹੈ।

### ਸਟੇਟ ਮਿਊਜ਼ੀਅਮ

ਸਟੇਟ ਇਤਿਹਾਸਿਕ ਮਿਊਜ਼ੀਅਮ 'ਚ ਕਈ ਅਨੋਖੀਆਂ ਚੀਜ਼ਾਂ ਦਾ ਭੰਡਾਰ ਮੌਜੂਦ ਹੈ। ਇਸ 'ਚ ਸਮੁੱਚੇ ਰੂਸੀ ਸਮਾਜ ਦੀ ਵਿਰਾਸਤ ਨੂੰ ਦੇਖ ਸਕਦੇ ਹੋ। 19ਵੀਂ ਸਦੀ 'ਚ ਬਣੇ ਮਿਊਜ਼ੀਅਮ ਦੀ ਇਹ ਬਿਲਡਿੰਗ ਸੈਲਾਨੀਆਂ ਲਈ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੈ। ਇਸ 'ਚ ਬਣੇ ਕਮਰਿਆਂ ਦੀ ਸ਼ੈਲੀ 'ਚ ਕਈ ਸਦੀਆਂ ਦੀ ਸ਼ਿਲਪਕਾਰੀ ਨੂੰ ਇਸਤੇਮਾਲ ਕੀਤਾ ਗਿਆ ਹੈ। ਦੀਵਾਰਾਂ ਦੀ ਸਜਾਵਟ ਇਸ ਕਦਰ ਹੈ ਕਿ ਤੁਹਾਨੂੰ ਰੂਸ ਦੀ ਪੁਰਾਣੀ ਚਰਚ ਦੀ ਯਾਦ ਆਵੇਗੀ। ਸਾਲ 1997 'ਚ ਸੈਲਾਨੀਆਂ ਲਈ ਇਹ ਮਿਊਜ਼ੀਅਮ ਦੁਬਾਰਾ ਖੋਲ੍ਹਿਆ ਗਿਆ। ਉਦੋਂ ਤੋਂ ਕਈ ਨਵੀਆਂ ਤੇ ਅਤਿ-ਆਧੁਨਿਕ ਵਸਤਾਂ ਇਸ ਮਿਊਜ਼ੀਅਮ 'ਚ ਸ਼ਾਮਿਲ ਹੋ ਚੁੱਕੀਆਂ ਹਨ।

### ਟੇਰੇਮ ਪੈਲੇਸ

16ਵੀਂ ਤੇ 17ਵੀਂ ਸਦੀ ਦਾ ਇਹ ਪੈਲੇਸ ਕ੍ਰੇਮਲਿਨ ਦੇ ਖ਼ੂਬਸੂਰਤ ਮਹਿਲਾਂ 'ਚ ਸ਼ੁਮਾਰ ਹੈ। ਵੈਸ਼ਾਲੀ ਤੀਜੇ ਨੇ ਇਸ ਨੂੰ ਪੱਥਰਾਂ ਨਾਲ ਬਣਵਾਇਆ ਸੀ। ਇਸ ਪੈਲੇਸ 'ਚ ਡਾਇਨਿੰਗ ਰੂਮ, ਲੀਵਿੰਗ ਰੂਮ, ਬੈੱਡਰੂਮ ਅਤੇ ਸਟੱਡੀ ਰੂਮ ਤੋਂ ਇਲਾਵਾ ਕਈ ਛੋਟੇ-ਛੋਟੇ ਗਿਰਜਾਘਰ ਵੀ ਬਣੇ ਹੋਏ ਹਨ। ਇਤਿਹਾਸਿਕ ਵਿਰਾਸਤਾਂ ਨੂੰ ਕਰੀਬ ਤੋਂ ਦੇਖਣ ਦੇ ਸ਼ੌਕੀਨ ਸੈਲਾਨੀਆਂ ਨੂੰ ਇਸ ਨੂੰ ਦੇਖਣ ਲਈ ਜ਼ਰੂਰ ਆਉਣਾ ਚਾਹੀਦਾ ਹੈ।

### ਬੋਲਸ਼ੋਈ ਥੀਏਟਰ

ਬੋਲਸ਼ੋਈ ਥੀਏਟਰ ਸਕਵਾਇਰ 'ਚ ਸ਼ਾਨਦਾਰ ਥੀਏਟਰ ਹੈ। ਇਸ 'ਚ ਲੰਬਾ-ਚੌੜਾ ਪਲਾਜ਼ਾ ਤੇ ਫ਼ੁਆਰਾ ਵੀ ਹੈ। ਲੇਕਿਨ ਸੈਲਾਨੀ ਅਕਸਰ ਬੋਲਸ਼ੋਈ ਥੀਏਟਰ ਨੂੰ ਦੇਖਣ ਹੀ ਇਥੇ ਆਉਂਦੇ ਹਨ। ਸਾਲ 1824 'ਚ ਗੁਲਾਬੀ ਤੇ ਸਫ਼ੈਦ ਰੰਗ ਨਾਲ ਬਣਿਆ ਇਹ ਇਤਿਹਾਸਕ ਥੀਏਟਰ ਹੁਣ ਤਕ ਕਈ ਵੱਡੇ-ਵੱਡੇ ਪ੍ਰੀਮੀਅਰਾਂ ਦੇ ਆਯੋਜਨਾਂ ਦਾ ਗਵਾਹ ਬਣ ਚੁੱਕਿਆ ਹੈ।

### ਮਿਊਜ਼ੀਅਮ ਆਫ਼ ਮਾਡਰਨ ਆਰਟ

ਇਹ ਮਿਊਜ਼ੀਅਮ 18ਵੀਂ ਸਦੀ 'ਚ ਬਣੇ ਕਲਾਸੀਕਲ ਘਰ 'ਚ ਬਣਿਆ ਹੋਇਆ ਹੈ। ਭਵਨ ਦੀ ਡਿਜ਼ਾਈਨਿੰਗ ਤੋਂ ਇਲਾਵਾ ਮਿਊਜ਼ੀਅਮ 'ਚ ਪੇਂਟਿੰਗਾਂ ਨੂੰ ਵੀ ਦੇਖ ਸਕਦੇ ਹੋ। ਇਸ 'ਚ 20ਵੀਂ ਸਦੀ ਦੌਰਾਨ ਰੂਸੀ ਤੇ ਵਿਦੇਸ਼ੀ ਕਲਾਕਾਰਾਂ ਵੱਲੋਂ ਬਣਾਈਆਂ ਗਈਆਂ ਪੇਂਟਿੰਗਾਂ, ਮੂਰਤੀਆਂ ਅਤੇ ਗ੍ਰਾਫ਼ਿਕਸ ਹਰ ਕਿਤੇ ਤਹਾਨੂੰ ਦੇਖਣ ਨੂੰ ਨਹੀ ਮਿਲਣਗੇ। ਕਈ ਹੋਰ ਵਿਸ਼ਵ ਪ੍ਰਸਿੱਧ ਆਰਟਸ ਤੁਸੀ ਸਿਰਫ਼ ਇਥੇ ਹੀ ਦੇਖ ਸਕਦੇ ਹੋ।

### ਸੇਂਟ ਪੀਟਰਜ਼ਬਰਗ

ਸੇਂਟ ਪੀਟਰਜ਼ਬਰਗ ਨੂੰ ਰੂਸ ਦੀ ਸ਼ਾਹੀ ਰਾਜਧਾਨੀ ਕਿਹਾ ਜਾਂਦਾ ਹੈ, ਕਿਉਂਕਿ ਇਹ ਵਿਸ਼ਵ ਪ੍ਰਸਿੱਧ ਸ਼ਹਿਰ ਹੈ। ਇਥੇ ਰੂਸ ਦੇ ਕਈ ਸ਼ਾਹੀ ਮਹੱਲ ਅਤੇ ਮਿਊਜ਼ੀਅਮ ਮੌਜੂਦ ਹਨ। ਇਹ ਰੂਸ ਦਾ ਦੂਸਰਾ ਸਭ ਤੋਂ ਵੱਡਾ ਸ਼ਹਿਰ ਹੈ, ਜਿਸ ਦਾ ਸੰਸਕ੍ਰਿਤਿਕ ਤੇ ਰਾਜਨੀਤਕ ਮਹੱਤਵ ਬਹੁਤ ਜ਼ਿਆਦਾ ਹੈ। ਸੈਰ-ਸਪਾਟੇ ਲਈ ਵੀ ਇਹ ਸ਼ਹਿਰ ਪ੍ਰਸਿੱਧ ਹੈ ਅਤੇ ਵੱਡੀ ਗਿਣਤੀ 'ਚ ਸੈਲਾਨੀ ਇਥੇ ਛੁੱਟੀਆਂ ਮਨਾਉਣ ਆਉਂਦੇ ਹਨ।

### ਕਾਜ਼ਨ

ਮਾਸਕੋ ਤੋਂ ਵੀ ਪੁਰਾਣਾ ਸ਼ਹਿਰ ਹੈ ਕਾਜ਼ਨ, ਜਿਸ ਦੀ ਸਥਾਪਨਾ 1005 'ਚ ਹੋਈ ਸੀ। 2018 ਦੇ ਫੁੱਟਬਾਲ ਵਰਲਡ ਕੱਪ 'ਚ ਮੇਜ਼ਬਾਨ ਹੋਣ ਦੇ ਨਾਲ ਹੀ ਇਸ ਸ਼ਹਿਰ 'ਚ ਪਹਿਲਾਂ ਵੀ ਕਈ ਖੇਡ ਸਰਗਰਮੀਆਂ ਦਾ ਆਯੋਜਨ ਹੋ ਚੁੱਕਿਆ ਹੈ, ਜਿਸ ਕਰਕੇ ਇਸ ਸ਼ਹਿਰ ਨੂੰ ਸਪੋਰਟਸ ਕੈਪੀਟਲ ਆਫ਼ ਰਸ਼ੀਆ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਥੇ ਕਾਜ਼ਨ ਕ੍ਰੇਮਵਿਲਨ, ਕੁਲ ਸ਼ਰੀਫ ਮਸਜਿਦ ਜਿਹੀਆਂ ਥਾਵਾਂ ਵੀ ਦੇਖਣਯੋਗ ਹਨ।

### ਸਾਮਾਰਾ

ਰੂਸ ਦਾ ਸ਼ਹਿਰ ਸਾਮਾਰਾ 2 ਨਦੀਆਂ ਸਾਮਾਰਾ ਤੇ ਵੋਲਗਾ ਦੇ ਮਿਲਾਪ ਵਾਲੀ ਜਗ੍ਹਾ 'ਤੇ ਵਸਿਆ ਹੈ। ਇਸ ਸ਼ਹਿਰ 'ਚ ਕਈ ਖ਼ੂਬਸੂਰਤ ਕੈਥੇਡਰਲ ਤੇ ਰੂਸ ਦੀ ਸਭ ਤੋਂ ਵੱਡੀ ਮਸਜਿਦ ਹੈ। ਯੂਰੀ ਗੈਗਰੀਨ ਨੂੰ ਸਪੇਸ 'ਚ ਲਿਜਾਣ ਵਾਲੇ ਰਾਕੇਟ ਵੋਸਤੋਕ 1 ਦਾ ਨਿਰਮਾਣ ਸਾਮਾਰਾ ਸ਼ਹਿਰ 'ਚ ਹੀ ਹੋਇਆ ਸੀ।

### ਸੋਚੀ

ਭਲੇ ਹੀ ਤੁਸੀ ਰੂਸ ਦੇ ਸ਼ਹਿਰਾਂ ਦੇ ਨਾਵਾਂ ਤੋਂ ਵਾਕਿਫ਼ ਨਹੀ ਹੋ, ਲੇਕਿਨ ਸੋਚੀ ਦਾ ਨਾਂ ਤੁਸੀ ਪਹਿਲਾਂ ਵੀ ਸੁਣਿਆ ਹੋਵੇਗਾ, ਕਿਉਂਕਿ ਫੁੱਟਬਾਲ ਵਰਲਡ ਕੱਪ 2018 ਦੀ ਮੇਜ਼ਬਾਨੀ ਕਰਨ ਤੋਂ ਪਹਿਲਾਂ ਰੂਸ ਦਾ ਕੋਸਟਲ ਸ਼ਹਿਰ ਸੋਚੀ 2014 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰ ਚੁੱਕਿਆ ਹੈ। ਇਥੇ ਵਾਈਜੈਨਟਾਈਨ ਦੇ ਸਮੇਂ ਦੇ ਖੰਡਰ ਹਨ, ਮਿਊਜ਼ੀਅਮ ਹਨ, ਜਿਸ ਕਰਕੇ ਸੋਚੀ ਆਰਟ ਅਤੇ ਇਤਿਹਾਸ 'ਚ ਦਿਲਚਸਪੀ ਰੱਖਣ ਵਾਲਿਆਂ ਲਈ ਵਧੀਆ ਸ਼ਹਿਰ ਹੈ। •




# ਪੰਜਾਬੀਅਤ ਦੇ ਰੰਗ 'ਚ ਰੰਗਿਆ ਸਾਊਥਹਾਲ



ਸੰਜੀਵ ਗੁਪਤਾ
97816-07000

*ਪੰਜਾਬੀਆਂ ਦੀ ਸਾਊਥਹਾਲ 'ਚ ਵੱਡੀ ਵਸੋਂ ਕਾਰਨ ਜਿੱਥੇ ਇੰਡੀਅਨ ਸਟੋਰ ਹਨ, ਉੱਥੇ ਵੱਡੇ-ਵੱਡੇ ਕਾਰਪੋਰੇਟ, ਟੈਸਕੋ ਅਤੇ ਹੋਰ ਸਟੋਰਾਂ ਵੱਲੋਂ ਵੀ ਭਾਰਤੀਆਂ ਲਈ ਰੋਜ਼ਾਨਾ ਵਰਤੋਂ ਵਾਲੇ ਸਾਮਾਨ ਲਈ ਅਲੱਗ ਥਾਂ ਨਿਸ਼ਚਿਤ ਕੀਤੀ ਹੋਈ ਹੈ। ਇਥੇ ਪੰਜਾਬੀਆਂ ਨੇ ਕਰੀਬ ਇਕ ਦਰਜਨ ਗੁਰਦੁਆਰਾ ਸਾਹਿਬ ਸਥਾਪਿਤ ਕੀਤੇ ਹਨ...*

ਭਾਰਤ ਦਾ ਖ਼ੁਸ਼ਹਾਲ ਸੂਬਾ ਪੰਜਾਬ ਜੋ ਕਿਸੇ ਸਮੇਂ ਪੂਰੇ ਦੇਸ਼ ਦਾ ਢਿੱਡ ਭਰਦਾ ਸੀ ਅਤੇ ਦੇਸ਼ 'ਤੇ ਜਦ ਵੀ ਕਦੇ ਭੀੜ ਪਈ ਜਾਂ ਗੋਰਿਆਂ ਦੀ ਜਕੜ 'ਚੋਂ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਵਾਰੀ ਆਈ ਤਾਂ ਇਤਿਹਾਸ ਗਵਾਹ ਹੈ ਪੰਜਾਬੀਆਂ ਨੇ ਅੱਗੇ ਵੱਧ ਕੇ ਟਾਕਰਾ ਕਰਦਿਆਂ ਹਰ ਥਾਂ ਜਿੱਤ 'ਤੇ ਝੰਡੇ ਗੱਡੇ। ਇਸੇ ਗੁਰੂਆਂ, ਪੀਰਾਂ, ਰਿਸ਼ੀਆਂ, ਮੁਨੀਆਂ ਦੀ ਪਵਿੱਤਰ ਧਰਤੀ ਦੇ ਜੰਮਪਲ ਪੰਜਾਬੀਆਂ ਨੇ ਸੱਤ ਸੁਮੰਦਰ ਪਾਰ ਗੋਰਿਆਂ ਦੇ ਦੇਸ਼ ਨੂੰ ਵੀ ਪੰਜਾਬੀਅਤ ਦੇ ਰੰਗ ਵਿਚ ਰੰਗਦਿਆਂ ਵਿਦੇਸ਼ਾਂ ਦੇ ਕਈ ਸ਼ਹਿਰਾਂ ਨੂੰ ਨਾ ਕੇਵਲ ਪੰਜਾਬੀਅਤ ਰੰਗ 'ਚ ਰੰਗਿਆ ਬਲਕਿ ਗੋਰੇ-ਗੋਰੀਆਂ ਵੀ ਪੰਜਾਬੀਅਤ ਦੀ ਚਾਸਨੀ 'ਚ ਭਿੱਜ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਰੀਦ ਬਣ ਗਏ, ਅਜਿਹਾ ਹੀ ਨਜ਼ਾਰਾ ਮੈਂ ਲੰਡਨ ਦੌਰੇ ਦੌਰਾਨ ਸ਼ਹਿਰ ਸਾਊਥਹਾਲ 'ਚ ਅੱਖੀਂ ਦੇਖਿਆ। ਬ੍ਰਿਟਿਸ਼ ਸਰਕਾਰ ਨੇ ਚਾਹੇ ਇਸ ਸ਼ਹਿਰ ਦਾ ਨਾਮ ਸਾਊਥਹਾਲ ਰੱਖਿਆ ਪਰ ਸਾਊਥਹਾਲ ਦੇ ਰੇਲਵੇ ਸਟੇਸ਼ਨ ਤੋਂ ਲੈ ਕੇ ਇਸ ਦੇ ਕਿਸੇ ਵੀ ਹਿੱਸੇ ਵਿਚ ਗੇੜੀ ਕਿਉਂ ਨਾ ਮਾਰ ਲਈਏ, ਉੱਥੇ ਹੀ ਪੰਜਾਬ ਦਾ ਭੁਲੇਖਾ ਪੈਂਦਾ ਹੈ।

ਇਹੀ ਨਹੀਂ ਗੋਰਿਆਂ ਦੀ ਧਰਤੀ ਦੇ ਸਖ਼ਤ ਨਿਯਮਾਂ ਤੇ ਕਾਨੂੰਨ ਅੱਗੇ ਚਾਹੇ ਪਰਿੰਦਾ ਵੀ ਪਰ ਨਹੀਂ ਮਾਰਦਾ ਪਰ ਪੰਜਾਬੀਆਂ ਨੇ ਇਸ ਕਹਾਵਤ ਨੂੰ ਵੀ ਝੂਠ ਸਾਬਿਤ ਕਰਦਿਆਂ ਸਖ਼ਤ ਕਾਨੂੰਨ ਵੀ ਮੋਮ ਕਰ ਦਿੱਤੇ। ਮੋਮ ਤੋਂ ਭਾਵ ਸਾਊਥਹਾਲ ਦੇ ਬਾਜ਼ਾਰਾਂ 'ਚ ਪੰਜਾਬ ਵਾਂਗ ਦੁਕਾਨਾਂ ਦੇ ਬਾਹਰ ਨਜਾਇਜ਼ ਕਬਜ਼ਿਆਂ ਦੀ ਤਰ੍ਹਾਂ ਗਾਹਕਾਂ ਨੂੰ ਆਕਰਸ਼ਿਤ ਕਰਨ ਲਈ ਕਈ-ਕਈ ਫੁੱਟ ਦੁਕਾਨਾਂ ਦੇ ਬਾਹਰ ਸਮਾਨ ਸਜਾ ਕੇ ਰੱਖਿਆ ਹੋਇਆ ਹੈ। ਪੰਜਾਬੀਆਂ ਨੂੰ ਦੇਖ ਇਨ੍ਹਾਂ ਬਾਜ਼ਾਰਾਂ ਵਿਚ ਗੋਰੇ ਵੀ ਰੀਸੋ-ਰੀਸ ਅਜਿਹਾ ਹੀ ਕਰਨ ਲੱਗ ਪਏ ਹਨ। ਲੰਡਨ ਦਾ ਸ਼ਹਿਰ ਸਾਊਥਹਾਲ ਪੰਜਾਬੀਆਂ ਦੀ ਪਸੰਦ ਬਣਨ ਦਾ ਮੁੱਖ ਕਾਰਨ ਇਥੋਂ ਦਾ ਸਾਰਿਆਂ ਨਾਲੋਂ ਵੱਡਾ ਅਤੇ ਦੁਨੀਆ ਦਾ ਪ੍ਰਸਿੱਧ ਹੀਥਰੋ ਏਅਰਪੋਰਟ ਨੇੜੇ ਹੈ। ਭਾਰਤ ਸਮੇਤ ਵੱਖ-ਵੱਖ ਦੇਸ਼ਾਂ 'ਚ ਵਸਦੇ ਪੰਜਾਬੀ, ਗੁਜਰਾਤੀ ਅਤੇ ਪਾਕਿਸਤਾਨੀ ਵੀ ਜਦੋਂ ਵੀ ਲੰਡਨ ਵਸਣ ਲਈ ਆਏ ਤਾਂ ਉਨ੍ਹਾਂ 'ਚੋਂ ਵੱਡੀ ਗਿਣਤੀ 'ਚ ਆਪਣਾ ਡੇਰਾ ਸਾਊਥਹਾਲ ਹੀ ਲਾਉਂਦੇ ਸਨ, ਕਿਉਂਕਿ ਜਿਨ੍ਹਾਂ ਕੋਲ ਵੀ ਉਨ੍ਹਾਂ ਨੇ ਆ ਕੇ ਰਹਿਣਾ ਹੁੰਦਾ ਸੀ, ਉਹ ਜ਼ਿਆਦਾਤਰ ਸਾਊਥਹਾਲ 'ਚ ਹੀ ਰਹਿੰਦੇ ਸਨ। ਸਮੇਂ ਦੇ ਨਾਲ-ਨਾਲ ਮਿਹਨਤਾਂ ਨਾਲ ਜਿਵੇਂ-ਜਿਵੇਂ ਕਾਮਯਾਬੀ ਮਿਲਦੀ ਗਈ ਪੰਜਾਬੀਆਂ ਨੇ ਲੰਡਨ ਦੇ ਹਰ ਸ਼ਹਿਰ ਵਿਚ ਆਪਣੇ ਸੁਪਨਿਆਂ ਨੂੰ ਸੱਚ ਕਰਦਿਆਂ ਆਲੀਸ਼ਾਨ ਮਹਿਲ ਤਕ ਉਸਾਰੇ ਪਰ ਪੰਜਾਬ ਦਾ ਭੁਲੇਖਾ ਪਾਉਂਦੇ ਸਾਊਥਹਾਲ ਦੀ ਕੋਈ ਰੀਸ ਨਹੀਂ। ਇਸ ਸ਼ਹਿਰ 'ਚ ਰਹਿਣ ਵਾਲੇ ਪੰਜਾਬੀਆਂ ਦਾ ਜ਼ਿਆਦਾ ਕੱਪੜੇ, ਗਰੋਸਰੀ, ਰੈਡੀਮੇਡ ਦਾ ਕੰਮ ਹੈ। ਇਸ ਤੋਂ ਇਲਾਵਾ ਇੰਡੀਅਨ ਰੈਸਟੋਰੈਂਟ, ਜਿੱਥੇ ਭਾਰਤੀ ਖ਼ਾਸ ਕਰ ਪੰਜਾਬੀ ਅਤੇ ਗੋਰੇ ਵੀ ਪੰਜਾਬ ਦੇ ਤੜਕਿਆਂ ਅਤੇ ਖੱਟੀ-ਮਿੱਠੀ ਅਤੇ ਤਿੱਖੀਆਂ ਆਈਟਮਾਂ ਦੇ ਚਟਕਾਰੇ ਲਈ ਭੱਜੇ ਆਉਂਦੇ ਹਨ।



ਪੰਜਾਬੀਆਂ ਦੀ ਸਾਊਥਹਾਲ 'ਚ ਵੱਡੀ ਵਸੋਂ ਦੇ ਚਲਦਿਆਂ ਜਿੱਥੇ ਇੰਡੀਅਨ ਸਟੋਰ ਹਨ, ਉੱਥੇ ਦੇ ਵੱਡੇ-ਵੱਡੇ ਕਾਰਪੋਰੇਟ, ਟੈਸਕੋ ਅਤੇ ਹੋਰ ਸਟੋਰਾਂ ਵੱਲੋਂ ਵੀ ਭਾਰਤੀਆਂ ਲਈ ਹਲਦੀ, ਮਿਰਚ ਤੋਂ ਲੈ ਕੇ ਤਮਾਮ ਮਸਾਲਿਆਂ ਲਈ ਅਲੱਗ ਥਾਂ ਨਿਸ਼ਚਿਤ ਕੀਤੀ ਹੋਈ ਹੈ। ਛੋਟੇ ਜਿਹੇ ਸ਼ਹਿਰ ਸਾਊਥਹਾਲ ਵਿਚ ਵਸੇ ਪੰਜਾਬੀਆਂ ਨੇ ਕਰੀਬ ਇਕ ਦਰਜਨ ਗੁਰਦੁਆਰਾ ਸਾਹਿਬ ਵੀ ਸਥਾਪਿਤ ਕੀਤੇ, ਜਿੱਥੇ ਰੋਜ਼ਾਨਾ ਸਿੱਖ ਨਤਮਸਤਕ ਹੁੰਦੇ, ਉੱਥੇ ਐਤਵਾਰ ਨੂੰ ਇਨ੍ਹਾਂ ਗੁਰਦੁਆਰਿਆਂ ਵਿਚ ਸੰਗਤਾਂ ਦਾ ਵੱਡਾ ਇਕੱਠ ਮੱਥਾ ਟੇਕਣ ਪਹੁੰਚਦਾ ਅਤੇ ਬਾਣੀ ਤੇ ਕੀਰਤਨ ਸਰਵਣ ਕਰਨ ਦੇ ਨਾਲ-ਨਾਲ ਗੁਰੂ ਘਰ ਸੇਵਾ ਕਰਨਾ ਨਹੀਂ ਭੁੱਲਦੇ। ਸਾਊਥਹਾਲ ਦੇ ਗੁਰਦੁਆਰਾ ਸਿੰਘ ਸਭਾ ਸਮੇਤ ਹੋਰਾਂ ਗੁਰਦੁਆਰਿਆਂ 'ਚ ਅਕਸਰ ਪੰਜਾਬ ਤੋਂ ਪ੍ਰਸਿੱਧ ਕੀਰਤਨੀ, ਸੰਤ ਮਹਾਂਪੁਰਸ਼ ਗੁਰੂ ਮਹਿਮਾ ਦਾ ਗੁਣਗਾਨ ਕਰਨ ਜਾਂਦੇ ਹਨ। ਪੰਜਾਬੀਅਤ ਦੇ ਰੰਗ ਵਿਚ ਰੰਗੇ ਸਾਊਥਹਾਲ ਦੇ ਰੇਲਵੇ ਸਟੇਸ਼ਨ ਦੇ ਬਾਹਰ ਵੀ ਪੰਜਾਬੀ ਵਿਚ ਲਿਖਿਆ ਹੋਇਆ ਹੈ, ਜੋ ਹਰ ਪੰਜਾਬੀ ਲਈ ਮਾਣ ਵਾਲੀ ਗੱਲ ਹੈ ਕਿ ਗੋਰਿਆਂ ਦੀ ਧਰਤੀ 'ਤੇ ਵੀ ਪੰਜਾਬੀਅਤ ਦਾ ਬੋਲਬਾਲਾ ਹੈ। •






# ਕੈਨੇਡਾ 'ਚ ਇਨਸਾਨੀ ਜਜ਼ਬੇ ਦੀ ਗਾਥਾ ਹੈ ਸਲਫ਼ਰ ਦੀ ਪਹਾੜੀ

*ਸਲਫ਼ਰ ਦੀ ਪਹਾੜੀ ਨਾਲ ਨੌਰਮਨ ਸੈਨਸਨ ਨਾਂ ਦੇ ਵਿਅਕਤੀ ਦੇ ਸਿਰੜੀ ਜਜ਼ਬੇ ਦਾ ਮਾਣਮੱਤਾ ਇਤਿਹਾਸ ਜੁੜਿਆ ਹੋਇਆ ਹੈ। ਇਹ ਜਜ਼ਬੇ ਵਾਲਾ ਬੰਦਾ ਮੌਸਮ ਵਿਭਾਗ ਦਾ ਕਰਮਚਾਰੀ ਤੇ ਬੈਂਫ਼ ਮਿਊਜ਼ੀਅਮ ਦਾ ਮੁਖੀ ਸੀ...*



ਰਾਮਦਾਸ ਬੰਗੜ
9915353800

ਕੈਨੇਡਾ ਦੀ ਇਕ ਖ਼ੂਬਸੂਰਤ ਅਤੇ ਚਰਚਿਤ ਪਹਾੜੀ ਦਾ ਨਾਂ ਹੈ ਸਲਫ਼ਰ। ਇਹ ਪਹਾੜੀ ਇਨਸਾਨੀ ਜਜ਼ਬੇ ਦੀ ਗਾਥਾ ਨੂੰ ਬਿਆਨ ਕਰਦੀ ਹੈ। ਇਹ ਪਹਾੜੀ ਅੱਜ-ਕੱਲ੍ਹ ਦੇਸ਼-ਵਿਦੇਸ਼ ਤੋਂ ਆਉਂਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇੱਥੇ ਪਹੁੰਚ ਕੇ ਪਤਾ ਚੱਲਦਾ ਹੈ ਕਿ ਇਸ ਧਰਤੀ 'ਤੇ ਹੈਰਾਨੀਜਨਕ ਕਾਰਨਾਮੇ ਕਰਨ ਵਾਲੇ ਇਨਸਾਨਾਂ ਦੀ ਕਦਰ ਹੁੰਦੀ ਹੈ। ਕਿਸੇ ਇਕ ਇਨਸਾਨ ਦੇ ਜਜ਼ਬੇ ਦੀ ਕਦਰ ਇਸ ਤਰ੍ਹਾਂ ਹੁੰਦੀ ਵੇਖ ਕੇ ਸਿਰ ਝੁਕ ਜਾਂਦਾ ਹੈ ਇਨ੍ਹਾਂ ਕਦਰਦਾਨਾਂ ਦੀ ਸੋਚ ਅਤੇ ਉੱਦਮਾਂ ਅੱਗੇ। ਸਲਫ਼ਰ ਦੀ ਪਹਾੜੀ ਨਾਲ ਨੌਰਮਨ ਸੈਨਸਨ ਨਾਂ ਦੇ ਵਿਅਕਤੀ ਦੇ ਸਿਰੜੀ ਜਜ਼ਬੇ ਦਾ ਮਾਣਮੱਤਾ ਇਤਿਹਾਸ ਜੁੜਿਆ ਹੋਇਆ ਹੈ। ਇਹ ਜਜ਼ਬੀ ਬੰਦਾ ਮੌਸਮ ਵਿਭਾਗ ਦਾ ਕਰਮਚਾਰੀ ਅਤੇ ਬੈਂਫ਼ ਮਿਊਜ਼ੀਅਮ ਦਾ ਮੁਖੀ ਸੀ। ਉਹ ਮੌਸਮ ਦੀ ਜਾਣਕਾਰੀ ਸਬੰਧੀ ਵੇਰਵੇ ਪ੍ਰਾਪਤ ਕਰ ਕੇ ਕੈਨੇਡਾ ਦੇ ਲੋਕਾਂ ਨੂੰ ਸੁਚੇਤ ਕਰਿਆ ਕਰਦਾ ਸੀ ਕਿ ਆਉਣ ਵਾਲੇ ਸਮੇਂ ਵਿਚ ਬਰਫ਼ਬਾਰੀ ਹੋਵੇਗੀ, ਮੀਂਹ ਪਵੇਗਾ ਧੁੱਪ ਚਮਕੇਗੀ ਜਾਂ ਫਿਰ ਤੇਜ਼ ਹਵਾਵਾਂ ਵਗਣਗੀਆਂ।

ਇਹ ਸਭ ਪਤਾ ਕਰਨ ਲਈ ਉਸ ਨੂੰ ਸਲਫ਼ਰ ਦੀ ਪਹਾੜੀ ਦੀ ਚੋਟੀ 'ਤੇ ਪੁੱਜਣਾ ਪੈਂਦਾ ਸੀ, ਜਿੱਥੇ ਸਿਹਤ ਵਿਭਾਗ ਵੱਲੋਂ ਦਿੱਤੇ ਗਏ ਉਪਕਰਨਾਂ ਨਾਲ ਉਹ ਮੌਸਮ ਸਬੰਧੀ ਜਾਣਕਾਰੀ ਪ੍ਰਾਪਤ ਕਰਦਾ ਸੀ। ਪਹਾੜੀ ਦੀ ਉਚਾਈ 2.5 ਕਿਲੋਮੀਟਰ ਸੀ। ਨੌਰਮਨ ਸੈਨਸਨ ਦੀ ਹਿੰਮਤ ਦੇ ਬਲਿਹਾਰੇ ਜਾਈਏ ਕਿ ਉਹ ਇਸ ਪਹਾੜੀ 'ਤੇ ਪੈਦਲ ਹੀ ਚੜ੍ਹਦਾ ਅਤੇ ਮੌਸਮ ਦੀ ਜਾਣਕਾਰੀ ਲੈ ਕੇ ਉਨ੍ਹੀਂ ਪੈਰੀਂ ਹੀ ਵਾਪਸ ਵੀ ਮੁੜਦਾ। ਉਸ ਦੇ ਨਾਲ ਉਸ ਦਾ ਇਕ ਲਾਡਲਾ ਕੁੱਤਾ ਵੀ ਜ਼ਰੂਰ ਹੁੰਦਾ ਸੀ। ਪਹਾੜੀ ਜਿੰਨੀ ਉੱਚੀ ਓਨੀ ਹੀ ਜੰਗਲੀ ਵੀ ਸੀ। ਇਸ ਜੰਗਲ ਵਿਚ ਖ਼ਤਰਨਾਕ ਪਹਾੜੀ ਸ਼ੇਰ, ਭਾਲੂ ਤੋਂ ਇਲਾਵਾ ਰਿੱਛ, ਪਹਾੜੀ ਹਿਰਨ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਜੰਗਲੀ ਜਾਨਵਰ ਅਤੇ ਜੀਵ ਜੰਤੂ ਆਪਣਾ ਘਰ ਬਣਾ ਕੇ ਰਹਿੰਦੇ ਸਨ। ਇਸ ਜੋਖ਼ਮ ਭਰੀ ਡਿਊਟੀ ਨੂੰ ਨਿਭਾਉਣ ਲਈ ਉਹ ਹਜ਼ਾਰਾਂ ਵਾਰ ਇਸ ਪਹਾੜੀ ਦੇ ਰਾਹਵਾਂ ਨੂੰ ਗਾਹੁੰਦਾ ਰਿਹਾ। ਉਸ ਵਕਤ ਕੰਪਿਊਟਰ ਦਾ ਯੁਗ ਨਾ ਹੋਣ ਕਰਕੇ ਉਹ ਹੱਥੀਂ ਹੀ ਲਿਖਤ-ਪੜ੍ਹਤ ਦਾ ਕੰਮ ਕਰਦਾ ਸੀ।

> **ਕੌਣ ਸੀ ਨੌਰਮਨ ਸੈਨਸਨ?**
>
> *ਹਿੰਮਤੀ, ਦਲੇਰ ਅਤੇ ਜਜ਼ਬੇ ਵਾਲੇ ਇਨਸਾਨ ਨੌਰਮਨ ਸੈਨਸਨ 1985 ਵਿਚ ਕੈਨੇਡਾ ਫ਼ੌਜ ਵਿਚ ਨੌਕਰੀ ਕਰਦਾ ਸੀ। ਬਾਅਦ ਵਿਚ ਫ਼ੌਜ ਦੀ ਨੌਕਰੀ ਛੱਡ ਦਿੱਤੀ ਅਤੇ ਮੌਸਮ ਵਿਭਾਗ ਵਿਚ ਨੌਕਰੀ ਹਾਸਿਲ ਕਰ ਲਈ। ਉਹ ਇਸ ਦੇ ਨਾਲ-ਨਾਲ ਬੈਂਫ਼ ਸ਼ਹਿਰ ਵਿਚ ਬਣੇ ਮਿਊਜ਼ੀਅਮ ਵਿਚ ਬਤੌਰ ਮੁਖੀ ਵਜੋਂ ਵੀ ਸੇਵਾਵਾਂ ਨਿਭਾਉਂਦਾ ਰਿਹਾ। ਉਸ ਦੀ ਡਿਊਟੀ ਇਹ ਸੀ ਕਿ ਪਹਾੜ ਦੀ ਚੋਟੀ 'ਤੇ ਜਾ ਕੇ ਮੌਸਮ ਸਬੰਧੀ ਵੇਰਵੇ ਇਕੱਤਰ ਕਰਨੇ। ਪਹਾੜੀ ਦੇ ਸਿਖਰ 'ਤੇ ਇਕ ਛੋਟਾ ਜਿਹਾ ਕੈਬਿਨ ਰੱਖਿਆ ਗਿਆ, ਜਿਸ ਨੂੰ ਉਹ ਦਫ਼ਤਰ ਵਜੋਂ ਵਰਤਦਾ ਸੀ। ਉਹ 84 ਸਾਲ ਦੀ ਉਮਰ ਤਕ ਇਸ ਪਹਾੜੀ 'ਤੇ ਚੜ੍ਹਦਾ ਤੇ ਉਤਰਦਾ ਰਿਹਾ।*

### ਗੰਡੋਲਾ ਟੂਰਿਸਟ ਵਜੋਂ ਹੋਇਆ ਪ੍ਰਸਿੱਧ

ਕੈਲਗਰੀ ਤੋਂ ਵੈਨਕੂਵਰ ਨੂੰ ਜਾਂਦੇ ਰਾਸ਼ਟਰੀ ਰਾਜ ਮਾਰਗ 'ਤੇ ਪੈਂਦੇ ਸ਼ਹਿਰ ਬੈਂਫ਼ ਦੇ ਬਿਲਕੁਲ ਨੇੜੇ ਗੰਡੋਲਾ ਦੇ ਨਾਂ ਨਾਲ ਜਾਣੇ ਜਾਂਦੇ ਇਸ ਸਥਾਨ ਉੱਪਰ ਸੈਲਾਨੀਆਂ ਦੀ ਵੱਡੀ ਭੀੜ ਲੱਗੀ ਰਹਿੰਦੀ ਹੈ। ਸੈਲਾਨੀਆਂ ਨੂੰ ਇਸ ਪਹਾੜੀ ਦੇ ਉੱਪਰ ਤਕ ਪਹੁੰਚਦੇ ਕਰਨ ਲਈ ਟਿੰਬਰ ਟਰਾਲੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਟਰਾਲੀ 8 ਤੋਂ 10 ਮਿੰਟ ਵਿਚ ਪਹਾੜੀ ਦੇ ਸਿਖਰ ਤਕ ਪਹੁੰਚਦੀ ਹੈ। ਪਹਾੜੀ ਦੇ ਉੱਪਰ 4 ਮੰਜ਼ਲੀ ਖ਼ੂਬਸੂਰਤ ਇਮਾਰਤ ਬਣੀ ਹੋਈ ਹੈ, ਜਿਸ ਵਿਚ ਇਕ ਰੈਸਟੋਰੈਂਟ ਅਤੇ 2 ਕੈਫੇ ਬਣੇ ਹੋਏ ਹਨ, ਜਿੱਥੇ ਮੀਟ, ਪਾਸਤਾ, ਸਲਾਦ, ਪੀਜ਼ਾ ਵਗੈਰਾ ਖਾਣ ਲਈ ਤਿਆਰ ਮਿਲਦੇ ਹਨ। ਚੌਥੀ ਮੰਜ਼ਿਲ ਉੱਪਰ ਖ਼ੂਬਸੂਰਤ ਵਿਊ ਦਿਖਾਈ ਦਿੰਦਾ ਹੈ। ਇਸ ਇਮਾਰਤ ਦੇ ਬਾਹਰ ਵਿਹੜੇ ਵਿਚ ਸ਼ੀਸ਼ੇ ਦੇ ਬਣੇ ਭਾਲੂ ਦਾ ਖ਼ੂਬਸੂਰਤ ਬੁੱਤ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਇਸ ਇਮਾਰਤ 'ਤੇ ਪਹੁੰਚਣ ਤੋਂ ਬਾਅਦ ਕਰੀਬ ਇਕ ਕਿਲੋਮੀਟਰ ਦੀ ਚੜ੍ਹਾਈ ਲੱਕੜ ਦੀਆਂ ਮਜ਼ਬੂਤ ਪੌੜੀਆਂ ਰਾਹੀਂ ਤੈਅ ਕਰਨੀ ਪੈਂਦੀ ਹੈ। ਇਨ੍ਹਾਂ ਪੌੜੀਆਂ ਦੀ ਹੱਦ ਨੌਰਮਨ ਸੈਨਸਨ ਦੇ ਬਣਾਏ ਗਏ ਇਤਿਹਾਸਕ ਦਫ਼ਤਰ ਅੱਗੇ ਜਾ ਕੇ ਮੁੱਕਦੀ ਹੈ। •





ਪ੍ਰੋ. ਕੁਲਬੀਰ ਸਿੰਘ
94171-52513

*ਇੰਗਲੈਂਡ ਕੋਲ ਇਕ ਮਿਆਰੀ ਤੇ ਸੁਲਝੀ-ਸੁਥਰੀ ਜੀਵਨ-ਸ਼ੈਲੀ ਹੈ। ਲੋਕਾਂ ਦੀਆਂ ਸਹੂਲਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਬਿਹਤਰੀਨ ਸਿਸਟਮ ਉਸਾਰਿਆ ਗਿਆ ਹੈ। ਇਥੇ ਬੰਦੇ ਦੀ ਕਦਰ ਹੈ ਅਤੇ ਬਾਕੀ ਸਭ ਚੀਜ਼ਾਂ ਬਾਅਦ 'ਚ ਹਨ...*

# ਅਮੀਰ ਵਿਰਾਸਤ ਵਾਲੇ ਇੰਗਲੈਂਡ ਦੀ ਸੈਰ






ਇੰਗਲੈਂਡ ਛੋਟਾ ਪ੍ਰੰਤੂ ਪ੍ਰਭਾਵਸ਼ਾਲੀ ਦੇਸ਼ ਹੈ। ਦੁਨੀਆ 'ਚੋਂ ਘੁੰਮਣ ਫਿਰਨ ਲਈ ਸਭ ਤੋਂ ਵੱਧ ਲੋਕ ਇੰਗਲੈਂਡ ਆਉਂਦੇ ਹਨ। ਸੁਖਾਲੀ ਪਹੁੰਚ ਲੋਕਾਂ ਦੀ ਆਮਦ ਦਾ ਕਾਰਨ ਬਣਦੀ ਹੈ। ਯੂਨੈਸਕੋ ਵੱਲੋਂ ਕਈ ਥਾਵਾਂ ਨੂੰ ਵਿਰਾਸਤੀ ਦਰਜਾ ਦਿੱਤਾ ਗਿਆ ਹੈ। ਸੁੰਦਰ ਕੁਦਰਤੀ ਦ੍ਰਿਸ਼ ਅਤੇ ਮਨ ਮੋਹ ਲੈਣ ਵਾਲੀ ਹਰਿਆਵਲ ਨੂੰ ਨਿਹਾਰਨ ਲਈ ਲੋਕ ਖਿੱਚੇ ਚਲੇ ਆਉਂਦੇ ਹਨ। ਸਮੁੰਦਰੀ ਕੰਢੇ ਵਸੇ ਕਸਬੇ ਵੀ ਖਿੱਚ ਦਾ ਸਬੱਬ ਬਣਦੇ ਹਨ। ਨਿਹਾਇਤ ਖ਼ੂਬਸੂਰਤ ਬਾਗ਼ ਬਗ਼ੀਚੇ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ। ਇੰਗਲੈਂਡ 'ਚ ਕੁੱਲ 66 ਛੋਟੇ-ਵੱਡੇ ਸ਼ਹਿਰ ਹਨ। ਹਰੇਕ ਦੀ ਨਿਵੇਕਲੀ ਪਛਾਣ, ਨਿਵੇਕਲਾ ਮੂੰਹ-ਮੁਹਾਂਦਰਾ ਹੈ ਤੇ ਅਲੱਗ ਸ਼ਖ਼ਸੀਅਤ ਹੈ। ਇੰਗਲੈਂਡ ਦਾ ਅਮੀਰ ਵਿਰਸਾ ਤੇ ਵਿਰਾਸਤ ਹੈ। ਉੱਥੇ 374000 ਵੇਖਣਯੋਗ ਇਮਾਰਤਾਂ ਹਨ। 1500 ਕਿਲ੍ਹੇ ਅਤੇ 2500 ਅਜਾਇਬ ਘਰ ਹਨ। ਮਿਆਰੀ ਤੇ ਵਕਾਰੀ ਵਿਦਿਅਕ ਅਦਾਰੇ ਹਨ।

ਇੰਗਲੈਂਡ ਕੋਲ ਇਕ ਮਿਆਰੀ ਤੇ ਸੁਲਝੀ ਸੁਥਰੀ ਜੀਵਨ-ਸ਼ੈਲੀ ਹੈ। ਲੋਕਾਂ ਦੀਆਂ ਸਹੂਲਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਬਿਹਤਰੀਨ ਸਿਸਟਮ ਉਸਾਰਿਆ ਗਿਆ ਹੈ। ਬੰਦੇ ਦੀ ਕਦਰ ਹੈ ਬਾਕੀ ਸਭ ਚੀਜ਼ਾਂ ਬਾਅਦ 'ਚ ਹਨ। ਖਾਣ ਪੀਣ ਸਾਫ਼-ਸੁਥਰਾ ਤੇ ਸਿਹਤਮੰਦ ਮਿਲਦਾ ਹੈ। ਵਾਤਾਵਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਆਲਾ-ਦੁਆਲਾ ਪ੍ਰਦੂਸ਼ਣ-ਰਹਿਤ ਕਿਵੇਂ ਰਹੇ ਇਸ 'ਤੇ ਧਿਆਨ ਕੇਂਦਰਿਤ ਕਰ ਕੇ ਕਾਫ਼ੀ ਮਿਹਨਤ ਕੀਤੀ ਜਾਂਦੀ ਹੈ। ਪੈਦਲ ਚੱਲਦੇ ਬੰਦੇ ਨੂੰ ਪਹਿਲ ਮਿਲਦੀ ਹੈ। ਉਹਦੇ ਲੰਘਣ ਲਈ ਕਾਰਾਂ, ਬੱਸਾਂ ਸਭ ਰੁਕ ਜਾਂਦੀਆਂ ਹਨ। ਜਿੱਧਰ ਨਜ਼ਰ ਮਾਰੋ ਹਰੇ ਭਰੇ ਰੁੱਖ ਨਜ਼ਰ ਆਉਣਗੇ। ਸੈਨਤਾਂ ਮਾਰਦੇ ਰੰਗ ਬਰੰਗੇ ਫੁੱਲ ਦਿਸਣਗੇ। ਖਾਣ-ਪੀਣ ਸਾਫ਼ ਤੇ ਸ਼ੁੱਧ, ਸਾਹ ਲੈਣ ਲਈ ਕਾਫ਼ੀ ਮਾਤਰਾ 'ਚ ਆਕਸੀਜਨ, ਮਨ ਮੋਹ ਲੈਣ ਵਾਲਾ ਮੌਸਮ, ਕੰਮਾਂ ਕਾਰਾਂ ਦਾ ਰੁਝੇਵਾਂ, ਉੱਡੂੰ ਉੱਡੂੰ ਕਰਦੇ ਲੋਕ, ਉਤਸ਼ਾਹ ਨਾਲ ਭਰੀ ਜ਼ਿੰਦਗੀ, ਇਮਾਨਦਾਰੀ ਤੇ ਸੱਚ ਦਾ ਬੋਲਬਾਲਾ। ਧਰਤੀ ਦੇ ਕਿਸੇ ਟੁਕੜੇ 'ਤੇ ਏਦੂੰ ਵੱਧ ਹੋਰ ਕੀ ਚਾਹੀਦਾ ਹੈ?

ਅਜੋਕੇ ਸਮਿਆਂ 'ਚ ਸੰਚਾਰ-ਪ੍ਰਬੰਧ ਦਾ ਮਹੱਤਵ ਬਹੁਤ ਵੱਧ ਗਿਆ ਹੈ। ਇੰਗਲੈਂਡ ਦੇ 95 ਫ਼ੀਸਦੀ ਲੋਕ ਮੰਨਦੇ ਹਨ ਕਿ ਉਹ ਇਕ ਬਿਹਤਰੀਨ ਦੇਸ਼ ਦੇ ਵਸਨੀਕ ਢੰਗ ਨਾਲ ਆਪਸ 'ਚ ਜੁੜੇ ਹੋਏ ਹਨ ਅਤੇ ਆਪਸ 'ਚ ਦੋਸਤਾਂ ਵਾਂਗ ਰਹਿੰਦੇ ਹਨ। ਇਹ ਉਹ ਚੀਜ਼ ਹੈ ਜਿਹੜੀ ਇੰਗਲੈਂਡ ਨੂੰ ਬਹੁਤ ਸਾਰੇ ਮੁਲਕਾਂ ਨਾਲੋਂ ਰਹਿਣ ਪੱਖੋਂ ਅੱਗੇ ਲੈ ਜਾਂਦੀ ਹੈ। ਸੰਚਾਰ ਪ੍ਰਬੰਧ ਏਨਾ ਪੁਖ਼ਤਾ ਹੈ ਕਿ ਕੋਈ ਵੀ ਜਾਣਕਾਰੀ ਸਕਿੰਟਾਂ 'ਚ ਸਭ ਲੋਕਾਂ ਤਕ ਪਹੁੰਚ ਜਾਂਦੀ ਹੈ। ਜੇ ਟਰੇਨ 30 ਸਕਿੰਟ ਲੇਟ ਆ ਰਹੀ ਹੈ ਤਾਂ ਇਸ ਦੀ ਸੂਚਨਾ ਯਾਤਰੀਆਂ ਨੂੰ ਦਿੱਤੀ ਜਾਂਦੀ ਹੈ ਅਤੇ ਮਾਫ਼ੀ ਮੰਗੀ ਜਾਂਦੀ ਹੈ। ਸੁਰੱਖਿਆ ਪੱਖੋਂ ਸੰਚਾਰ ਸਿਸਟਮ ਏਨਾ ਪੁਖ਼ਤਾ ਹੈ ਕਿ ਅਸੀ ਕਲਪਨਾ ਵੀ ਨਹੀ ਕਰ ਸਕਦੇ। ਸੰਕਟ ਸਮੇਂ ਕਿਸੇ ਵਿਅਕਤੀ ਨੂੰ ਮਦਦ ਲਈ ਜਿੱਥੇ ਜਿਸ ਚੀਜ਼ ਦੀ ਜ਼ਰੂਰਤ ਪੈ ਸਕਦੀ ਹੈ ਉਹ ਚੀਜ਼ ਉੱਥੇ ਮੌਜੂਦ ਹੁੰਦੀ ਹੈ। ਪਾਣੀ ਦੀ, ਹਵਾ ਦੀ ਸ਼ੁੱਧਤਾ ਪੱਖੋਂ ਇੰਗਲੈਂਡ ਦੇ 97 ਪ੍ਰਤੀਸ਼ਤ ਲੋਕ ਸੰਤੁਸ਼ਟ ਹਨ। ਜਿਸ ਹਵਾ 'ਚ ਉਹ ਸਾਹ ਲੈ ਰਹੇ ਹਨ, ਜਿਹੜਾ ਪਾਣੀ ਉਹ ਪੀ ਰਹੇ ਹਨ ਉਹ ਮਾਪਦੰਡਾਂ 'ਤੇ ਖਰਾ ਉਤਰਦਾ ਹੈ। ਹਵਾ ਅਤੇ ਪਾਣੀ ਜੀਵਨ ਦੀਆਂ ਦੋ ਬੁਨਿਆਦੀ ਜ਼ਰੂਰਤਾਂ ਹਨ। ਸਰਕਾਰਾਂ, ਸਮਾਜ ਅਤੇ ਲੋਕ ਇਨ੍ਹਾਂ ਮਾਮਲਿਆਂ 'ਚ ਕੋਈ ਸਮਝੌਤਾ ਨਹੀ ਕਰਦੇ। ਜੀਵਨ ਅਤੇ ਜੀਵਨ ਦੀਆਂ ਲੋੜਾਂ ਨੂੰ ਨਿਹਾਇਤ ਤਰਜੀਹ ਤੇ ਤਵੱਜੋਂ ਦਿੱਤੀ ਜਾਂਦੀ ਹੈ। ਵਾਤਾਵਰਨ ਖ਼ੁਸ਼ਨੁਮਾ ਹੈ ਤਾਂ ਵਸਨੀਕ ਖ਼ੁਸ਼ ਹਨ। ਇਸ ਵਾਰ ਮੇਰੇ ਪਰਿਵਾਰਕ ਮੈਂਬਰਾਂ ਪ੍ਰੋ. ਕੰਵਲਜੀਤ ਕੌਰ, ਨਵਰੂਜ਼ ਸਿੰਘ, ਗੁਰਪ੍ਰੀਤ ਕੌਰ ਅਤੇ ਸੁਮਾਲੀ ਨੇ ਪੂਰਾ ਇੰਗਲੈਂਡ ਤੇ ਸਕਾਟਲੈਂਡ ਘੁੰਮਣ ਦੀ ਵਿਉਂਤਬੰਦੀ ਕਰ ਰੱਖੀ ਸੀ। ਸਾਡਾ ਪਹਿਲਾ ਪੜਾਅ ਲੰਡਨ ਸੀ।

### ਗਲਾਸਗੋ

ਸਾਡਾ ਦੂਸਰਾ ਪੜਾਅ ਗਲਾਸਗੋ ਸੀ। ਹਿਲਟਨ ਹੋਟਲ 'ਚ ਬੱਚਿਆਂ ਨੇ ਬੁਕਿੰਗ ਕਰਵਾ ਰੱਖੀ ਸੀ। ਅਸੀ ਗਲਾਸਗੋ ਤੋਂ ਈਡਨਬਰਗ ਚਲੇ ਗਏ ਤਾਂ ਹੋਟਲ 'ਚ ਅਮਿਤਾਭ ਬੱਚਨ ਰੁਕਿਆ ਸੀ। ਉਸਨੂੰ ਮਿਲਣ ਦਾ ਬਿਹਤਰੀਨ ਮੌਕਾ ਖੁੰਝ ਗਿਆ ਸੀ। ਗਲਾਸਗੋ ਇਕ ਦਿਲਕਸ਼ ਸ਼ਹਿਰ ਹੈ। ਇੰਗਲੈਂਡ ਆਉਣ ਵਾਲੇ ਗਲਾਸਗੋ ਜਾਣਾ ਜ਼ਰੂਰ ਪਸੰਦ ਕਰਦੇ ਹਨ। ਬੇਟਾ ਨਵਰੂਜ਼ ਸਿੰਘ ਅਤੇ ਬੇਟੀ ਸੁਮਾਲੀ ਵੱਖ-ਵੱਖ ਸਮ ਆਪਣੀ ਜੌਬ ਦੇ ਸਿਲਸਿਲੇ 'ਚ ਇੱਥੇ ਰਹਿੰਦੇ ਰਹੇ ਹਨ। ਗਲਾਸਗੋ ਉਨ੍ਹਾਂ ਦਾ ਪਸੰਦੀਦਾ ਸ਼ਹਿਰ ਹੈ। ਇੱਥੇ ਆਰਟ ਗੈਲਰੀ ਤੇ ਮਿਊਜ਼ੀਅਮ ਹੈ, ਕੰਟਰੀ ਪਾਰਕ ਹੈ, ਕੀਨੇਟਿਕ ਥੀਏਟਰ ਹੈ, ਫੁੱਟਬਾਲ ਮਿਊਜ਼ੀਅਮ ਹੈ, ਸਾਇੰਸ ਸੈਂਟਰ ਹੈ, ਰਿਵਰਸਾਈਡ ਮਿਊਜ਼ੀਅਮ ਹੈ ਪਰ ਮੈਨੂੰ ਗਲਾਸਗੋ ਦੇ ਸ਼ਾਂਤ ਵਾਤਾਵਰਨ, ਖੁੱਲ੍ਹੀਆਂ ਸੜਕਾਂ 'ਤੇ ਲੋਕਾਂ ਦੀ ਸਿਆਣਪ ਨੇ ਮੋਹ ਲਿਆ। ਅਸੀ ਸਟੇਸ਼ਨ ਦੇ ਬਾਹਰ ਕੈਬ ਦਾ ਇੰਤਜ਼ਾਰ ਕਰ ਰਹੇ ਸਾਂ। ਇਕ ਬਜ਼ੁਰਗ ਨੇ ਕੋਲ ਆ ਕੇ ਪੁੱਛਿਆ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ? ਕੁਝ ਪੁੱਛਣਾ ਚਾਹੁੰਦੇ ਹੋ?

### ਲੰਡਨ

ਲੰਡਨ ਦੀ ਦੁਨੀਆ ਦਾ ਚਰਚਿਤ ਸ਼ਹਿਰ ਹੈ। ਹਰ ਕੋਈ ਇੱਥੇ ਘੁੰਮਣ ਆਉਣਾ ਚਾਹੀਦਾ ਹੈ। ਥੇਮਜ਼ ਦਰਿਆ ਕੰਢੇ ਵੱਸਿਆ ਲੰਡਨ ਹਰ ਕਿਸੇ ਨੂੰ ਆਪਣੇ ਵੱਲ ਖਿੱਚਦਾ ਹੈ। ਇਸ ਨੂੰ ਵਿਸ਼ਵ ਸੱਭਿਆਚਾਰ ਦੀ ਰਾਜਧਾਨੀ ਕਿਹਾ ਜਾਂਦਾ ਹੈ। ਇੱਥੇ 300 ਭਾਸ਼ਾਵਾਂ ਬੋਲਣ ਵਾਲੇ ਲੋਕ ਵੱਸਦੇ ਹਨ। ਇਸ ਨੂੰ ਅਜਾਇਬ ਘਰਾਂ ਦਾ ਘਰ ਵੀ ਆਖਦੇ ਹਨ। ਏਥੇ ਏਨੀਆਂ ਵੇਖਣਯੋਗ ਥਾਵਾਂ ਹਨ ਕਿ ਘੁੰਮਣ ਫਿਰਨ ਗਿਆ ਵਿਅਕਤੀ ਦੁਨੀਆ ਭੁੱਲ ਕੇ ਕਈ ਦਿਨ ਉਨ੍ਹਾਂ 'ਚ ਗਵਾਚਾ ਰਹਿੰਦਾ ਹੈ। ਬ੍ਰਿਟਿਸ਼ ਮਿਊਜ਼ੀਅਮ ਹੈ, ਹਾਈਡ ਪਾਰਕ ਹੈ, ਟਾਵਰ ਆਫ਼ ਲੰਡਨ ਹੈ, ਬਕਿੰਗਮ ਪੈਲੇਸ ਹੈ, ਲੰਡਨ ਆਈ ਹੈ, ਮੇਦਾਮ ਤੁਸਾਦ ਮਿਊਜ਼ੀਅਮ ਹੈ, ਸੀ ਲਾਈਫ਼ ਲੰਡਨ ਹੈ, ਕੇਨਸਿੰਗਟਨ ਪੈਲੇਸ ਹੈ, ਕਿਲ੍ਹੇ ਹਨ ਪ੍ਰੰਤੂ ਹਰ ਕੋਈ ਸਭ ਤੋਂ ਪਹਿਲਾਂ ਲੰਡਨ ਬ੍ਰਿਜ ਵੇਖਣਾ ਲੋਚਦਾ ਹੈ।

### ਈਡਨਬਰਗ

ਕਲਾ ਪ੍ਰੇਮੀਆਂ ਲਈ ਈਡਨਬਰਗ ਬੜਾ ਖ਼ਾਸ ਹੈ। ਨੈਸ਼ਨਲ ਮਿਊਜ਼ੀਅਮ, ਈਡਨਬਰਗ ਕਿਲ੍ਹਾ, ਰਾਈਟਰਜ਼ ਮਿਊਜ਼ੀਅਮ, ਨੈਸ਼ਨਲ ਗੈਲਰੀ, ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟ, ਡਾਈਨਾਸਿਕ ਅਰਥ, ਮਿਊਜ਼ੀਅਮ ਆਫ਼ ਚਾਈਲਡਹੁੱਡ, ਬੋਟੈਨਿਕ ਗਾਰਡਨ, ਕਮੇਡੀ ਕਲੱਬ, ਵੇਖਣ ਉਪਰੰਤ ਈਡਨਬਰਗ ਦੀ ਅਮੀਰ ਵਿਰਾਸਤ ਤੇ ਅਜੋਕੀ ਅਮੀਰੀ ਦੇ ਭੇਦ ਨੂੰ ਜਾਣਿਆ ਜਾ ਸਕਦਾ ਹੈ। ਲੋਕ ਲੰਬੀਆਂ ਕਤਾਰਾਂ 'ਚ ਘੰਟਿਆਂ ਖੜ੍ਹੇ ਹੋ ਕੇ ਵਾਰੀ ਦਾ ਇੰਤਜ਼ਾਰ ਕਰਦੇ ਹਨ।

### ਨਿਊਕੈਸਲ

ਨਿਊਕੈਸਲ ਸ਼ਹਿਰ ਦੇ ਨਵੇਂਪਣ ਤੇ ਪੁਰਾਤਨਤਾ ਦੇ ਸੁਮੇਲ ਨੂੰ ਸ਼ਹਿਰ ਅੰਦਰ ਵਿਚਰ ਕੇ ਹੀ ਸਮਝਿਆ ਜਾ ਸਕਦਾ ਹੈ। ਲਾਈਫ ਸਾਇੰਸ ਸੈਂਟਰ, ਮੈਟਰੋ ਸੈਂਟਰ, ਏਂਜਲ ਆਫ਼ ਦਾ ਨਾਰਥ, ਸੇਂਟ ਜੇਮਜ਼ ਪਾਰਕ, ਥੀਏਟਰ ਰਾਇਲ, ਗਰੇਟ ਨਾਰਥ ਮਿਊਜ਼ੀਅਮ ਅਤੇ ਬੜਾ ਕੁਝ ਹੋਰ। ਪ੍ਰੰਤੂ ਮੈਨੂੰ ਸਭ ਤੋਂ ਵੱਧ ਨਿਊਕੈਸਲ ਵਿੱਚੋਂ ਵਹਿੰਦੀਆਂ ਨਦੀਆਂ 'ਤੇ ਬਣੇ ਪੁਲਾਂ ਨੇ ਸਭ ਤੋਂ ਵੱਧ ਆਕਰਸ਼ਿਤ ਕੀਤਾ। ਪੁਲਾਂ ਦੀ ਤਕਨੀਕ ਅਤੇ ਡਿਜ਼ਾਈਨ ਵੇਖ, ਸਮਝ ਕੇ ਮੈਂ ਅਸ਼-ਅਸ਼ ਕਰ ਉੱਠਿਆ। ਇੰਗਲੈਂਡ ਨੂੰ 'ਲੋਨਲੀ ਪਲੈਨਟ' ਵੀ ਕਿਹਾ ਜਾਂਦਾ ਹੈ। ਇਸ ਦੇ ਆਕਰਸ਼ਣ ਗਿਣਨ ਲੱਗੀਏ ਤਾਂ ਲੰਮੀ ਸੂਚੀ ਬਣ ਜਾਵੇਗੀ। ਸਟੋਨਹੇਨਜ਼ ਅਜਿਹਾ ਯਾਤਰੀ ਸਥਾਨ ਹੈ ਜੋ ਤੁਹਾਨੂੰ ਸਦੀਆਂ ਪਿਛਲੇ ਸਮੇਂ ਵਿਚ ਲੈ ਜਾਵੇਗਾ ਅਤੇ ਤੁਸੀਂ ਸੋਚਾਂ ਦੇ ਸੁਮੰਦਰ 'ਚ ਲਹਿ ਜਾਵੋਗੇ। ਪੁਰਾਣੀਆਂ ਵਸਤਾਂ ਨੂੰ ਸਾਂਭਣ ਸੰਭਾਲਣ ਦੀ ਕਲਾ ਦੇ ਕਾਇਲ ਹੋ ਜਾਵੋਗੇ। ਉਨ੍ਹਾਂ ਦੇ ਮਹੱਤਵ ਨੂੰ ਸਮਝਣ ਸਮਝਾਉਣ ਦੀ ਵਿਧੀ ਤੇ ਢੰਗ ਤਰੀਕਿਆਂ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੋਏ ਬਿਨਾਂ ਨਹੀਂ ਰਹੋਗੇ।

### ਚਲਦੇ-ਚਲਦੇ

ਨਿਊਕੈਸਲ ਵਿਖੇ ਰਾਤ ਖਾਣਾ ਖਾਣ ਲਈ ਇਕ ਭਾਰਤੀ ਰੈਸਟੋਰੈਂਟ 'ਤੇ ਗਏ। ਖਾਣਾ ਖਾ ਕੇ ਉੱਠੇ ਤਾਂ ਖਾਣਾ ਪਰੋਸ ਰਹੇ ਵੇਟਰ ਮੇਰੇ ਕੋਲ ਆਏ। ਕਹਿਣ ਲੱਗੇ "ਪੰਜਾਬ ਤੋਂ ਆਏ ਹੋ?" ਮੈਂ ਹਾਂ 'ਚ ਜਵਾਬ ਦਿੱਤਾ ਤਾਂ ਉਸ ਨੇ ਤੁਰੰਤ ਕਿਹਾ, "ਅਸੀ ਵੀ ਪੰਜਾਬ ਤੋਂ ਹਾਂ। ਪਾਕਿਸਤਾਨੀ ਪੰਜਾਬ ਤੋਂ। ਇੱਥੇ ਸਾਰੇ ਰਲ ਮਿਲ ਕੇ ਰਹਿੰਦੇ ਹਾਂ। ਉੱਥੇ ਸਿਆਸਤ ਨੇ ਸਾਰੇ ਬਖੇੜੇ ਖੜ੍ਹੇ ਕਰ ਰੱਖੇ ਨੇ।" ਇੰਨਾ ਕਹਿੰਦਿਆਂ ਉਹ ਉਦਾਸ ਹੋ ਗਿਆ ਅਤੇ ਅਸੀ ਸੋਚਾਂ 'ਚ ਡੁੱਬੇ ਰੈਸਟੋਰੈਂਟ 'ਚੋਂ ਬਾਹਰ ਵੱਲ ਹੋ ਤੁਰੇ। •

# ਉਦਯੋਗਪਤੀਆਂ ਵੱਲੋਂ ਖੱਟਰ ਨਾਲ ਮੁਲਾਕਾਤ



**ਫਰੀਦਾਬਾਦ,5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਬਿਜਲੀ, ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਮਨੋਹਰ ਲਾਲ ਖੱਟਰ ਨੇ ਨਵੀਂ ਦਿੱਲੀ ਦੇ ਬੇਲੇ ਲਾ ਮੋਂਟੇ ਰਿਜ਼ੋਰਟ ਵਿੱਚ ਸਮਾਗਮ ਦੌਰਾਨ ਦੇਸ਼ ਦੇ ਵਿਕਾਸ ਵਿੱਚ ਸਿੱਖ ਭਾਈਚਾਰੇ ਦੇ ਅਮੁੱਲ ਯੋਗਦਾਨ ਨੂੰ ਉਜਾਗਰ ਕੀਤਾ।

ਹਰਿਆਣਾ ਭਰ ਦੇ ਸਿੱਖ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਇਸ ਦੀਆਂ ਸਰਹੱਦਾਂ ਦੀ ਰਾਖੀ ਲਈ ਭਾਈਚਾਰੇ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਖੱਟਰ ਨੇ ਵਿਸ਼ੇਸ਼ ਤੌਰ 'ਤੇ ਪੈਰਿਸ ਓਲੰਪਿਕ ਵਿੱਚ ਤਗ਼ਮੇ ਜਿੱਤ ਕੇ ਦੇਸ਼ ਅਤੇ ਹਰਿਆਣਾ ਦਾ ਮਾਣ ਵਧਾਉਣ ਲਈ ਝੱਜਰ ਦੀ ਮਨੂ ਭਾਕਰ ਅਤੇ ਅੰਬਾਲਾ ਦੇ ਸਰਬਜੋਤ ਸਿੰਘ ਦੀ ਸ਼ਲਾਘਾ ਕੀਤੀ। ਉਨ੍ਹਾਂ ਸਿੱਖ ਭਾਈਚਾਰੇ ਨੂੰ ਦੇਸ਼ ਅਤੇ ਸੂਬੇ ਦੀ ਤਰੱਕੀ ਲਈ ਵੱਖ-ਵੱਖ ਖੇਤਰਾਂ ਵਿੱਚ ਆਪਣੀ ਭਾਗੀਦਾਰੀ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਐੱਸਐੱਸ ਬਾਂਗਾ ਨੇ ਸਨਅਤੀ ਖੇਤਰ ਦੀਆਂ ਮੌਜੂਦਾ ਦੌਰ ਦੀਆਂ ਚੁਣੌਤੀਆਂ ਬਾਰੇ ਸ੍ਰੀ ਖੱਟਰ ਨਾਲ ਚਰਚਾ ਕੀਤੀ। ਉਨ੍ਹਾਂ ਫਰੀਦਾਬਾਦ, ਗੁਰੂਗ੍ਰਾਮ ਤੇ ਪਾਣੀਪਤ, ਯਮੁਨਾਨਗਰ ਦੇ ਪੰਜਾਬੀ ਉਦਯੋਗਪਤੀਆਂ ਦੀ ਐਨਸੀਆਰ ਖੇਤਰ ਦੇ ਵਿਕਾਸ ਵਿੱਚ ਨਿਭਾਈ ਜਾ ਰਹੀ ।

# ਭਾਜਪਾ ਦੇ ਸੂਬਾ ਪ੍ਰਧਾਨ ਪੰਡਿਤ ਮੋਹਨ ਲਾਲ ਕੌਸ਼ਿਕ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

**ਯਮੁਨਾਨਗਰ,5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੂਬਾ ਪ੍ਰਧਾਨ ਪੰਡਿਤ ਮੋਹਨ ਲਾਲ ਕੌਸ਼ਿਕ ਨੇ ਦਾਅਵਾ ਕੀਤਾ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਲੋਕ ਕਾਂਗਰਸ ਦਾ ਸਫਾਇਆ ਕਰ ਦੇਣਗੇ।

ਉਨ੍ਹਾਂ ਕਿਹਾ ਕਿ ਕਾਂਗਰਸ ਸਿਰਫ ਝੂਠ ਅਤੇ ਫਰੇਬ ਦੀ ਰਾਜਨੀਤੀ ਦੇ ਸਹਾਰੇ ਸੱਤਾ 'ਤੇ ਕਾਬਜ਼ ਹੋਣ ਦੇ ਸੁਪਨੇ ਦੇਖ ਰਹੀ ਹੈ, ਜਿਸ ਨੂੰ ਲੋਕ ਕਦੇ ਵੀ ਪੂਰਾ ਨਹੀਂ ਹੋਣ ਦੇਣਗੇ। ਮੋਹਨ ਲਾਲ ਬਡੋਲੀ ਅੱਜ ਯਮੁਨਾਨਗਰ-ਜਗਾਧਰੀ ਵਿੱਚ ਉਨ੍ਹਾਂ ਦੇ ਸਨਮਾਨ 'ਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਇੱਥੇ ਪੁੱਜਣ 'ਤੇ ਨਵ-ਨਿਯੁਕਤ ਸੂਬਾ ਪ੍ਰਧਾਨ ਮੋਹਨ ਲਾਲ ਬਰੌਲੀ ਦਾ ਖੇਤੀਬਾੜੀ ਮੰਤਰੀ ਕੰਵਰ ਪਾਲ, ਜ਼ਿਲ੍ਹਾ ਪ੍ਰਧਾਨ ਰਾਜੇਸ਼ ਸਪਰਾ ਅਤੇ ਵਿਧਾਇਕ ਘਣਸ਼ਿਆਮ ਦਾਸ ਅਰੋੜਾ ਸਣੇ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਨੇ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਵਫ਼ਾਦਾਰ ਵਰਕਰਾਂ ਅਤੇ ਜਨਤਾ ਦੇ ਸਹਿਯੋਗ ਨਾਲ ਹਰਿਆਣਾ ਵਿੱਚ ਮੁੱਖ ਮੰਤਰੀ ਨਾਇਬ ਸੈਣੀ ਦੀ ਅਗਵਾਈ ਵਿੱਚ ਤੀਜੀ ਵਾਰ ਪੂਰਨ ਬਹੁਮਤ ਵਾਲੀ ਭਾਜਪਾ ਸਰਕਾਰ ਬਣੇਗੀ।

ਕੇਂਦਰ ਅਤੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਸੂਬਾ ਪ੍ਰਧਾਨ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਭਾਜਪਾ ਸਰਕਾਰ ਨੇ ਗਰੀਬ ਵਿਅਕਤੀ ਦਾ ਮਾਣ-ਸਨਮਾਨ ਉੱਚਾ ਚੁੱਕਣ ਦਾ ਕੰਮ ਕੀਤਾ ਹੈ।



ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਮਿਲ ਰਹੀਆਂ ਹਨ।

ਖੇਤੀਬਾੜੀ ਮੰਤਰੀ ਕੰਵਰ ਪਾਲ ਨੇ ਕਿਹਾ ਕਿ ਭਾਜਪਾ ਹੀ ਇੱਕ ਅਜਿਹੀ ਪਾਰਟੀ ਹੈ ਜਿਸ ਵਿੱਚ ਇੱਕ ਆਮ ਵਰਕਰ ਉੱਚੇ ਅਹੁਦੇ ਤੱਕ ਪਹੁੰਚ ਸਕਦਾ ਹੈ। ਸਾਬਕਾ ਮੰਤਰੀ ਅਤੇ ਸੂਬਾ ਜਨਰਲ ਸਕੱਤਰ ਕ੍ਰਿਸ਼ਨ ਬੇਦੀ ਨੇ ਕਿਹਾ ਕਿ ਭਾਜਪਾ ਸੰਗਠਨ ਮਜ਼ਬੂਤੀ ਨਾਲ ਕੰਮ ਕਰ ਰਿਹਾ ਹੈ।

ਹੜਤਾਲ 'ਤੇ ਬੈਠੇ ਐੱਨਐੱਚਐੱਮ ਦੇ ਕਰਮਚਾਰੀ ਜਲੂਸ ਦੇ ਰੂਪ ਵਿੱਚ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬਡੋਲੀ ਦਾ ਪੁਤਲਾ ਲੈ ਕੇ ਅਗਰਸੇਨ ਚੌਕ ਪਹੁੰਚੇ ਅਤੇ ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਹੋਏ ਪੁਤਲਾ ਫੂਕਿਆ।

ਜ਼ਿਲ੍ਹਾ ਹਸਪਤਾਲ ਵਿੱਚ ਚੱਲ ਰਹੇ ਧਰਨੇ ਨੂੰ ਸੰਬੋਧਨ ਕਰਦਿਆਂ ਐੱਨਐੱਚਐੱਮ ਮੁਲਾਜ਼ਮ ਆਗੂ ਅਮਿਤ ਗੁੱਜਰ ਨੇ ਕਿਹਾ ਕਿ ਸੂਬਾ ਸਰਕਾਰ ਹੰਕਾਰੀ ਹੋ ਚੁੱਕੀ ਹੈ, ਜੋ ਉਨ੍ਹਾਂ ਦੀਆਂ ਹੱਕੀ ਮੰਗਾਂ ਵੀ ਮੰਨਣ ਲਈ ਤਿਆਰ ਨਹੀਂ ਹੈ।

ਗੌਰਵ ਸ਼ਰਮਾ ਨੇ ਕਿਹਾ ਕਿ ਸਾਡੀਆਂ ਮੰਗਾਂ ਪੂਰੀਆਂ ਹੋਣ ਤੱਕ ਹੜਤਾਲ ਜਾਰੀ ਰਹੇਗੀ । ਅੱਜ ਦੀ ਹੜਤਾਲ ਵਿੱਚ 421 ਮੁਲਾਜ਼ਮਾਂ ਨੇ ਹਿੱਸਾ ਲਿਆ ਸੀ। ਕਰਮਚਾਰੀਆਂ ਨੇ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬਡੋਲੀ ਜੋ ਕਿ ਜ਼ਿਲ੍ਹੇ ਵਿੱਚ ਵਰਕਰਾਂ ਨਾਲ ਚੋਣ ਚਰਚਾ ਕਰਨ ਲਈ ਆਏ ਸਨ, ਦਾ ਪੁਤਲਾ ਫੂਕ ਕੇ ਸੜਕ 'ਤੇ ਨਾਅਰੇਬਾਜ਼ੀ ਕੀਤੀ। ਸ੍ਰੀ ਗੁੱਜਰ ਨੇ ਕਿਹਾ ਕਿ ਸੂਬਾ ਪੱਧਰੀ ਜਥੇਬੰਦੀ ਦੇ ਅਗਲੇ ਹੁਕਮਾਂ ਅਨੁਸਾਰ ਹੜਤਾਲ ਜਾਰੀ ਰਹੇਗੀ।

# ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਪੀ.ਐਸ.ਈ.ਬੀ. ਸਾਂਝਾ ਮੰਚ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਨਾਲ ਮੀਟਿੰਗ



**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਅੱਜ ਇਥੇ ਬਿਜਲੀ ਵਿਭਾਗ ਨਾਲ ਸਬੰਧਤ ਪੀ.ਐਸ.ਈ.ਬੀ. ਸਾਂਝਾ ਮੰਚ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨਾਲ ਸਬੰਧਤ ਵੱਖ-ਵੱਖ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ।

ਮੀਟਿੰਗ ਦੌਰਾਨ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਡਿਊਟੀ ਦੌਰਾਨ ਆਪਣੀ ਜਾਨ ਗਵਾਉਣ ਵਾਲੇ ਬਿਜਲੀ ਮੁਲਾਜ਼ਮਾਂ ਲਈ ਮੁਆਵਜ਼ਾ ਵਧਾਉਣ ਲਈ ਉਹ ਖ਼ੁਦ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਕੋਲ ਉਨ੍ਹਾਂ ਦੇ ਮਾਮਲੇ ਦੀ ਪੈਰਵੀ ਕਰਨਗੇ।

ਇਸ ਮੌਕੇ ਘਾਤਕ ਹਾਦਸਿਆਂ ਨੂੰ ਘਟਾਉਣ ਅਤੇ ਬਿਜਲੀ ਕਰਮਚਾਰੀਆਂ ਲਈ ਸੁਰੱਖਿਅਤ ਕੰਮਕਾਜ ਦੇ ਮਾਹੌਲ ਨੂੰ ਯਕੀਨੀ ਬਣਾਉਣ ਲਈ ਪਹਿਲਕਦਮੀਆਂ ਬਾਰੇ ਵੀ ਚਰਚਾ ਕੀਤੀ ਗਈ।

ਬਿਜਲੀ ਮੰਤਰੀ ਨੇ ਵਿਭਾਗ ਅੰਦਰ ਤਰੱਕੀਆਂ, ਅਸਾਮੀਆਂ ਦੇ ਪੁਨਰਗਠਨ ਅਤੇ ਦਫ਼ਤਰੀ ਇਮਾਰਤਾਂ ਦੇ ਨਵੀਨੀਕਰਨ ਦੀ ਲੋੜ ਬਾਰੇ ਉਠਾਈਆਂ ਗਈਆਂ ਮੰਗਾਂ ਬਾਰੇ ਮੀਟਿੰਗ ਵਿੱਚ ਹਾਜਰ ਵਧੀਕ ਮੁੱਖ ਸਕੱਤਰ (ਬਿਜਲੀ) ਸ੍ਰੀ ਤੇਜਵੀਰ ਸਿੰਘ, ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਪੀ.ਐਸ.ਪੀ.ਸੀ.ਐਲ ਸ. ਬਲਦੇਵ ਸਿੰਘ ਸਰਾਂ, ਡਾਇਰੈਕਟਰ ਐਡਮਿਨ ਸ. ਜਸਬੀਰ ਸਿੰਘ ਸੁਰਸਿੰਘ ਅਤੇ ਡਾਇਰੈਕਟਰ ਕਮਰਸ਼ੀਅਲ ਇੰਜ. ਆਰ.ਐਸ. ਸੈਣੀ ਨਾਲ ਚਰਚਾ ਕੀਤੀ।

ਅਧਿਕਾਰੀਆਂ ਨੇ ਬਿਜਲੀ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਵਿਭਾਗ ਅੰਦਰ ਤਰੱਕੀਆਂ ਨੂੰ ਸਮੇਂ ਸਿਰ ਯਕੀਨੀ ਬਣਾਇਆ ਜਾ ਰਿਹਾ ਹੈ। ਬਿਜਲੀ ਮੰਤਰੀ ਨੇ ਯੂਨੀਅਨ ਦੀਆਂ ਤਨਖਾਹ ਸਬੰਧੀ, ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ, ਕਿਸੇ ਬਿਜਲੀ ਹਾਦਸੇ ਦੌਰਾਨ ਜ਼ਖ਼ਮੀ ਹੋਣ ਵਾਲੇ ਵਿਅਕਤੀ ਨੂੰ ਕੈਸ਼ਲੈਸ ਇਲਾਜ ਮੁਹੱਈਆ ਕਰਵਾਉਣ ਆਦਿ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਵਿਭਾਗ ਵੱਲੋਂ ਕਾਰਵਾਈ ਕਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਜਿਨ੍ਹਾਂ ਮਾਮਲਿਆਂ ਵਿੱਚ ਵਿੱਤ ਵਿਭਾਗ, ਪ੍ਰਸੋਨਲ ਜਾਂ ਐਡਵੋਕੇਟ ਜਨਰਲ ਦੇ ਦਫਤਰ ਦੀ ਰਾਏ ਦੀ ਜ਼ਰੂਰਤ ਹੈ ਉਥੇ ਉਹ ਖ਼ੁਦ ਪਹਿਲਕਦਮੀ ਕਰਦਿਆਂ ਮਸਲਿਆਂ ਦੇ ਜਲਦੀ ਹੱਲ ਲਈ ਕੋਸ਼ਿਸ਼ ਕਰਨਗੇ।

ਇਸ ਮੌਕੇ ਮੁਲਾਜ਼ਮਾਂ ਦੀ ਭਲਾਈ ਲਈ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਦੀ ਵਚਨਬੱਧਤਾ ਦਾ ਪੀ.ਐਸ.ਈ.ਬੀ. ਸਾਂਝਾ ਮੰਚ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਹੈ।

ਇਸ ਮੀਟਿੰਗ ਵਿੱਚ ਮੁਲਾਜ਼ਮ ਜਥੇਬੰਦੀਆਂ ਵੱਲੋਂ ਟੀ.ਐਸ.ਯੂ ਦੇ ਪ੍ਰਧਾਨ ਰਤਨ ਸਿੰਘ, ਏਟਕ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੜ੍ਹਦੀਵਾਲ, ਐਮ.ਐਸ.ਯੂ ਦੇ ਪ੍ਰਧਾਨ ਹਰਪਾਲ ਸਿੰਘ, ਇੰਪਲਾਈਜ਼ ਫੈਡਰੇਸ਼ਨ (ਚਾਹਲ) ਦੇ ਜਨਰਲ ਸਕੱਤਰ ਗੁਰਵੇਲ ਸਿੰਘ, ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਦੇ ਪ੍ਰਧਾਨ ਬਲਦੇਵ ਸਿੰਘ, ਥਰਮਲ ਕਾਰਡੀਨੇਸ਼ਨ ਕਮੇਟੀ ਦੇ ਪ੍ਰਧਾਨ ਜਗਜੀਤ ਸਿੰਘ ਕੋਟਲੀ, ਇੰਪਲਾਈਜ ਫੈਡਰੇਸ਼ਨ (ਫਲਜੀਓ) ਦੇ ਪ੍ਰਧਾਨ ਕੌਰ ਸਿੰਘ ਸੋਹੀ, ਜੂਨੀਅਰ ਇੰਜੀਨੀਅਰ ਐਸੋਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਢਿੱਲੋਂ, ਇੰਪਲਾਈਜ਼ ਫੈਡਰੇਸ਼ਨ (ਭਾਰਦਵਾਜ) ਰ ਤਰੱਕੀਆਂ ਨੂੰ ਸਮੇਂ ਸਿਰ ਯਕੀਨੀ ਬਣਾਇਆ ਜਾ ਰਿਹਾ ਹੈ। ਬਿਜਲੀ ਮੰਤਰੀ ਨੇ ਯੂਨੀਅਨ ਦੀਆਂ ਤਨਖਾਹ ਸਬੰਧੀ, ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ, ਕਿਸੇ ਬਿਜਲੀ ਹਾਦਸੇ ਦੌਰਾਨ ਜ਼ਖ਼ਮੀ ਹੋਣ ਵਾਲੇ ਦੇ ਸਕੱਤਰ ਬਲਜੀਤ ਸਿੰਘ, ਆਈ.ਟੀ.ਆਈ. ਇੰਪਲਾਈਜ਼ ਐਸੋਸੀਏਸ਼ਨ ਦੇ ਪ੍ਰਧਾਨ ਦਵਿੰਦਰ ਸਿੰਘ, ਕਰਮਚਾਰੀ ਦਲ ਪੰਜਾਬ ਦੇ ਪ੍ਰਧਾਨ ਤਜਿੰਦਰ ਸਿੰਘ ਸੇਖੋਂ ਅਤੇ ਇੰਪਲਾਈਜ਼ ਫੈਡਰੇਸ਼ਨ ਪੀ.ਐਸ.ਪੀ.ਸੀ.ਐਲ ਐਂਡ ਪੀ.ਐਸ.ਟੀ.ਸੀ.ਐਲ ਤੋਂ ਗੁਰਤੇਜ ਸਿੰਘ ਪੱਖੋਂ ਹਾਜ਼ਰ ਸਨ।

# ਬਾਬਾ ਖੇਤਰਪਾਲ ਦਾ ਸਲਾਨਾ ਜੋੜ ਮੇਲਾ ਆਮਿਟ ਯਾਦਾਂ ਛੱਡਦਾ ਹੋਇਆ ਸੰਪੰਨ



**ਜ਼ੀਰਾ ,5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਖੇਤਰਪਾਲ ਦਾ ਸਾਲਾਨਾ ਜੋੜ ਮੇਲਾ ਮੱਲਾਂਵਾਲਾ ਖਾਸ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ । ਇਸ ਸਲਾਨਾ ਜੋੜ ਮੇਲੇ ਤੇ ਪੰਜਾਬ ਦੇ ਮਸ਼ਹੂਰ ਲੋਕ ਗਾਇਕ ਜਸਪ੍ਰੀਤ ਜੱਸੀ,ਸਰੀਫ ਦਿਲਦਾਰ ਤੇ ਰੁਖਸਾਨਾ ਖਾਨ ਨੇ ਪਹੁੰਚ ਕੇ ਲੋਕਾਂ ਦਾ ਮਨੋਰੰਜਨ ਕੀਤਾ ਜੋ ਕਿ ਸਰੋਤਿਆਂ ਦਾ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਬਣੇ ਰਹੇ । ਇਸ ਮੌਕੇ ਬਾਬਾ ਖੇਤਰਪਾਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦਰਬਾਰ ਤੇ ਪਹੁੰਚੀਆਂ ਸੰਗਤਾਂ ਅਤੇ ਪੱਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ । ਕਮੇਟੀ ਪ੍ਰਧਾਨ ਸੂਰਜ ਅਟਵਾਲ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਖੇਤਰਪਾਲ ਦੇ ਦੇਸ਼ ਵਿੱਚ ਅਨੇਕਾਂ ਮੰਦਿਰ ਹਨ, ਓਸੇ ਤਰ੍ਹਾਂ ਹੀ ਬਾਬਾ ਖੇਤਰਪਾਲ ਦੀ ਇਹ ਜਗ੍ਹਾ ਵੀ ਮੰਨਣ ਯੋਗ ਹੈ । ਇੱਥੇ ਅਨੇਕਾਂ ਹੀ ਲੋਕ ਆਪਣੀਆਂ ਮਨੋਕਾਮਨਾ ਲੈ ਕੇ ਆਉਂਦੇ ਹਨ ਜੋ ਕੇ ਲੋਕਾਂ ਦੀਆਂ ਸ਼ਰਧਾ ਭਾਵਨਾ ਸਹਿਤ ਪੂਰੀਆਂ ਹੁੰਦੀਆਂ ਹਨ, ਜਿਸ ਦੀਆਂ ਰੌਣਕਾਂ ਹਰ ਸਾਲ ਜੁਲਾਈ ਮਹੀਨੇ 'ਚ 15 ਸਾਉਣ ਨੂੰ ਮੇਲੇ ਵਜੋਂ ਦੇਖਣ ਨੂੰ ਮਿਲਦੀਆਂ ਹਨ । ਇਸ ਮੇਲੇ ਵਿੱਚ ਸਮੂਹ ਇਲਾਕਾ ਨਿਵਾਸੀਆਂ ਅਤੇ ਮੱਲਾਂਵਾਲਾ ਖਾਸ ਤੇ ਫਿਰੋਜ਼ਪੁਰ ਦੀ ਸਮੂਹ ਸੰਗਤ ਅਤੇ ਐਨ ਆਰ ਆਈ ਵੀਰ ਦਾ ਸਹਿਯੋਗ ਰਿਹਾ ।

ਇਸ ਮੌਕੇ ਕਮੇਟੀ ਪ੍ਰਧਾਨ ਸੂਰਜ ਅਟਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਮੇਲਾ ਪਹਿਲੀ ਵਾਰ ਵੱਡੇ ਪੱਧਰ ਤੇ ਸ਼ਰੀਫ ਦਿਲਦਾਰ ਜਸਪ੍ਰੀਤ ਜੱਸੀ ਅਤੇ ਰੁਖਸਾਨਾ ਖਾਨ ਦੇ ਅਖਾੜੇ ਨਾਲ ਮਨਾਇਆ ਗਿਆ ਹੈ । ਇਸ ਤੋਂ ਪਹਿਲਾਂ ਸਧਾਰਨ ਤਰੀਕੇ ਨਾਲ ਚੌਲ ਕੜੀ ਦਾ ਪ੍ਰਸ਼ਾਦ ਵਰਤਾ ਕੇ ਸੰਗਤਾਂ ਮਨਾਉਂਦੀਆਂ ਸਨ ਪਰ ਇਸ ਵਾਰ ਕੋਸ਼ਿਸ਼ ਕੀਤੀ ਗਈ ਕਿ ਮੇਲੇ ਵਿੱਚ ਨਵਾਂ ਰੰਗ ਭਰਿਆ ਜਾਵੇ । ਜਿਸ ਤਹਿਤ ਸੰਗਤਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਇਹ ਮੇਲਾ ਵੱਡੇ ਪੱਧਰ ਤੇ ਮਨਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅਗਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਹੋਰ ਵੱਡਾ ਉਪਰਾਲਾ ਕਰਕੇ ਹੋਰ ਵੱਡੇ ਪੱਧਰ ਤੇ ਮਨਾਉਣ ਦੀ ਕੋਸ਼ਿਸ਼ ਕਰਾਂਗੇ । ਇਸ ਮੇਲੇ ਦੌਰਾਨ ਚਾਹ ਪਕੌੜੇ, ਮਿੱਠੇ ਚੌਲ, ਲੰਗਰ ਪ੍ਰਸ਼ਾਦਾ ਅਟੁੱਟ ਵਰਤਾਇਆ ਗਿਆ । ਇਸ ਮੌਕੇ ਵਿਸ਼ੇਸ਼ ਤੌਰ ਤੇ ਮੁੱਖ ਸੇਵਾਦਾਰ ਭਿੰਦਾ ਨਾਥ, ਪ੍ਰਧਾਨ ਸੂਰਜ ਅਟਵਾਲ, ਬਾਬਾ ਦਿਲਜੀਤ ਸਿੰਘ ਫਿਰੋਜ਼ਪੁਰ ਅਤੇ ਸੇਵਾਦਾਰ ਹਾਜ਼ਰ ਸਨ ।

# ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਇਨਕਲਾਬੀ ਸ਼ਰਧਾਂਜਲੀ ਸਭਾ

**ਰਤੀਆ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਕਿਸਾਨ ਰੈਸਟ ਹਾਊਸ ਵਿੱਚ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਜ਼ਿਲ੍ਹਾ ਕਮੇਟੀ ਫਤਿਆਬਾਦ ਵੱਲੋਂ ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਇਨਕਲਾਬੀ ਸ਼ਰਧਾਂਜਲੀ ਸਭਾ ਕਰਵਾਈ ਗਈ। ਇਸ ਦੀ ਪ੍ਰਧਾਨਗੀ ਜਸਪਾਲ ਸਿੰਘ ਖੁੰਡਨ, ਰੋਹਤਾਸ ਭੱਟੂ, ਪਰਮਜੀਤ ਵਾਲੀਆ ਨੇ ਸਾਂਝੇ ਤੌਰ 'ਤੇ ਕੀਤੀ। ਮੰਚ ਸੰਚਾਲਨ ਮੋਰਚੇ ਦੇ ਜ਼ਿਲ੍ਹਾ ਕੋਆਰਡੀਨੇਟਰ ਰਾਜੇਸ਼ ਚੌਬਾਰਾ ਨੇ ਕੀਤਾ।

ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਹਰਿਆਣਾ, ਇਮਾਰਤ ਅਤੇ ਅੰਡਰ ਕੰਸਟਰਕਸ਼ਨ ਵਰਕਰਜ਼ ਯੂਨੀਅਨ ਹਰਿਆਣਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪਸ਼ੂ ਪਾਲਣ ਅਤੇ ਖੇਤੀ ਮਜ਼ਦੂਰ ਯੂਨੀਅਨ ਹਰਿਆਣਾ ਮੋਰਚੇ ਦੇ ਕਾਰਕੁਨ ਹਾਜ਼ਰ ਸਨ।

ਸਾਥੀਆਂ ਤੇਜਿੰਦਰ ਸਿੰਘ ਰਤੀਆ ਅਤੇ ਆਜ਼ਾਦ ਸਿੰਘ ਮੀਰਾਂ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਤੇਜਿੰਦਰ ਰਤੀਆ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ।



ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਦੀ ਗੱਲ ਕਰੀਏ ਤਾਂ ਮੋਦੀ ਸਰਕਾਰ ਨੇ ਦੇਸ਼ ਨੂੰ ਲੁੱਟਣ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਦੇਸ਼ ਅਡਾਨੀ ਅਤੇ ਅੰਬਾਨੀ ਦੇ ਹਵਾਲੇ ਕਰ ਦਿੱਤਾ ਗਿਆ। ਦੇਸ਼ ਦੇ ਹਿੱਤ ਵਿੱਚ ਸਾਰੇ ਕਾਨੂੰਨ ਤੋੜ ਕੇ ਕਾਰਪੋਰੇਟ ਘਰਾਣਿਆਂ ਲਈ ਦੇਸ਼ ਨੂੰ ਗੁਲਾਮ ਬਣਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਦੇ ਨਾਂ 'ਤੇ ਉਨ੍ਹਾਂ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਸਿੱਖਿਆ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਤੇਜਿੰਦਰ ਨੇ ਕਿਹਾ ਕਿ ਹਰਿਆਣਾ ਸਰਕਾਰ ਜਨਰਲ ਡਾਇਰ ਤੋਂ ਘੱਟ ਨਹੀਂ ਹੈ। ਹਾਲ ਹੀ ਵਿੱਚ ਰਤੀਆ ਵਿੱਚ 13 ਪਰਿਵਾਰਾਂ 'ਤੇ ਨਾਜਾਇਜ਼ ਕਬਜ਼ਿਆਂ ਦੇ ਨਾਂ 'ਤੇ ਬੁਲਡੋਜ਼ਰ ਚਲਾ ਦਿੱਤਾ।

# ਜਲੰਧਰ ਇੰਪਰੂਵਮੈਂਟ ਟਰੱਸਟ ਲਈ ਜ਼ਮੀਨ ਪ੍ਰਾਪਤੀ ਘੁਟਾਲੇ ਵਿੱਚ 5,49,18,523 ਰੁਪਏ ਦਾ ਘਪਲਾ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਇੰਪਰੂਵਮੈਂਟ ਟਰੱਸਟ ਜਲੰਧਰ ਵੱਲੋਂ ਸੂਰਿਆ ਐਨਕਲੇਵ ਐਕਸਟੈਂਸ਼ਨ ਲਈ 94.97 ਏਕੜ ਜ਼ਮੀਨ ਐਕੁਆਇਰ ਕਰਨ ਦੌਰਾਨ ਹੋਏ ਘਪਲੇ ਦੇ ਸਬੰਧ ਵਿੱਚ ਪੰਜਾਬ ਸਿਵਲ ਸੇਵਾਵਾਂ (ਪੀ.ਸੀ.ਐਸ.) ਦੇ ਸੇਵਾਮੁਕਤ ਅਧਿਕਾਰੀ ਇਕਬਾਲ ਸਿੰਘ ਸੰਧੂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਉਕਤ ਅਧਿਕਾਰੀ ਉਸ ਸਮੇਂ ਐਸ.ਡੀ.ਐਮ-ਕਮ-ਭੂਮੀ ਗ੍ਰਹਿਣ



ਕੁਲੈਕਟਰ (ਐਲ.ਏ.ਸੀ.), ਇੰਪਰੂਵਮੈਂਟ ਟਰੱਸਟ ਜਲੰਧਰ ਵਜੋਂ ਤਾਇਨਾਤ ਸੀ।

ਇਸ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੜਤਾਲ ਦੌਰਾਨ ਇਹ ਪਾਇਆ ਗਿਆ ਕਿ ਉਕਤ ਜ਼ਮੀਨ ਦੇ ਅਸਲ ਮਾਲਕਾਂ ਨੂੰ ਮੁਆਵਜ਼ੇ ਦੀ ਅਦਾਇਗੀ ਸਮੇਂ ਅਸਲ ਲਾਭਪਾਤਰੀਆਂ ਦੀ ਥਾਂ 'ਤੇ ਜਾਅਲੀ ਦਸਤਾਵੇਜ਼ ਤਿਆਰ ਕੀਤੇ ਗਏ ਸਨ।

ਇਸ ਸਬੰਧੀ ਥਾਣਾ ਨਵੀਂ ਬਾਰਾਂਦਰੀ ਜਲੰਧਰ ਵਿਖੇ ਆਈ.ਪੀ.ਸੀ. ਦੀ ਧਾਰਾ 409, 419, 420, 465, 467, 468, 201, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 13 ਤਹਿਤ ਮੁਕੱਦਮਾ ਨੰਬਰ 244 ਮਿਤੀ 29-10-2013 ਦਰਜ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਇਹ ਕੇਸ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਵਿਜੀਲੈਂਸ ਵੱਲੋਂ ਉਕਤ ਟਰੱਸਟ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਮਿਲੀਭੁਗਤ ਨਾਲ 4,32,15,438 ਰੁਪਏ ਦੇ ਮੁਆਵਜ਼ੇ ਦੀ ਵੰਡ ਵਿੱਚ ਹੋਏ ਗਬਨ ਦੇ ਸਬੰਧ ਵਿੱਚ ਇਸ ਮਾਮਲਾ ਦੀ ਜਾਂਚ ਕੀਤੀ ਜਾ ਰਹੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਇਕਬਾਲ ਸਿੰਘ ਸੰਧੂ ਨੇ ਬਤੌਰ ਐਲ.ਏ.ਸੀ ਵਜੋਂ ਟਰੱਸਟ ਦੇ ਅਧਿਕਾਰੀਆਂ/ਕਰਮਚਾਰੀਆਂ ਅਤੇ ਉਸਦੇ ਜਾਣਕਾਰ ਮਨਜੀਤ ਸ਼ਰਮਾ ਵਾਸੀ ਅਮਨ ਨਗਰ, ਜਲੰਧਰ ਦੀ ਮਿਲੀਭੁਗਤ ਨਾਲ ਮਾਲਕਾਂ ਨੂੰ ਮੁਆਵਜ਼ੇ ਦਾ ਵੰਡ ਸਬੰਧੀ ਜਾਅਲੀ ਦਸਤਾਵੇਜ਼ ਨੱਥੀ ਕਰਕੇ ਫਾਈਲਾਂ ਤਿਆਰ ਕਰਵਾਈਆਂ ਸਨ। ਇਸ ਤੋਂ ਬਾਅਦ ਉਸ ਨੇ 3-4 ਦਿਨਾਂ ਵਿਚ ਇਨ੍ਹਾਂ ਫਾਈਲਾਂ ਦਾ ਨਿਬੇੜਾ ਕਰ ਦਿੱਤਾ ਅਤੇ 5,49,18,523 ਰੁਪਏ ਦੇ ਚੈੱਕ ਫਰਜ਼ੀ ਵਿਅਕਤੀਆਂ ਦੇ ਨਾਂ 'ਤੇ ਜਾਰੀ ਕੀਤੇ ਗਏ, ਜਦਕਿ ਇਹ ਵਿਅਕਤੀ ਅਸਲ ਵਿਚ ਮੁਆਵਜ਼ਾ ਲੈਣ ਦੇ ਹੱਕਦਾਰ ਨਹੀਂ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਇਹ ਵੀ ਪਤਾ ਲੱਗਾ ਹੈ ਕਿ ਮੁਲਜ਼ਮ ਇਕਬਾਲ ਸਿੰਘ ਸੰਧੂ ਉਕਤ ਕਥਿਤ ਮੁਲਜ਼ਮ ਮਨਜੀਤ ਸ਼ਰਮਾ ਦਾ ਕਾਫ਼ੀ ਕਰੀਬੀ ਹੈ, ਜਿਸਨੇ ਮਨਜੀਤ ਸਿੰਘ ਨੂੰ ਨਵਾਂ ਪਾਸਪੋਰਟ ਬਣਵਾਉਣ ਵਾਸਤੇ ਸਾਲ 2012 ਵਿਚ ਅਰਧ-ਸਰਕਾਰੀ ਪੱਤਰ (ਡੀ.ਈ. ਲੈਟਰ) ਵੀ ਦਿੱਤਾ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ 14 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚ ਉਕਤ ਮਨਜੀਤ ਸ਼ਰਮਾ, ਨਗਰ ਸੁਧਾਰ ਟਰੱਸਟ ਜਲੰਧਰ ਦਾ ਮੁਲਾਜ਼ਮ ਅਤੇ ਵਾਸੀ ਪਿੰਡ ਬਿਲਗਾ ਜ਼ਿਲ੍ਹਾ ਜਲੰਧਰ, ਸੁਖਦੇਵ ਸਿੰਘ ਪਟਵਾਰੀ, ਪ੍ਰੇਮ ਪ੍ਰਕਾਸ਼ ਨੰਬਰਦਾਰ ਵਾਸੀ ਪਿੰਡ ਪੂਰਨਪੁਰ ਜ਼ਿਲ੍ਹਾ ਜਲੰਧਰ, ਐਡਵੋਕੇਟ ਮੋਹਿਤ ਭਾਰਦਵਾਜ ਵਾਸੀ ਨਿਊ ਸੰਤੋਖਪੁਰਾ ਜ਼ਿਲ੍ਹਾ ਜਲੰਧਰ, ਐਡਵੋਕੇਟ ਦੀਪਕ ਸਡਾਨਾ ਵਾਸੀ ਛੋਟੀ ਬਾਰਾਂਦਰੀ ਜ਼ਿਲ੍ਹਾ ਜਲੰਧਰ, ਅਮਨਦੀਪ ਸਿੰਘ ਨੰਬਰਦਾਰ ਵਾਸੀ ਨਿਊ ਸਰਜਗੰਜ ਜ਼ਿਲ੍ਹਾ ਜਲੰਧਰ, ਕੁਲਵੰਤ ਸਿੰਘ ਵਾਸੀ ਪਿੰਡ ਬਘਾਣਾ ਜ਼ਿਲ੍ਹਾ ਕਪੂਰਥਲਾ, ਜਤਿੰਦਰ ਕੁਮਾਰ ਸ਼ਰਮਾ ਵਾਸੀ ਨਿਊ ਲਕਸ਼ਮੀਪੁਰੀ, ਜ਼ਿਲ੍ਹ ਬਿਲਗਾ ਜ਼ਿਲ੍ਹਾ ਜਲੰਧਰ ਸ਼ਾਮਲ ਹਨ।

# ਦੋਰਾਹਾ ਉਪ ਮੰਡਲ ਅਧੀਨ ਸਰਹਿੰਦ ਨਹਿਰ 'ਤੇ ਉਸਾਰੀਆਂ ਸਾਖਾਵਾਂ 'ਚ ਮੱਛੀ ਫੜਨ ਦੀ ਬੋਲੀ 20 ਅਗਸਤ ਨੂੰ

**ਲੁਧਿਆਣਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਅਫ਼ਸਰ ਦੋਰਾਹਾ ਦਿਵਾਂਸ਼ੂ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਪੜ ਹੈਡ ਵਰਕਸ ਮੰਡਲ ਸਰਹਿੰਦ ਨਹਿਰ ਦੇ ਉਪ ਮੰਡਲ ਦੋਰਾਹਾ ਅਧੀਨ ਪੈਂਦੀ ਸਰਹਿੰਦ ਨਹਿਰ ਅਤੇ ਉਸਾਰੀਆਂ ਸਾਖਾਵਾਂ 'ਤੇ ਮੱਛੀ ਫੜਨ ਦੀ ਨਿਲਾਮੀ ਸਬੰਧੀ ਬੋਲੀ 20 ਅਗਸਤ, 2024 ਦੋਰਾਹਾ ਉਪ ਮੰਡਲ ਸ.ਨ. ਦੋਰਾਹਾ ਦੇ ਦਫ਼ਤਰ ਵਿਖੇ ਸਵੇਰੇ 11 ਵਜੇ ਕੀਤੀ ਜਾਵੇਗੀ ਅਤੇ ਇਸ ਦੀ ਮਿਆਦ 01-09-2024 ਤੋਂ 31-08-2025 ਤੱਕ ਹੋਵੇਗੀ।

ਜ਼ਿਕਰਯੋਗ ਹੈ ਕਿ ਰੋਪੜ ਹੈਡ ਵਰਕਸ ਮੰਡਲ ਸਰਹਿੰਦ ਨਹਿਰ ਦੇ ਉਪ ਮੰਡਲ ਦੋਰਾਹਾ ਅਧੀਨ ਪੈਂਦੀ ਸਰਹਿੰਦ ਨਹਿਰ ਅਤੇ ਉਸਾਰੀਆਂ ਸਾਖਾਵਾਂ 'ਤੇ ਹਰ ਸਾਲ ਮੱਛੀ ਫੜਨ 'ਤੇ ਨਿਲਾਮੀ ਬੋਲੀ ਕੀਤੀ ਜਾਂਦੀ ਹੈ।

ਉਪ ਮੰਡਲ ਅਫ਼ਸਰ ਦੋਰਾਹਾ ਦਿਵਾਂਸ਼ੂ ਸ਼ਰਮਾ ਵੱਲੋਂ ਸਾਖਾਵਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ ਸਰਹਿੰਦ ਨਹਿਰ, ਬੁਰਜੀ 1,30,000 ਤੋਂ 1,94,000 ਤੱਕ, ਪਟਿਆਲਾ ਨਹਿਰ ਬੁਰਜੀ 500 ਤੋਂ 3000 ਤੱਕ, ਕੰਬਾਇਡ ਬਰਾਂਚ ਬੁਰਜੀ 500 ਤੋਂ 10,000, ਅਬੋਹਰ ਬਰਾਂਚ, ਬੁਰਜੀ 500 ਤੋਂ 1,04,000 ਤੱਕ, ਬਠਿੰਡਾ ਬਰਾਂਚ ਬੁਰਜੀ 500 ਤੋਂ 1,08,000 ਤੱਕ ਅਤੇ ਸਿੱਧਵਾਂ ਬਰਾਂਚ ਬੁਰਜੀ 500 ਤੋਂ 2000 ਤੱਕ ਹੈ।

ਬੋਲੀ ਦੀਆਂ ਸ਼ਰਤਾਂ ਸਬੰਧੀ ਉਨ੍ਹਾਂ ਦੱਸਿਆ ਕਿ ਬੋਲੀ ਮਨਜ਼ੂਰ ਕਰਨ ਦਾ ਅਧਿਕਾਰ ਕਾਰਜਕਾਰੀ ਇੰਜੀਨੀਅਰ ਹੈੱਡ ਵਰਕਸ ਮੰਡਲ ਸ.ਨ. ਰੋਪੜ ਕੋਲ ਹੈ, ਸਫਲ ਬੋਲੀਕਾਰ ਤੇ ਬੋਲੀ ਦੀ ਰਕਮ ਮੌਕੇ 'ਤੇ ਹੀ ਜਮ੍ਹਾ ਕਰਵਾ ਲਈ ਜਾਵੇਗੀ, ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਬੋਲੀ ਰੱਦ ਸਮਝੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬੋਲੀ ਉਪਰੋਕਤ ਰੀਚਾਂ ਅਨੁਸਾਰ ਹੋਵੇਗੀ ਅਤੇ ਸਫਲ ਬੋਲੀਕਾਰ ਨੂੰ ਆਪਣੀ ਸਫਲ ਬੋਲੀ ਤੇ ਲਈ ਰੀਚ ਵਿੱਚੋਂ ਹੀ ਮੱਛੀਆਂ ਫੜਨ ਦਾ ਅਧਿਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਮਹੀਨਾ ਜੁਲਾਈ ਅਤੇ ਅਗਸਤ ਵਿੱਚ ਮੱਛੀ ਫੜਨ ਦੀ ਮਨਾਹੀ ਹੈ। ਬੋਲੀਕਾਰ ਨੂੰ ਮੱਛੀ ਫੜਨ ਲਈ ਜ਼ਹਿਰੀਲੀ ਦਵਾਈ ਜਾਂ ਬਿਜਲੀ ਦਾ ਕਰੰਟ ਵਰਤਣ ਦੀ ਮਨਾਹੀ ਹੋਵੇਗੀ। ਬੋਲੀਕਾਰ ਮੱਛੀ ਫੜਨ ਸਮੇਂ ਨਹਿਰਾਂ/ਬਰਾਂਚਾ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗਾ ਅਤੇ ਨਾ ਹੀ ਮਨਾਹੀ ਵਾਲੇ ਏਰੀਏ ਵਿੱਚ ਮੱਛੀ ਫੜੇਗਾ। ਬੋਲੀ ਵਾਲੇ ਦਿਨ ਜੇਕਰ ਛੁੱਟੀ ਹੋ ਜਾਂਦੀ ਹੈ ਤਾਂ ਅਗਲੇ ਕੰਮ ਵਾਲੇ ਦਿਨ ਬੋਲੀ ਹੋਵੇਗੀ।

ਇਸ ਤੋਂ ਇਲਾਵਾ ਬੋਲੀਕਾਰ ਆਪਣੇ ਨਾਲ ਆਪਣੇ ਅਸਲ ਰਿਹਾਇਸ਼ੀ ਸਬੂਤ ਸਮੇਤ ਫੋਟੋ ਕਾਪੀ ਨਾਲ ਲੈ ਕੇ ਆਉਣ।

# ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਬੇਕਰੀ ਅਤੇ ਕੰਫੈਕਸ਼ਨਰੀ ਸੰਬੰਧੀ ਸਿਖਲਾਈ ਕੋਰਸ 5 ਅਗਸਤ ਤੋਂ

**ਫ਼ਤਹਿਗੜ੍ਹ ਸਾਹਿਬ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਦੇ ਗ੍ਰਹਿ ਵਿਗਿਆਨ ਵਿਭਾਗ ਵਿਖੇ 5 ਤੋਂ 9 ਅਗਸਤ 2024 ਨੂੰ ਬੇਕਰੀ ਅਤੇ ਕੰਫੈਕਸ਼ਨਰੀ ਸੰਬੰਧੀ ਸਿਖਲਾਈ ਕੋਰਸ ਲਗਾਇਆ ਜਾ ਰਿਹਾ ਹੈ। ਡਾ. ਵਿੱਪਨ ਕੁਮਾਰ ਰਾਮਪਾਲ ਸਹਿਯੋਗੀ ਡਾਇਰੈਕਟਰ (ਸਿਖਲਾਈ) ਨੇ ਦੱਸਿਆ ਕਿ ਇਸ ਕੋਰਸ ਦੌਰਾਨ ਸਿਖਿਆਰਥੀਆਂ ਨੂੰ ਇਸ ਟ੍ਰੇਨਿੰਗ ਦੌਰਾਨ ਕੇਕ, ਬਿਸਕੁਟ, ਮਫਿਨ, ਚਾਕਲੇਟ ਬਣਾਉਣ ਬਾਰੇ ਦੱਸਿਆ ਜਾਵੇਗਾ, ਜੋ ਕਿ ਸਿਖਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗਾ। ਇਸ ਕੋਰਸ ਵਿੱਚ ਭਾਗ ਲੈਣ ਲਈ ਸਿਖਿਆਰਥੀਆਂ 5 ਅਗਸਤ ਨੂੰ ਸਵੇਰੇ 10.00 ਵਜੇ ਕ੍ਰਿਸ਼ੀ ਵਿਗਿਆਨ ਕੇਂਦਰ ਸ਼ਮਸ਼ੇਰ ਨਗਰ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ।ਇਸ ਕੋਰਸ ਦੇ ਅੰਤ ਵਿੱਚ ਸਿਖਿਆਰਥੀਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋ ਸਰਟੀਫਿਕੇਟ ਵੀ ਜਾਰੀ ਕੀਤੇ ਜਾਣਗੇ।

# ਪੁਲਿਸ ਅਫਸਰ ਦੇ ਜੱਦੀ ਪਿੰਡ ਤੱਕ ਪਹੁੰਚਾਉਣ ਲਈ ਪੁਲਿਸ ਐਸਕਾਰਟ ਪ੍ਰਦਾਨ ਕੀਤੀ

**ਜਲੰਧਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਵਾਮੁਕਤ ਸਬ-ਇੰਸਪੈਕਟਰ ਨਿਰਮਲ ਸਿੰਘ ਨੇ ਸ੍ਰੀ ਸਵਪਨ ਸ਼ਰਮਾ, ਆਈ.ਪੀ.ਐਸ., ਪੁਲਿਸ ਕਮਿਸ਼ਨਰ, ਜਲੰਧਰ ਨੂੰ ਇੱਕ ਸਰਕਾਰੀ ਗੱਡੀ ਵਿੱਚ ਉਸ ਨੂੰ ਉਸਦੇ ਜੱਦੀ ਪਿੰਡ ਜਾਣ ਦੀ ਇੱਛਾ ਪ੍ਰਗਟਾਈ। ਪੁਲਿਸ ਕਮਿਸ਼ਨਰ ਜਲੰਧਰ ਨੇ ਉਸਦੀ ਬੇਨਤੀ ਨੂੰ ਮੰਨਦੇ ਹੋਏ ਪੁਲਿਸ ਐਸਕੋਰਟ ਪ੍ਰਦਾਨ ਕਰਕੇ ਉਸਦੇ ਜੱਦੀ ਪਿੰਡ ਪਹੁੰਚਾਇਆ।

ਟੈਕਨੀਕਲ ਸਪੋਰਟ ਸਰਵਿਸ ਵਿੱਚ ਸੇਵਾ ਨਿਭਾਉਣ ਵਾਲੇ ਸਬ-ਇੰਸਪੈਕਟਰ ਨਿਰਮਲ ਸਿੰਘ ਪੰਜਾਬ ਪੁਲਿਸ ਵਿੱਚ 32 ਸਾਲ ਦੀ ਸਮਰਪਿਤ ਸੇਵਾ ਪੂਰੀ ਕਰਨ ਤੋਂ ਬਾਅਦ ਸੇਵਾਮੁਕਤ ਹੋਏ। ਸ੍ਰੀ ਸਵਪਨ ਸ਼ਰਮਾ, ਆਈ.ਪੀ.ਐਸ., ਪੁਲਿਸ ਕਮਿਸ਼ਨਰ, ਜਲੰਧਰ ਨੇ ਸਬ-ਇੰਸਪੈਕਟਰ ਨਿਰਮਲ ਸਿੰਘ ਨੂੰ ਸੇਵਾਮੁਕਤ ਹੋਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ।

ਜਲੰਧਰ ਪੁਲਿਸ ਜਦੋਂ ਵੀ ਸੰਭਵ ਹੋਵੇ - ਸੇਵਾ ਕਰ ਰਹੇ ਅਤੇ ਸੇਵਾਮੁਕਤ ਕਰਮਚਾਰੀਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

# ਪਿੰਡ ਕਰੋੜਾ ਦੀ ਰਾਉ ਨਦੀ 'ਚੋਂ ਕੁਝ ਦੂਰੀ ਤੇ ਇੱਕ ਕਾਰ ਅਤੇ ਲਾਸ਼ ਮਿਲਣ ਕਾਰਨ ਇਲਾਕੇ 'ਚ ਹਲਚਲ

**ਨਿਊ ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਯਾਗਾਂਵ ਵਿੱਚ ਕਰੋੜਾ ਦੀ ਗੁੱਗਾਮਾੜੀ ਜੋ ਕਿ ਪਟਿਆਲਾ ਦੀ ਰਾਉ ਨਦੀ ਦੇ ਨੇੜੇ ਬਣੀ ਹੈ। ਉਧਰੋਂ ਜਦੋਂ ਪਟਿਆਲਾ ਦੇ ਰਾਉ ਵਿਖੇ ਪਾਣੀ ਦਾ ਪੱਧਰ ਘਟਿਆ ਤਾਂ ਅੱਜ ਸ਼ਾਮ ਨੂੰ ਇੱਕ ਵੇਨਿਊ ਕਾਰ ਖਸਤਾ ਹਾਲਤ ਵਿੱਚ ਮਿਲੀ, ਜਿਸ ਦੀ ਸੂਚਨਾ ਪਿੰਡ ਟਾਂਡਾ ਦੇ ਲੋਕਾਂ ਵੱਲੋਂ ਪੁਲਿਸ ਨੂੰ ਦਿੱਤੀ ਗਈ, ਜਦੋਂ ਉਹ ਉਸ ਕਾਰ ਨੂੰ ਲੈਣ ਗਏ ਤਾਂ ਫਿਰ ਕਿਸੇ ਨੇ ਸੂਚਨਾ ਦਿੱਤੀ ਕਿ ਪਾਣੀ ਦੇ ਤੇਜ਼ ਵਹਾਅ ਕਾਰਨ ਕਰੀਬ 500 ਮੀਟਰ ਦੀ ਦੂਰੀ 'ਤੇ ਇਕ ਲੜਕੇ ਦੀ ਲਾਸ਼ ਵੀ ਨੰਗੀ ਪਈ ਹੈ, ਜਦੋਂ ਪੁਲਸ ਨੇ ਉਸ ਲਾਸ਼ ਨੂੰ ਦੇਖਿਆ ਤਾਂ ਉਨ੍ਹਾਂ ਨੇ ਇਸ ਨੂੰ ਕਿਸੇ ਅਣਪਛਾਤੇ ਵਿਅਕਤੀ ਦੀ ਲਾਸ਼ ਸਮਝ ਕੇ ਮੁਰਦਾਘਰ 'ਚ ਰਖਵਾ ਦਿੱਤਾ ਹੈ। ਸਿਵਲ ਹਸਪਤਾਲ ਖਰੜਾ ਅਤੇ ਥਾਣਾ ਇੰਚਾਰਜ ਇੰਸਪੈਕਟਰ ਜੈਦੀਪ ਜਾਖੜ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ। ਪਰ ਪ੍ਰਾਪਤ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਲੜਕਾ-ਲੜਕੀ ਲੁਧਿਆਣਾ ਦੇ ਵਸਨੀਕ ਹਨ ਅਤੇ ਇਨ੍ਹਾਂ ਨੇ ਮੋਹਾਲੀ ਦੀ ਇਕ ਕੰਪਨੀ ਤੋਂ ਸੈਲਫ ਡਰਾਈਵ ਲਈ ਕਾਰ ਕਿਰਾਏ 'ਤੇ ਲਈ ਸੀ ਅਤੇ ਸੈਰ ਕਰਨ ਲਈ ਨਿਕਲੇ ਸਨ ਅਤੇ ਰਸਤੇ 'ਚ ਉਹ ਨੇੜੇ



ਹੀ ਰੁਕ ਗਏ ਸਨ। ਪਿੰਡ ਟਾਂਡਾ ਕਰੋੜਾ ਦੇ ਇੱਕ ਵਿਅਕਤੀ ਨੇ ਦੇਖਿਆ ਤਾਂ ਉਸ ਨੇ ਕਿਹਾ ਕਿ ਤੁਸੀਂ ਜਲਦੀ ਇੱਥੋਂ ਚਲੇ ਜਾਓ, ਇਸ ਦਰਿਆ ਵਿੱਚ ਪਤਾ ਨਹੀਂ ਕਦੋਂ ਤੇਜ਼ ਕਰੰਟ ਆ ਜਾਵੇਗਾ, ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਹਨ।

ਪਰ ਜਦੋਂ ਉਹ ਹੱਸਣ ਲੱਗਾ ਤਾਂ ਪਿੰਡ ਵਾਲਾ ਚਲਾ ਗਿਆ ਅਤੇ ਦੱਸਿਆ ਕਿ ਇਹ ਉਹੀ ਕਾਰ ਸੀ ਜੋ ਉਸ ਨੇ ਦੇਖੀ ਸੀ। ਹੁਣ ਪੁਲਿਸ ਦੋਵਾਂ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜਦੋਂ ਉਸ ਸੈਲਫ ਡਰਾਈਵ ਲਈ ਕਾਰ ਮੁਹੱਈਆ ਕਰਾਉਣ ਵਾਲੇ ਵਿਅਕਤੀ ਦਾ ਪਤਾ ਲੱਗ ਜਾਂਦਾ ਹੈ ਤਾਂ ਉਸ ਦਾ ਆਧਾਰ ਕਾਰਡ ਵੀ ਪ੍ਰਾਪਤ ਕਰ ਲਿਆ ਜਾਵੇਗਾ। ਪਤਾ ਲੱਗਾ ਹੈ ਕਿ ਉਪਰੋਂ ਹਿਮਾਚਲ ਵਿਚ ਭਾਰੀ ਮੀਂਹ ਪੈ ਰਿਹਾ ਹੈ ਅਤੇ ਪਤਾ ਲੱਗਾ ਹੈ ਕਿ ਬੱਦਲ ਵੀ ਫਟ ਗਿਆ ਸੀ ਜਿਸ ਕਾਰਨ ਪਾਣੀ ਦਾ ਵਹਾਅ ਬਹੁਤ ਤੇਜ਼ ਸੀ। ਇੱਥੇ ਪਟਿਆਲਾ ਦੀ ਰਾਉ ਨਦੀ ਵਿੱਚ ਹਰ ਬਰਸਾਤ ਦੇ ਮੌਸਮ ਵਿੱਚ ਕੋਈ ਨਾ ਕੋਈ ਹਾਦਸਾ ਵਾਪਰ ਜਾਂਦਾ ਹੈ, ਇਨ੍ਹਾਂ ਦਿਨਾਂ ਵਿੱਚ ਪਿੰਡ ਟਾਂਡਾ ਦੀ ਪੰਚ ਸੁਨੀਤਾ ਅਤੇ ਉਸ ਦਾ ਪਤੀ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ ਸਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਪਿੰਡ ਧਨਾਸ। ਨੇੜੇ ਹੀ ਮਿਲੀਆਂ ਸਨ।

# ਕੋਚਿੰਗ ਸੈਂਟਰ ਮਾਮਲਾ: ਦਿੱਲੀ ਹਾਈ ਕੋਰਟ ਵੱਲੋਂ ਅਧਿਕਾਰੀਆਂ ਦੀ ਖਿਚਾਈ

**ਨਵੀਂ ਦਿੱਲੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈ ਕੋਰਟ ਨੇ ਇੱਥੋਂ ਦੇ ਇੱਕ ਕੋਚਿੰਗ ਸੈਂਟਰ ਦੀ ਇਮਾਰਤ ਦੀ 'ਬੇਸਮੈਂਟ' ਵਿੱਚ ਪਾਣੀ ਭਰਨ ਕਾਰਨ ਸਿਵਲ ਸੇਵਾਵਾਂ ਦੇ ਤਿੰਨ ਉਮੀਦਵਾਰਾਂ ਦੀ ਮੌਤ ਦੇ ਮਾਮਲੇ ਵਿੱਚ ਅੱਜ ਅਧਿਕਾਰੀਆਂ ਦੀ ਖਿਚਾਈ ਕਰਦਿਆਂ ਕਿਹਾ ਕਿ ਜਦੋਂ ਮੁਫ਼ਤ ਦੀਆਂ ਸੌਗਾਤਾਂ ਵੰਡਣ ਦੇ ਸਭਿਆਚਾਰ ਕਾਰਨ ਕਰ ਇਕੱਠਾ ਨਹੀਂ ਹੁੰਦਾ ਤਾਂ ਅਜਿਹੇ ਦੁਖਾਂਤ ਵਾਪਰਨਾ ਸੁਭਾਵਕ ਹੈ।

ਕਾਰਜਕਾਰੀ ਚੀਫ਼ ਜਸਟਿਸ ਮਨਮੋਹਨ ਸਿੰਘ ਅਤੇ ਜਸਟਿਸ ਤੁਸ਼ਾਰ ਰਾਓ ਦੀ ਬੈਂਚ ਨੇ ਕਿਹਾ ਕਿ ਇੱਕ 'ਅਜੀਬ ਜਾਂਚ' ਚੱਲ ਰਹੀ ਹੈ ਜਿਸ ਵਿੱਚ ਕੋਚਿੰਗ ਸੈਂਟਰ ਨੇੜਿਓਂ ਲੰਘ ਰਹੀ ਕਾਰ ਦੇ ਚਾਲਕ ਖ਼ਿਲਾਫ਼ ਪੁਲੀਸ ਕਾਰਵਾਈ ਕੀਤੀ ਗਈ ਹੈ, ਪਰ ਦਿੱਲੀ ਨਗਰ ਨਿਗਮ (ਐੱਮਸੀਡੀ) ਦੇ ਅਧਿਕਾਰੀਆਂ ਖ਼ਿਲਾਫ਼ ਨਹੀਂ। ਬੈਂਚ ਨੇ ਕਿਹਾ ਕਿ ਬਹੁ-ਮੰਜ਼ਿਲਾ ਇਮਾਰਤਾਂ ਨੂੰ ਚਲਾਉਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ, ਪਰ ਪਾਣੀ ਦੀ ਨਿਕਾਸੀ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ। ਉਧਰ, ਦਿੱਲੀ ਸਰਕਾਰ ਦੇ ਮੁੱਖ ਸਕੱਤਰ ਨੇ ਕਿਹਾ ਕਿ ਡਰੇਨਾਂ ਦੀ ਸਾਫ਼-ਸਫ਼ਾਈ ਦਾ ਕੰਮ ਤੀਸਰੀ ਧਿਰ ਤੋਂ ਆਡਿਟ ਨਾ ਕਰਵਾਏ ਜਾਣ ਤੱਕ ਠੇਕੇਦਾਰਾਂ ਨੂੰ ਅਦਾਇਗੀ ਨਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

# ਸੀਵਰੇਜ ਦੀ ਸਮੱਸਿਆ ਤੋਂ ਅੱਕੇ ਮੁਹੱਲਾ ਨਿਵਾਸੀਆਂ ਦੇ ਵਫਦ ਨੂੰ ਐਸ.ਡੀ.ਐਮ ਦੇ ਨਾਂ ਨਾਇਬ ਤਹਿਸੀਲਦਾਰ ਨੂੰ ਸੌਂਪਿਆ ਮੰਗ ਪੱਤਰ

**ਧੂਰੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 16,18 ਤੇ 19 ਅੰਦਰ ਸੀਵਰੇਜ ਦੀ ਨਿਕਾਸੀ ਦੀ ਸਮੱਸਿਆ ਨੂੰ ਲੈਕੇ ਅੱਜ ਮੁਹੱਲਾ ਵਾਸੀਆਂ ਦਾ ਇਕ ਵਫਦ ਐਸ.ਡੀ.ਐਮ ਦਫਤਰ ਪੁੱਜਾ। ਜਿਥੇ ਮੁਹੱਲਾ ਵਾਸੀਆਂ ਵੱਲੋਂ ਨਾਇਬ ਤਹਿਸੀਲਦਾਰ ਵਿਸ਼ਵਇੰਦਰ ਪਾਂਡੇ ਨੂੰ ਐਸ.ਡੀ.ਐਮ ਧੂਰੀ ਦੇ ਨਾਂ ਇਕ ਮੰਗ ਪੱਤਰ ਸੌਂਪਿਆ ਗਿਆ। ਜਿਨ੍ਹਾਂ ਵੱਲੋਂ ਸਮੱਸਿਆ ਦੇ ਜਲਦ ਹੱਲ ਦਾ ਭਰੋਸਾ ਦਿਵਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਬਕਾ ਕੌਂਸਲਰ ਅਮਰੀਕ ਸਿੰਘ ਕਾਲਾ, ਦੀਪਕ ਸਿੰਗਲਾ, ਰਿੱਕੀ, ਗਗਨਦੀਪ ਆਦਿ ਨੇ ਕਿਹਾ ਕਿ ਸੀਵਰੇਜ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਮੁਹੱਲਾ ਵਾਸੀ ਪਿਛਲੇ ਕਰੀਬ 2 ਮਹੀਨੇ ਤੋਂ ਨਰਕ ਭਰੀ ਜਿੰਦਗੀ ਵਤੀਤ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਸੀਵਰੇਜ ਜਾਮ ਹੋਣ ਕਾਰਨ ਅਕਸਰ ਗੰਦਾ ਪਾਣੀ ਗਲੀਆਂ 'ਚ ਜਮਾ ਹੋ ਜਾਂਦਾ ਹੈ, ਜਿਸ ਕਾਰਨ ਆਮ ਲੋਕਾਂ ਤੇ ਸਕੂਲੀ ਬੱਚਿਆਂ ਦਾ ਲੰਘਣਾ ਵੀ ਦੁੱਭਰ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਬਰਸਾਤ ਸਮੇਂ ਤਾਂ ਹਾਲਾਤ ਹੋਰ ਵੀ ਬੱਦਤਰ ਬਣ ਜਾਂਦੇ ਹਨ ਅਤੇ ਮੁਹੱਲਾ ਨਿਵਾਸੀਆਂ ਨੂੰ ਹਰ ਸਮੇਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸੀਵਰੇਜ ਦੀਆਂ ਤਿੰਨ-ਤਿੰਨ ਮੋਟਰਾਂ ਹੋਣ ਦੇ ਬਾਵਜੂਦ ਵੀ ਬੰਦ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਬਾਰ-ਬਾਰ ਨਗਰ ਕੌਂਸਲ ਤੇ ਸੀਵਰੇਜ ਦੇ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਦੇ ਬਾਵਜੂਦ ਵੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ ਅਤੇ ਪ੍ਰਸ਼ਾਸਨ ਵੱਲੋਂ ਕਾਰਵਾਈ ਦੇ ਨਾਂ 'ਤੇ ਟੈਂਕਰਾਂ ਰਾਹੀਂ ਪਾਣੀ ਕੱਢਵਾ ਦਿੱਤਾ ਜਾਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਮੋਟਰਾਂ ਨੂੰ ਤੁਰੰਤ ਚਲਵਾਇਆ ਜਾਵੇ, ਸੀਵਰੇਜ ਦੀ ਸਫਾਈ ਕਰਵਾ ਕੇ ਬੰਦ ਪਈਆਂ ਲਾਈਨਾਂ ਖੁਲਵਾਈਆਂ ਜਾਣ, ਨਵੀਂ ਲਗਾਈ ਗਈ

ਮੋਟਰ ਜੋ 2 ਘੰਟੇ ਚੱਲਕੇ ਬੰਦ ਹੋ ਗਈ ਉਸ ਸੰਬੰਧੀ ਜਾਂਚ ਕਰਵਾਈ ਜਾਵੇ, ਜਦੋਂ ਤੱਕ ਮੋਟਰਾਂ ਚਾਲੂ ਨਹੀਂ ਹੁੰਦੀਆਂ ਉਦੋਂ ਤੱਕ ਇੰਜਣ ਰਾਹੀਂ ਪਾਣੀ ਦੀ ਨਿਕਾਸੀ ਕਰਵਾਈ ਜਾਵੇ ਅਤੇ ਸੀਵਰੇਜ ਦਾ ਰੱਖ-ਰਖਾਅ ਕਰ ਰਹੀ ਕੰਪਨੀ ਦੇ ਅਧਿਕਾਰੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ। ਜੇਕਰ ਜਲਦ ਸਾਡੀ ਸਮੱਸਿਆ ਦਾ ਹੱਲ ਨਹੀਂ ਹੁੰਦਾ ਤਾਂ ਮੁਹੱਲਾ ਨਿਵਾਸੀ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਕੌਮਾਂਤਰੀ ਸਰਹੱਦ ਨੇੜੇ ਉੱਚੀਆ ਵੱਧਣ ਵਾਲੀਆਂ ਫਸਲਾਂ ਬੀਜਣ ਦੀ ਮਨਾਹੀ

**ਫਾਜ਼ਿਲਕਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਡਾ. ਸੇਨੂ ਦੁੱਗਲ ਨੇ ਬੀ.ਐਨ.ਐਸ.ਐਸ ਦੀ ਧਾਰਾ 163 ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਅੰਦਰ ਕੌਮਾਂਤਰੀ ਸਰਹੱਦ ਨੇੜੇ ਉੱਚੀਆ ਵੱਧਣ ਵਾਲੀਆਂ ਫਸਲਾਂ ਬੀਜਣ ਦੀ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ।ਇਹ ਪਾਬੰਦੀ 35 ਅਗਸਤ 2024 ਤੱਕ ਲਾਗੂ ਰਹੇਗੀ ਅਤੇ ਉਲੰਘਣਾ ਕਰਨ ਵਾਲਿਆਂ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਕੌਮਾਂਤਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਤਾਰ ਦਰਮਿਆਨ ਅਤੇ ਤਾਰ ਤੋਂ ਭਾਰਤ ਵਾਲੇ ਪਾਸੇ 70 ਤੋਂ 100 ਮੀਟਰ ਥਾਂ 'ਤੇ ਉੱਚੀਆਂ ਫ਼ਸਲਾਂ ਜਿਵੇਂ ਬੀ.ਟੀ. ਨਰਮਾ, ਮੱਕੀ, ਗਵਾਰਾ, ਜਵਾਰ, ਗੰਨਾ, ਸਰੋਂ, ਤੋਰੀਆ, ਸੂਰਜਮੁਖੀ ਅਤੇ ਅਜਿਹੀਆਂ ਹੋਰ ਉੱਚੀਆਂ ਵਧਣ ਵਾਲੀਆਂ ਫ਼ਸਲਾਂ ਬੀਜਣ ਦੀ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ।

ਬੀ.ਐਸ.ਐਫ. ਦੇ ਅਧਿਕਾਰੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੌਮਾਂਤਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਤਾਰ ਵਿਚਕਾਰ ਕੁਝ ਕਿਸਾਨ ਬੀ.ਟੀ. ਨਰਮਾ, ਮੱਕੀ, ਗਵਾਰਾ, ਜਵਾਰ, ਗੰਨਾ, ਸਰੋਂ, ਤੋਰੀਆ, ਸੂਰਜਮੁਖੀ ਅਤੇ 4.5 ਫ਼ੁਟ ਤੋਂ ਉੱਚੀਆਂ ਹੋਣ ਵਾਲੀਆਂ ਅਜਿਹੀਆਂ ਹੋਰ ਫ਼ਸਲਾਂ ਬੀਜ ਰਹੇ ਹਨ ਜਿਸ ਕਰਕੇ ਇਹ ਪਾਬੰਦੀ ਲਗਾਈ ਗਈ ਹੈ।

# ਪ੍ਰਕਾਸ਼ ਸਿੰਘ ਬਾਦਲ ਦੀਆਂ ਸੱਜੀਆਂ-ਖੱਬੀਆਂ ਬਾਹਾਂ ਰਹੇ ਢੀਂਡਸਾ ਤੇ ਭੂੰਦੜ ਅੱਜ ਆਹਮੋ-ਸਾਹਮਣੇ !

ਏਜੰਸੀਆਂ

ਲੁਧਿਆਣਾ 5 ਅਗਸਤ। ਸ਼੍ਰੋਮਣੀ ਅਕਾਲੀ ਦਲ ਦੇ ਦੋ ਪੁਰਾਣੇ ਦੇ ਘਾਗ ਆਗੂ ਜੋ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ 45 ਸਾਲ ਸੱਜੀਆਂ-ਖੱਬੀਆਂ ਬਾਹਾਂ ਬਣ ਕੇ ਅਕਾਲੀ ਖੇਮੇ ਵਿਚ ਵਿਚਰਦੇ ਰਹੇ ਅਤੇ ਇਨ੍ਹਾਂ ਘਾਗ ਆਗੂਆਂ ਬਾਰੇ ਚਰਚਾ ਹੁੰਦੀ



ਸੀ ਕਿ ਜੋ ਇਨ੍ਹਾਂ ਨੇ ਆਖ ਦਿੱਤਾ, ਉਹ ਪੱਥਰ 'ਤੇ ਲਕੀਰ ਹੁੰਦੀ ਸੀ ਜਿਸ ਦੇ ਚਲਦੇ ਇਹ ਕਈ ਵਾਰੀ ਚੋਣਾਂ ਵੀ ਹਾਰੇ ਪਰ 17 ਸਾਲ ਦੇ ਲਗਭਗ ਇਹ ਦੋਵੇਂ ਨੇਤਾ ਮੈਂਬਰ ਰਾਜ ਸਭਾ ਬਣ ਕੇ ਅਕਾਲੀ ਦਲ ਵਿਚ ਇਕ ਦੂਜੇ ਦਾ ਪਰਛਾਵਾਂ ਬਣ ਕੇ ਵਿਚਰਦੇ ਰਹੇ। ਇਨ੍ਹਾਂ ਦੀ ਜੋੜੀ ਬਾਰੇ ਕਈ ਤਰ੍ਹਾਂ ਦੀਆਂ ਚਰਚਾਵਾਂ ਅਤੇ ਉਦਾਹਰਨਾਂ ਅਕਾਲੀ ਦਲ ਵਿਚ ਆਮ ਹੀ ਸੁਣਨ ਨੂੰ ਮਿਲਦੀਆਂ ਸਨ। ਇਹ ਸਨ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਅਤੇ ਸਾਬਕਾ ਮੰਤਰੀ ਬਲਵਿੰਦਰ ਸਿੰਘ ਭੂੰਦੜ। ਹੁਣ ਇਹ ਦੋਵੇਂ ਆਗੂ ਵੱਖ-ਵੱਖ ਧੜ੍ਹਿਆਂ ਨਾਲ ਹੋਣ ਕਰਕੇ ਇਕ ਦੂਜੇ ਨੂੰ ਮੱਤਾਂ ਦੇ ਰਹੇ ਹਨ ਅਤੇ ਆਹਮੋ-ਸਾਹਮਣੇ ਹੋ ਕੇ ਆਪੋ-ਆਪਣੇ ਖੇਮੇ ਨੂੰ ਬਚਾਉਣ ਲਈ ਹੱਥ-ਪੈਰ ਮਾਰਦੇ ਦੱਸੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਮਦਦ ਮੈਦਾਨ ਵਿਚ ਉਤਰੇ ਹੋਏ ਹਨ। ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿ਼ਲਾਫ ਮੈਦਾਨ ਵਿਚ ਉਤਰੇ ਬਾਗੀਆਂ ਨੂੰ ਦਿਨੇ ਤਾਰੇ ਦਿਖਾਉਣ ਲਈ ਬਾਦਲ ਦੇ ਚਹੇਤੇ ਬਲਵਿੰਦਰ ਸਿੰਘ ਭੂੰਦੜ ਚੇਅਰਮੈਨ ਅਨੁਸ਼ਾਸਨੀ ਕਮੇਟੀ ਨੇ 8 ਅਕਾਲੀ ਬਾਗੀਆਂ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਹੈ, ਜਦੋਂਕਿ ਇਨ੍ਹਾਂ ਅੱਠ ਬਾਗੀਆਂ ਨੂੰ ਫੌਰੀ ਆਪਣੇ ਆਕਾ ਅਤੇ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨਾਲ ਰਾਬਤਾ ਕਾਇਮ ਕੀਤਾ ਜਿਨ੍ਹਾਂ ਨੇ 8 ਬਾਗੀਆਂ ਨੂੰ ਮੁਅੱਤਲ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਅਤੇ ਸੁਖਬੀਰ ਖਿ਼ਲਾਫ ਝੰਡਾ ਚੁੱਕਣ ਦਾ ਅਹਿਦ ਲਿਆ ਜਿਸ ਦੀਆਂ ਖਬਰਾਂ ਅੱਜ ਦੋਵਾਂ ਧਿਰਾਂ ਵੱਲੋਂ ਸੁਰਖੀਆਂ ਬਣੀਆਂ ਹੋਈਆਂ ਹਨ। ਅੱਜ ਇਕ ਪੁਰਾਣੇ ਆਗੂ ਨੇ ਕਿਹਾ ਕਿ ਵੱਡੇ ਬਾਦਲ ਦੇ ਚਲੇ ਜਾਣ ਤੋਂ ਬਾਅਦ ਢੀਂਡਸਾ ਅਤੇ ਭੂੰਦੜ 'ਤੇ ਆਸ ਸੀ ਕਿ ਇਹ ਅਕਾਲੀ ਦਲ ਨੂੰ ਜਿਉਂਦਾ ਰੱਖਣ ਲਈ ਕੁਝ ਕਰਨਗੇ ਪਰ ਜੋ ਅੱਜ ਇਹ ਕਰ ਰਹੇ ਹਨ, ਉਹ ਸਭ ਦੇ ਸਾਹਮਣੇ ਹੈ।

# ਸੜਕ ਹਾਦਸਿਆਂ 'ਚ ਜਖਮੀਆਂ ਦਾ ਹੋਵੇਗਾ ਮੁਫਤ ਇਲਾਜ, ਇਨ੍ਹਾਂ ਇਲਾਕਿਆਂ 'ਚ ਪਾਇਲਟ ਪ੍ਰਾਜੈਕਟ ਲਾਗੂ

ਸਰਦੂਲ ਸਿੰਘ

ਨੈਸਨਲ ਡੈਸਕ 5 ਅਗਸਤ। ਦੇਸ ਦੇ ਵੱਖ-ਵੱਖ ਹਿੱਸਿਆਂ ਤੋਂ ਹਰ ਰੋਜ ਸੜਕ ਹਾਦਸਿਆਂ ਦੇ ਹਜਾਰਾਂ ਮਾਮਲੇ ਸਾਹਮਣੇ ਆਉਂਦੇ ਹਨ। ਇਨ੍ਹਾਂ ਹਾਦਸਿਆਂ ਵਿੱਚ ਕਿੰਨੇ ਲੋਕ ਮਰਦੇ ਹਨ ਤੇ ਕਿੰਨੇ ਜਖਮੀ ਹੋ ਜਾਂਦੇ ਹਨ, ਕੌਣ ਜਾਣਦਾ ਹੈ। ਹੁਣ ਕੇਂਦਰ ਸਰਕਾਰ ਜਖਮੀਆਂ ਦੇ ਮੁਫਤ ਇਲਾਜ ਦੀ ਸਕੀਮ ਲੈ ਕੇ ਆਈ ਹੈ। ਕੇਂਦਰੀ ਸੜਕ ਅਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਸਰਕਾਰ ਨੇ ਸੜਕ ਹਾਦਸਿਆਂ ਦੇ ਪੀੜਤਾਂ ਦੇ ਨਕਦ ਰਹਿਤ ਇਲਾਜ ਲਈ ਯੋਜਨਾ ਲਾਗੂ ਕੀਤੀ ਹੈ। ਗਡਕਰੀ ਨੇ ਵੀਰਵਾਰ ਨੂੰ ਸੰਸਦ ਨੂੰ ਦੱਸਿਆ ਕਿ ਟਰਾਂਸਪੋਰਟ ਮੰਤਰਾਲੇ ਨੇ ਇਕ ਯੋਜਨਾ ਤਿਆਰ ਕੀਤੀ ਹੈ ਅਤੇ ਇਸ ਨੂੰ ਚੰਡੀਗੜ੍ਹ ਅਤੇ ਆਸਾਮ ਵਿਚ ਪਾਇਲਟ ਆਧਾਰ 'ਤੇ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਪਹਿਲ ਦਾ ਉਦੇਸ ਸੜਕ ਹਾਦਸਿਆਂ ਦੇ ਪੀੜਤਾਂ ਨੂੰ ਨਕਦ ਰਹਿਤ ਇਲਾਜ ਮੁਹੱਈਆ ਕਰਵਾਉਣਾ ਹੈ। ਮੰਤਰੀ ਨੇ ਦੱਸਿਆ ਕਿ ਇਹ ਸਕੀਮ ਸੜਕ ਦੀ ਕਿਸਮ ਦੀ ਪਰਵਾਹ ਕੀਤੇ ਬਿਨਾਂ, ਮੋਟਰ ਵਾਹਨਾਂ ਕਾਰਨ ਸੜਕ ਹਾਦਸਿਆਂ ਵਿੱਚ ਸਾਮਲ ਵਿਅਕਤੀਆਂ ਦੇ ਇਲਾਜ ਨੂੰ ਕਵਰ ਕਰਦੀ ਹੈ। ਮੰਤਰਾਲਾ ਨੈਸਨਲ ਹੈਲਥ ਅਥਾਰਟੀ () ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਨੂੰ ਲਾਗੂ ਕਰ ਰਿਹਾ ਹੈ। ਲੋਕ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ, ਮੰਤਰੀ ਨੇ ਕਿਹਾ ਕਿ ਇਸ ਯੋਜਨਾ ਦੇ ਤਹਿਤ, ਯੋਗ ਪੀੜਤਾਂ ਨੂੰ ਆਯੂਸਮਾਨ ਭਾਰਤ



ਪ੍ਰਧਾਨ ਮੰਤਰੀ-ਜਨ ਅਰੋਗਿਆ ਯੋਜਨਾ (ਏਬੀ) ਦੇ ਤਹਿਤ ਸੂਚੀਬੱਧ ਹਸਪਤਾਲਾਂ ਵਿੱਚ ਦੁਰਘਟਨਾ ਦੀ ਮਿਤੀ ਤੋਂ 7 ਦਿਨ ਤੇ ਵੱਧ ਤੋਂ ਵੱਧ 1.5 ਲੱਖ ਰੁਪਏ ਤਕ ਦੇ ਟ੍ਰਾਮਾ ਤੇ ਪਾਲੀਟ੍ਰਾਮਾ ਦੇਖਭਾਲ ਨਾਲ ਸਬੰਧਿਤ ਸਿਹਤ ਲਾਭ ਪੈਕੇਜ ਦਿੱਤੇ ਜਾਂਦੇ ਹਨ। ਇਹ ਸਕੀਮ ਮੋਟਰ ਵਹੀਕਲ ਐਕਟ 1988 ਦੀ ਧਾਰਾ 164ਬੀ ਦੇ ਤਹਿਤ ਸਥਾਪਿਤ ਮੋਟਰ ਵਹੀਕਲ ਐਕਸੀਡੈਂਟ ਫੰਡ ਦੇ ਤਹਿਤ ਚਲਾਈ ਜਾ ਰਹੀ ਹੈ। ਆਮਦਨ ਦੇ ਸਰੋਤ ਅਤੇ ਫੰਡਾਂ ਦੀ ਵਰਤੋਂ ਦੇ ਵੇਰਵੇ ਕੇਂਦਰੀ ਮੋਟਰ ਵਾਹਨ (ਮੋਟਰ ਵਹੀਕਲ ਐਕਸੀਡੈਂਟ ਫੰਡ) ਨਿਯਮ, 2022 ਵਿੱਚ ਦਿੱਤੇ ਗਏ ਹਨ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਅਧੀਨ ਸਥਾਨਕ ਪੁਲਸ, ਸੂਚੀਬੱਧ ਹਸਪਤਾਲਾਂ, ਰਾਜ ਦੀਆਂ ਸਿਹਤ ਏਜੰਸੀਆਂ, ਰਾਸਟਰੀ ਸੂਚਨਾ ਵਿਗਿਆਨ ਕੇਂਦਰ ਅਤੇ ਜਨਰਲ ਬੀਮਾ ਕੌਂਸਲ ਦੇ ਤਾਲਮੇਲ ਵਿੱਚ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਜਿ਼ੰਮੇਵਾਰ ਹੈ। ਮੰਤਰੀ ਗਡਕਰੀ ਨੇ ਕਿਹਾ ਕਿ ਮੋਟਰ ਵਹੀਕਲ ਐਕਟ, 1988 ਦੇ ਅਨੁਸਾਰ, ਨਕਦ ਰਹਿਤ ਇਲਾਜ ਲਈ ਪਾਇਲਟ ਪ੍ਰੋਗਰਾਮ ਮੋਟਰ ਵਾਹਨਾਂ ਕਾਰਨ ਹੋਣ ਵਾਲੇ ਸੜਕ ਹਾਦਸਿਆਂ ਦੇ ਪੀੜਤਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ, ਭਾਵੇਂ ਇਹ ਹਾਦਸਾ ਕਿੱਥੇ ਵੀ ਹੋਵੇ। ਇਹ ਸਕੀਮ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਵਿੱਚ ਮਦਦ ਕਰੇਗੀ ਅਤੇ ਸੜਕ ਦੁਰਘਟਨਾ ਦੇ ਪੀੜਤਾਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਏਗੀ।

## ਸਾਲ 2023 'ਚ 2.1 ਲੱਖ ਤੋਂ ਵੱਧ ਭਾਰਤੀ ਲੋਕਾਂ ਨੇ ਛੱਡੀ ਨਾਗਰਿਕਤਾ: ਸਰਕਾਰ

ਨਵੀਂ ਦਿੱਲੀ 5 ਅਗਸਤ। ਸਰਕਾਰ ਨੇ ਵੀਰਵਾਰ ਨੂੰ ਰਾਜ ਸਭਾ 'ਚ ਦੱਸਿਆ ਕਿ ਸਾਲ 2023 'ਚ 2.16 ਲੱਖ ਤੋਂ ਜਿ਼ਆਦਾ ਭਾਰਤੀ ਲੋਕਾਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਹੈ। ਵਿਦੇਸ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਪਿਛਲੇ ਪੰਜ ਸਾਲਾਂ ਵਿੱਚ ਆਪਣੀ ਨਾਗਰਿਕਤਾ ਤਿਆਗਣ ਵਾਲੇ ਭਾਰਤੀ ਨਾਗਰਿਕਾਂ ਨਾਲ ਸਬੰਧਤ ਸਵਾਲਾਂ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਆਪਣੇ ਜਵਾਬ ਵਿੱਚ, ਉਨ੍ਹਾਂ ਸਾਲ 2011-2018 ਲਈ ਸੰਬੰਧਿਤ ਡੇਟਾ ਵੀ ਸਾਂਝਾ ਕੀਤਾ। ਸਾਲ 2023 ਵਿੱਚ, ਆਪਣੀ ਨਾਗਰਿਕਤਾ ਤਿਆਗਣ ਵਾਲੇ ਭਾਰਤੀਆਂ ਦੀ ਗਿਣਤੀ 2,16,219 (2.16 ਲੱਖ) ਸੀ। ਅੰਕੜਿਆਂ ਦੇ ਅਨੁਸਾਰ, ਸਾਲ 2022 ਲਈ ਇਹ ਅੰਕੜਾ 2,25,620 (2.25 ਲੱਖ) ਸੀ, ਜਦੋਂ ਕਿ ਸਾਲ 2021 ਵਿੱਚ ਇਹ ਗਿਣਤੀ 1,63,370 (1.63



ਲੱਖ) ਅਤੇ ਸਾਲ 2019 ਵਿੱਚ 1,44,017 (1.44 ਲੱਖ) ਸੀ। 'ਆਪ' ਮੈਂਬਰ ਰਾਘਵ ਚੱਢਾ ਦਾ ਸਵਾਲ ਇਹ ਵੀ ਸੀ ਕਿ ਕੀ ਸਰਕਾਰ ਨੇ ਇੰਨੀ ਵੱਡੀ ਗਿਣਤੀ 'ਚ ਲੋਕਾਂ ਦੇ ਨਾਗਰਿਕਤਾ ਤਿਆਗਣ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕਦਮ ਚੁੱਕੇ ਹਨ? ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਕੀ ਸਰਕਾਰ ਨੇ ਨਾਗਰਿਕਤਾ ਤਿਆਗਣ ਨਾਲ "ਵਿੱਤੀ ਅਤੇ ਦਿਮਾਗੀ ਡਰੇਨ" ਅਤੇ ਦੇਸ ਨੂੰ ਹੋਏ ਨੁਕਸਾਨ ਦਾ ਪਤਾ ਲਗਾਉਣ ਦੀ ਕੋਸਿ਼ਸ ਕੀਤੀ ਸੀ। ਮੰਤਰੀ ਨੇ ਕਿਹਾ, "ਨਾਗਰਿਕਤਾ ਛੱਡਣ ਜਾਂ ਲੈਣ ਦੇ ਕਾਰਨ ਨਿੱਜੀ ਹਨ।" ਉਨ੍ਹਾਂ ਕਿਹਾ, "ਸਰਕਾਰ ਗਿਆਨ ਦੀ ਆਰਥਿਕਤਾ ਦੇ ਯੁੱਗ ਵਿੱਚ ਵਿਸਵਵਿਆਪੀ ਕਾਰਜ ਸਥਾਨ ਦੀ ਸੰਭਾਵਨਾ ਨੂੰ ਪਛਾਣਦੀ ਹੈ।" ਇਸ ਨੇ ਭਾਰਤੀ ਡਾਇਸਪੋਰਾ ਨਾਲ ਆਪਣੀ ਸਮੂਲੀਅਤ ਵਿੱਚ ਇੱਕ ਪਰਿਵਰਤਨਸੀਲ ਤਬਦੀਲੀ ਵੀ ਲਿਆਂਦੀ ਹੈ।" ਸਿੰਘ ਨੇ ਕਿਹਾ, "ਇੱਕ ਸਫਲ ਅਤੇ ਪ੍ਰਭਾਵਸਾਲੀ ਡਾਇਸਪੋਰਾ ਭਾਰਤੀ ਭਾਈਚਾਰੇ ਲਈ ਇੱਕ ਸੰਪਤੀ ਹੈ।"

## ਸਾਥੀ ਨੂੰ ਨਹਿਰ 'ਚ ਡੁੱਬਦਾ ਦੇਖ ਭੱਜ ਗਏ ਦੋਸਤ, 11ਵੀਂ ਦੇ ਵਿਦਿਆਰਥੀ ਦੀ ਤੜਫ-ਤੜਫ ਕੇ ਹੋਈ ਦਰਦਨਾਕ ਮੌਤ

ਮੋਗਾ 5 ਅਗਸਤ। ਮੋਗਾ ਦੇ ਪਿੰਡ ਲੰਡੇਕੇ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ 11ਵੀਂ ਕਲਾਸ ਦੇ ਇਕ ਵਿਦਿਆਰਥੀ ਜਸਦੀਪ ਸਿੰਘ ਜੱਸੂ (17) ਦੀ ਨਹਿਰ ਵਿਚ ਡੁੱਬ ਜਾਣ ਕਾਰਨ ਮੌਤ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਮੋਗਾ ਦੇ ਸਹਾਇਕ ਥਾਣੇਦਾਰ ਜਗਵਿੰਦਰ ਸਿੰਘ ਨੇ ਦੱਸਿਆ ਕਿ ਜਸਦੀਪ ਸਿੰਘ ਜੱਸੂ ਸਰਕਾਰੀ ਸਕੂਲ ਲੰਡੇਕੇ ਵਿਚ 11ਵੀਂ ਕਲਾਸ ਦਾ ਵਿਦਿਆਰਥੀ ਸੀ। ਜਾਣਕਾਰੀ ਅਨੁਸਾਰ ਜੱਸੂ ਸਕੂਲ ਤੋਂ ਛੁੱਟੀ ਹੋਣ ਦੇ ਬਾਅਦ ਆਪਣੇ 3-4 ਦੋਸਤਾਂ ਨਾਲ ਲੰਡੇਕੇ ਵਾਲੀ ਨਹਿਰ ਵਿਚ ਨਹਾਉਣ ਲਈ ਗਿਆ ਸੀ, ਪਰ ਅਚਾਨਕ ਨਹਿਰ 'ਚ ਪਾਣੀ ਦਾ ਪੱਧਰ ਵਧ ਗਿਆ, ਜਿਸ ਕਾਰਨ ਉਸ ਦੇ ਸਾਥੀ ਡਰ ਕੇ ਉਥੋਂ ਭੱਜ ਨਿਕਲੇ। ਜਦ ਉਹ ਕਾਫੀ ਦੇਰ ਘਰ ਨਾ ਪਰਤਿਆ ਤਾਂ ਪਰਿਵਾਰ ਵਾਲਿਆਂ ਨੇ ਆਪਣੇ ਪੁੱਤਰ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਜਦੋਂ ਉਨ੍ਹਾਂ ਨੇ ਇਸ ਬਾਰੇ ਜੱਸੂ ਦੇ ਦੋਸਤਾਂ ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਹ ਨਹਿਰ ਵਿਚ ਡੁੱਬ ਗਿਆ ਹੈ। ਇਹ ਸੁਣ ਕੇ ਪਰਿਵਾਰ ਦੀਆਂ ਧਾਹਾਂ ਨਿਕਲ ਗਈਆਂ ਤੇ ਉਹ ਤੁਰੰਤ ਨਹਿਰ 'ਤੇ ਪੁੱਜੇ, ਜਿੱਥੇ ਪਹੁੰਚ ਕੇ ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ ਤੇ ਲਾਸ਼ ਨੂੰ ਬਾਹਰ ਕੱਢਿਆ। ਸਹਾਇਕ ਥਾਣੇਦਾਰ ਜਗਵਿੰਦਰ ਸਿੰਘ ਨੇ ਕਿਹਾ ਕਿ ਮ੍ਰਿਤਕ ਦੇ ਪਿਤਾ ਅਸ਼ੋਕ ਸਿੰਘ ਨਿਵਾਸੀ ਪਿੰਡ ਲੰਡੇਕੇ ਦੇ ਬਿਆਨਾਂ 'ਤੇ ਅ/ਧ 194 ਨੂੰ ਕਾਰਵਾਈ ਕਰਨ ਦੇ ਬਾਅਦ ਮ੍ਰਿਤਕ ਦੀ ਲਾਸ਼ ਨੂੰ ਸਿਵਲ ਹਸਪਤਾਲ ਮੋਗਾ ਤੋਂ ਪੋਸਟਮਾਰਟਮ ਕਰਵਾ ਕੇ ਵਾਰਿਸਾਂ ਨੂੰ ਸੌਂਪ ਦਿੱਤਾ ਗਿਆ ਹੈ।

# ਚੋਣ ਕਮਿਸ਼ਨ ਨੇ ਜੰਮੂ ਕਸ਼ਮੀਰ ਤੋਂ ਇਲਾਵਾ ਤਿੰਨ ਸੂਬਿਆਂ 'ਚ ਅਧਿਕਾਰੀਆਂ ਦੇ ਤਬਾਦਲੇ ਦੇ ਆਦੇਸ਼ ਕੀਤੇ ਜਾਰੀ

ਕਿਸ਼ਨ ਪਾਲ

ਨਵੀਂ ਦਿੱਲੀ 5 ਅਗਸਤ। ਜੰਮੂ-ਕਸਮੀਰ ਵਿਚ ਜਲਦੀ ਹੀ ਵਿਧਾਨ ਸਭਾ ਚੋਣਾਂ ਹੋਣ ਦੇ ਤਾਜਾ ਸੰਕੇਤ ਵਿਚ ਚੋਣ ਕਮਿਸਨ ਨੇ ਕੇਂਦਰ ਸਾਸਿਤ ਪ੍ਰਦੇਸ ਦੇ ਪ੍ਰਸਾਸਨ ਨੂੰ ਉਨ੍ਹਾਂ ਅਧਿਕਾਰੀਆਂ ਦੇ ਤਬਾਦਲੇ ਕਰਨ ਲਈ ਕਿਹਾ ਹੈ ਜੋ ਆਪਣੇ ਗ੍ਰਹਿ ਜਿ਼ਲ੍ਹਿਆਂ ਵਿਚ ਤਾਇਨਾਤ ਹਨ। ਚੋਣਾਂ ਤੋਂ ਪਹਿਲਾਂ ਚੋਣ ਕਮਿਸਨ ਇਸ ਤਰ੍ਹਾਂ ਦੇ ਕਦਮ ਚੁੱਕਦਾ ਹੈ। ਕਮਿਸਨ ਇਕ ਨਿਰੰਤਰ ਨੀਤੀ ਦਾ ਪਾਲਣਾ ਕਰ ਰਿਹਾ ਹੈ ਕਿ ਕਿਸੇ ਰਾਜ ਜਾਂ ਕੇਂਦਰ ਸਾਸਿਤ ਪ੍ਰਦੇਸ 'ਚ ਚੋਣਾਂ ਨਾਲ ਸਿੱਧੇ ਤੌਰ 'ਤੇ ਜੁੜੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਗ੍ਰਹਿ ਜਿ਼ਲ੍ਹਿਆਂ ਜਾਂ ਉਨ੍ਹਾਂ ਥਾਵਾਂ 'ਤੇ ਤਾਇਨਾਤ ਨਹੀਂ ਕੀਤਾ ਜਾਣਾ ਚਾਹੀਦਾ ਜਿੱਥੇ ਉਨ੍ਹਾਂ ਨੇ ਲੰਬੇ ਸਮੇਂ ਤੋਂ ਸੇਵਾ ਕੀਤੀ ਹੈ। ਕਮਿਸਨ ਨੇ ਮਹਾਰਾਸਟਰ, ਹਰਿਆਣਾ ਅਤੇ ਝਾਰਖੰਡ ਦੇ ਮੁੱਖ ਸਕੱਤਰਾਂ ਨੂੰ ਵੀ ਅਜਿਹੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਕਮਿਸਨ ਵੱਲੋਂ ਜਾਰੀ ਹਦਾਇਤਾਂ 'ਚ ਕਿਹਾ ਗਿਆ ਹੈ ਕਿ ਹਰਿਆਣਾ, ਝਾਰਖੰਡ ਅਤੇ ਮਹਾਰਾਸਟਰ ਦੀਆਂ ਮੌਜੂਦਾ ਵਿਧਾਨ ਸਭਾਵਾਂ ਦਾ ਕਾਰਜਕਾਲ ਕ੍ਰਮਵਾਰ 3 ਨਵੰਬਰ 2024, 5 ਜਨਵਰੀ 2025 ਅਤੇ 26 ਨਵੰਬਰ 2024 ਨੂੰ ਖਤਮ ਹੋ




ਰਿਹਾ ਹੈ। ਕਮਿਸ਼ਨ ਨੇ ਬੁੱਧਵਾਰ ਨੂੰ ਕਿਹਾ,"ਇਸ ਤੋਂ ਇਲਾਵਾ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਵੀ ਭਵਿੱਖ 'ਚ ਹੋਣੀਆਂ ਹਨ।" ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਤੋਂ ਪਹਿਲੇ ਚੋਣ ਕਮਿਸ਼ਨ ਵਲੋਂ ਅਧਿਕਾਰੀਆਂ ਦੇ ਤਬਾਦਲੇ ਦੇ ਸੰਬੰਧ 'ਚ ਨਿਰਦੇਸ਼ ਜਾਰੀ ਕਰਨਾ ਆਮ ਗੱਲ ਹੈ। ਕਮਿਸ਼ਨ ਨੇ ਹਾਲ ਹੀ 'ਚ ਜੰਮੂ ਕਸ਼ਮੀਰ ਅਤੇ ਤਿੰਨ ਸੂਬਿਆਂ 'ਚ ਵੋਟਰ ਸੂਚੀ ਨੂੰ ਅਪਡੇਟ ਕਰਨ ਦਾ ਆਦੇਸ਼ ਦਿੱਤਾ ਸੀ। ਜੂਨ ਮਹੀਨੇ ਕਮਿਸ਼ਨ ਨੇ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਰਜਿਸਟਰਡ ਗੈਰ-ਮਾਨਤ ਪ੍ਰਾਪਤ ਪਾਰਟੀਆਂ ਤੋਂ ਚੋਣ ਚਿੰਨ੍ਹ ਅਲਾਟ ਕਰਨ ਦੀ ਮੰਗ ਕਰਨ ਵਾਲੀਆਂ ਅਰਜੀਆਂ ਸਵੀਕਾਰ ਕਰਨ ਦਾ ਫੈਸਲਾ ਲਿਆ ਸੀ। ਜੰਮੂ ਕਸ਼ਮੀਰ 'ਚ ਆਮ ਤੌਰ 'ਤੇ ਚੋਣ ਪ੍ਰਕਿਰਿਆ ਇਕ ਮਹੀਨੇ ਤੱਕ ਜਾਰੀ ਰਹਿੰਦੀ ਹੈ। ਇਸ ਰਾਜ 'ਚ ਹੱਦਬੰਦੀ ਦੀ ਕਵਾਇਦ ਤੋਂ ਬਾਅਦ ਵਿਧਾਨ ਸਭਾ ਸੀਟ ਦੀ ਗਿਣਤੀ 83 ਤੋਂ ਵੱਧ ਕੇ 90 ਹੋ ਗਈ ਹੈ, ਜਿਸ 'ਚ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ (ਪੀ.ਓ.ਕੇ.) ਨੂੰ ਦਿੱਤੀਆਂ ਗਈਆਂ ਸੀਟਾਂ ਸ਼ਾਮਲ ਨਹੀਂ ਹਨ। ਪਿਛਲੇ ਸਾਲ ਦਸੰਬਰ 'ਚ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ 30 ਸਤੰਬਰ ਤੱਕ ਜੰਮੂ ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਕਰਵਾਉਣ ਦਾ ਨਿਰਦੇਸ਼ ਦਿੱਤਾ ਸੀ।

## ਪਿਤਾ ਦੀ ਸਿਹਤ ਵਿਗੜਣ 'ਤੇ ਪੀ.ਜੀ.ਆਈ. ਲੈ ਕੇ ਗਿਆ ਸੀ ਪਰਿਵਾਰ, ਫਿਰ ਜੋ ਹੋਇਆ ਉਹ ਸੋਚਿਆ ਨਾ ਸੀ

ਚੰਡੀਗੜ੍ਹ 5 ਅਗਸਤ। । 'ਚ ਪਿਤਾ ਦਾ ਚੈਕਅੱਪ ਕਰਵਾ ਕੇ ਘਰ ਜਾ ਰਹੇ ਆਈ-20 ਕਾਰ ਚਾਲਕ ਨੇ ਸੈਕਟਰ-50 ਸਪੋਰਟਸ ਕੰਪਲੈਕਸ ਕੋਲ ਫਾਰਚੂਨਰ ਗੱਡੀ ਨੂੰ ਟੱਕਰ ਮਾਰ ਦਿੱਤੀ। ਆਹਮੋ-ਸਾਹਮਣੇ ਟੱਕਰ ਨਾਲ ਆਈ-20 'ਚ ਸਵਾਰ ਦੋ ਮਹਿਲਾਵਾਂ ਸਣੇ 4 ਜਖਮੀ ਹੋ ਗਏ। ਪੁਲਸ ਨੇ ਜਖਮੀਆਂ ਨੂੰ ਜੀ.ਐੱਮ.ਸੀ.ਐੱਚ-32 'ਚ ਦਾਖਲ ਕਰਵਾਇਆ ਜਿੱਥੇ ਡਾਕਟਰਾਂ ਨੇ ਮੋਹਾਲੀ ਦੇ ਏਰੋਸਿਟੀ ਵਾਸੀ 82 ਸਾਲਾ ਵਿਜੇ ਕੁਮਾਰ ਨੂੰ ਮ੍ਰਿਤਕ ਐਲਾਨ ਦਿੱਤਾ। ਚਾਲਕ ਸੰਦੀਪ ਕੁਮਾਰ, ਪੂਨਮ ਤੇ ਓਜਸਵੀ ਜੇਰੇ ਇਲਾਜ ਹਨ। ਫਾਰਚੂਨਰ ਚਾਲਕ ਵਾਲ-ਵਾਲ ਬਚ ਗਿਆ। ਸੈਕਟਰ-49 ਥਾਣਾ ਪੁਲਸ ਨੇ



ਏ.ਐੱਸ.ਆਈ. ਅਮਰਜੀਤ ਸਿੰਘ ਦੀ ਸ਼ਿਕਾਇਤ 'ਤੇ ਗਲਤ ਸਾਈਡ ਤੋਂ ਆ ਰਹੀ ਆਈ-20 ਦੇ ਚਾਲਕ ਏਰੋਸਿਟੀ ਵਾਸੀ ਸੰਦੀਪ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਮੋਹਾਲੀ ਦੇ ਏਰੋਸਿਟੀ ਵਾਸੀ 82 ਸਾਲਾ ਵਿਜੇ ਕੁਮਾਰ ਦੀ ਸਿਹਤ ਖਰਾਬ ਹੋਣ 'ਤੇ ਉਨ੍ਹਾਂ ਨੂੰ ਪੁੱਤਰ ਸੰਦੀਪ ਪੀ.ਜੀ.ਆਈ. ਲੈ ਕੇ ਗਿਆ ਸੀ। ਪੂਨਮ ਤੇ ਓਜਸਵੀ ਵੀ ਨਾਲ ਸਨ। ਚੈਕਅੱਪ ਤੋਂ ਬਾਅਦ ਸੰਦੀਪ ਆਈ-20 'ਚ ਪਿਤਾ ਵਿਜੇ ਕੁਮਾਰ, ਪੂਨਮ ਤੇ ਓਜਸਵੀ ਨੂੰ ਘਰ ਲੈ ਕੇ ਜਾ ਰਿਹਾ ਸੀ। ਜਦੋਂ ਸੰਦੀਪ ਸੈਕਟਰ-50 ਸਪੋਰਟਸ ਕੰਪਲੈਕਸ ਨੇੜੇ ਗਲਤ ਸਾਈਡ ਤੋਂ ਜਾਣ ਲੱਗਾ ਤਾਂ ਫਾਰਚੂਨਰ ਨਾਲ ਟੱਕਰ ਹੋ ਗਈ। ਲੋਕਾਂ ਨੇ ਹਾਦਸੇ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਵਿਜੇ ਨੂੰ ਮ੍ਰਿਤਕ ਐਲਾਨ ਦਿੱਤਾ। ਹਾਲਤ ਗੰਭੀਰ ਹੋਣ 'ਤੇ ਪੂਨਮ ਨੂੰ ਮੋਹਾਲੀ ਦੇ ਨਿੱਜੀ ਹਸਪਤਾਲ ਭੇਜ ਦਿੱਤਾ। ਏ.ਐੱਸ.ਆਈ. ਅਮਰਜੀਤ ਸਿੰਘ ਨੇ ਘਟਨਾਸਥਾਨ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਹਾਦਸਾ ਆਈ-20 ਕਾਰ ਚਾਲਕ ਦੀ ਲਾਪਰਵਾਹੀ ਨਾਲ ਹੋਇਆ ਹੈ। ਫਾਰਚੂਨਰ ਚਾਲਕ ਨੇ ਪੁਲਸ ਨੂੰ ਦੱਸਿਆ ਕਿ ਆਈ-20 ਚਾਲਕ ਨੇ ਗਲਤ ਸਾਈਡ ਆ ਕੇ ਉਸ ਦੀ ਗੱਡੀ ਨੂੰ ਟੱਕਰ ਮਾਰੀ ਸੀ।

## ਨਸ਼ੇ ਨੇ ਇਕ ਹੋਰ ਘਰ 'ਚ ਵਿਛਾਏ ਸੱਥਰ, ਓਵਰਡੋਜ ਕਾਰਨ ਨੌਜਵਾਨ ਦੀ ਹੋਈ ਮੌਤ

ਬਰਨਾਲਾ 5 ਅਗਸਤ। ਨਸ਼ੇ ਨਾਲ ਹੋਣ ਵਾਲੀਆਂ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਇਸੇ ਦੌਰਾਨ ਸਥਾਨਕ ਘੜੂਆਂ ਰੋਡ 'ਤੇ ਸਮਸਾਨਘਾਟ ਨੇੜੇ ਧਨੌਲਾ ਦੇ ਇਕ ਨੌਜਵਾਨ ਦੀ ਨਸੇ ਦੀ ਓਵਰਡੋਜ ਲੈਣ ਕਾਰਨ ਮੌਤ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਮ੍ਰਿਤਕ ਦੀ ਪਛਾਣ ਸਮਨਦੀਪ ਸਿੰਘ ਬਾਸੀ ਧਨੌਲਾ ਵਜੋਂ ਹੋਈ ਹੈ। ਪੁਲਸ ਨੇ ਲਾਸ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਰਨਾਲਾ ਵਿਖੇ ਰਖਵਾ ਦਿੱਤੀ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ -1 ਦੇ ਐੱਸ.ਐੱਚ.ਓ. ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸਮਸਾਨਘਾਟ ਨੇੜੇ ਇਕ ਨੌਜਵਾਨ ਬੇਹੋਸ਼ੀ ਦੀ ਹਾਲਤ 'ਚ ਡਿੱਗਿਆ ਪਿਆ ਹੈ। ਬਾਅਦ 'ਚ 112 ਸੜਕ ਸੁਰੱਖਿਆ ਫੋਰਸ ਦੇ ਮੁਲਾਜਮ ਗੁਰਭਜਨ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਜਦੋਂ ਜਾ ਕੇ ਦੇਖਿਆ ਤਾਂ ਉਥੇ ਇਕ ਨੌਜਵਾਨ ਮ੍ਰਿਤਕ ਅਵਸਥਾ ਵਿਚ ਪਿਆ ਸੀ ਅਤੇ ਉਸ ਦੇ ਕੋਲ ਇਕ ਸਰਿੰਜ ਵੀ ਪਈ ਸੀ। ਐੱਸ.ਐੱਚ.ਓ. ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਮੋਹਲੇਧਾਰ ਮੀਂਹ ਕਾਰਨ ਡਿੱਗੀ ਕੰਧ, 9 ਬੱਚਿਆਂ ਦੀ ਦਰਦਨਾਕ ਮੌਤ

ਰੀਵਾ 5 ਅਗਸਤ। ਦੇਸ਼ ਦੇ ਜਿ਼ਆਦਾਤਰ ਸੂਬਿਆਂ ਵਿਚ ਮੀਂਹ ਮਗਰੋਂ ਹੜ੍ਹਾਂ ਦਾ ਕਹਿਰ ਜਾਰੀ ਹੈ। ਕੇਰਲ, ਹਿਮਾਚਲ, ਉੱਤਰਾਖੰਡ ਵਿਚ ਜਿੱਥੇ ਮੀਂਹ ਅਤੇ ਹੜ੍ਹ ਕਾਰਨ ਭਾਰੀ ਤਬਾਹੀ ਮਚੀ ਹੋਈ ਹੈ, ਉੱਥੇ ਹੀ ਮੱਧ ਪ੍ਰਦੇਸ਼ ਦੇ ਸਾਗਰ 'ਚ ਦਰਦਨਾਕ ਹਾਦਸਾ ਵਾਪਰ ਗਿਆ। ਇੱਥੇ ਇਕ ਮਕਾਨ ਦੀ ਕੰਧ ਡਿੱਗਣ ਕਾਰਨ 9 ਬੱਚਿਆਂ ਦੀ ਮੌਤ ਹੋ ਗਈ ਹੈ। ਘਟਨਾ ਸਾਗਰ ਜਿ਼ਲ੍ਹੇ ਦੇ ਸ਼ਾਹਪੁਰ ਕਸਬੇ ਵਿਚ ਮੋਹਲੇਧਾਰ ਮੀਂਹ ਕਾਰਨ ਵਾਪਰੀ, ਜਿੱਥੇ ਸਵੇਰੇ ਮਕਾਨ ਦੀ ਕੰਧ ਡਿੱਗ ਗਈ ਅਤੇ ਉਸ ਦੇ ਮਲਬੇ ਹੇਠਾਂ ਦੱਬ ਕੇ 9 ਬੱਚਿਆਂ ਦੀ ਮੌਤ ਹੋ ਗਈ। ਰਾਹਤ ਅਤੇ ਬਚਾਅ ਕਾਰਜ ਲਗਾਤਾਰ ਜਾਰੀ ਹੈ। ਜਿ਼ਲ੍ਹਾ ਪ੍ਰਸ਼ਾਸਨ ਅਤੇ ਪੁਲਸ ਦੇ ਆਲਾ ਅਧਿਕਾਰੀ ਮੌਕੇ 'ਤੇ ਮੌਜੂਦ ਹਨ। ਪੁਲਸ ਸੂਤਰਾਂ ਮੁਤਾਬਕ ਸਾਹਪੁਰ ਕਸਬੇ 'ਚ ਸਥਿਤ ਇਕ ਕੱਚਾ ਘਰ ਅੱਜ ਸਵੇਰੇ ਮੋਹਲੇਧਾਰ ਮੀਂਹ ਤੋਂ ਬਾਅਦ ਅਚਾਨਕ ਢਹਿ ਗਿਆ। ਹਾਦਸੇ ਤੋਂ ਬਾਅਦ ਮਲਬੇ ਹੇਠ ਦੱਬੇ ਲੋਕਾਂ ਨੂੰ ਕੱਢਣ ਲਈ ਰਾਹਤ ਅਤੇ ਬਚਾਅ ਕਾਰਜ ਜਾਰੀ ਹੈ। ਹੁਣ ਤੱਕ 9 ਬੱਚਿਆਂ ਦੀਆਂ ਲਾਸਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ। ਪੁਲਸ ਦੀ ਮੁੱਢਲੀ ਜਾਂਚ ਵਿਚ ਇਹ ਘਰ ਪੰਚਮ ਅਹੀਰਵਰ ਦਾ ਦੱਸਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ ਤੋਂ ਇੱਥੇ ਮੋਹਲੇਧਾਰ ਮੀਂਹ ਜਾਰੀ ਹੈ, ਇਸ ਕਾਰਨ ਮਕਾਨ ਢਹਿ ਗਿਆ ਹੈ। ਸਾਬਕਾ ਮੰਤਰੀ ਗੋਪਾਲ ਭਾਰਗਵ, ਜਿ਼ਲ੍ਹਾ ਕੁਲੈਕਟਰ ਦੀਪਕ ਆਰੀਆ ਅਤੇ ਪੁਲਸ ਸੁਪਰਡੈਂਟ ਮੌਕੇ 'ਤੇ ਮੌਜੂਦ ਹਨ। ਮ੍ਰਿਤਕ ਬੱਚਿਆਂ ਦੀਆਂ ਲਾਸਾਂ ਨੂੰ ਪੋਸਟਮਾਰਟਮ ਲਈ ਸਾਗਰ ਜਿ਼ਲ੍ਹਾ ਹਸਪਤਾਲ ਲਿਆਂਦਾ ਗਿਆ ਹੈ।

# ਚੰਨੀ ਨੇ ਅੰਮ੍ਰਿਤਪਾਲ ਦੀ ਰਿਹਾਈ ਦਾ ਚੁੱਕਿਆ ਮੁੱਦਾ, ਅਮਰੀਕਾ ਦੇ ਉੱਘੇ ਸਿੱਖ ਅਟਾਰਨੀ ਨੇ ਕੀਤੀ ਸ਼ਲਾਘਾ

ਏਜੰਸੀਆਂ

ਨਿਊਯਾਰਕ 5 ਅਗਸਤ। ਅਮਰੀਕਾ ਦੇ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਪਾਰਲੀਮੈਂਟ ਮੈਂਬਰ ਚਰਨਜੀਤ ਸਿੰਘ ਚੰਨੀ ਵੱਲੋ ਲਏ ਨਿਡਰਤਾ ਨਾਲ ਸਟੈਂਡ ਦੀ ਭਰਪੂਰ ਸ਼ਲਾਘਾ ਕੀਤੀ ਹੈ। ਜਸਪ੍ਰੀਤ ਸਿੰਘ ਨੇ ਚੰਨੀ ਦੀ ਇਹ ਸ਼ਲਾਘਾ ਉਨ੍ਹਾਂ ਵੱਲੋ ਖਡੂਰ ਸਾਹਿਬ ਤੋਂ ਚੁਣੇ ਗਏ ਐਮ.ਪੀ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਪਾਰਲੀਮੈਂਟ ਹਾਊਸ ਵਿਚ ਦਿੱਤੇ ਬਿਆਨ ਕਾਰਨ ਕੀਤੀ। ਗੁਰਸਿੱਖ ਭਾਰਤੀ-ਅਮਰੀਕਨ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਖਡੂਰ ਸਾਹਿਬ ਤੋ ਭਾਰੀ ਬਹੁਮਤ ਨਾਲ ਲੋਕਾਂ ਵੱਲੋਂ ਦਿੱਤੇ ਫਤਵੇ 'ਤੇ ਐਮ.ਪੀ ਦੀ ਚੋਣ ਜਿੱਤੇ ਅੰਮ੍ਰਿਤਪਾਲ ਸਿੰਘ ਨਾਲ ਮਨੁੱਖੀ ਅਧਿਕਾਰਾਂ ਦੀ ਸਰਕਾਰਾਂ ਵੱਲੋਂ ਨਜਾਇਜ ਦੁਰਵਰਤੋਂ ਕੀਤੀ ਗਈ ਹੈ। ਸਹੁੰ ਚੁੱਕਣ ਤੋਂ ਬਾਅਦ ਉਨ੍ਹਾਂ 'ਤੇ ਐਨ.ਐਸ.ਏ ਦੀ ਹੋਰ ਮਿਆਦ ਵਧਾ ਕੇ ਅਸਮ ਰਾਜ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਉਨ੍ਹਾਂ ਨੂੰ ਬੰਦ ਕੀਤਾ ਗਿਆ ਹੈ। ਕਾਨੂੰਨ ਦੀ ਨਿਰਧਾਰਤ ਪ੍ਰਕਿਰਿਆ ਦਾ ਪਾਲਣ ਨਹੀ ਕੀਤਾ ਗਿਆ, ਜੋ ਪੂਰੀ ਤਰਾਂ ਗੈਰ-ਕਾਨੂੰਨੀ ਹੈ। ਅਟਾਰਨੀ ਨੇ ਕਿਹਾ ਕਿ ਸਰਕਾਰਾਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਦੁਰਵਰਤੋ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜੇ



ਲੋਕ ਲੋਕਤੰਤਰ ਵਿੱਚ ਵਿਸਵਾਸ ਰੱਖਦੇ ਹਨ। ਉਨ੍ਹਾਂ ਲੋਕਾਂ ਨੇ ਹੀ ਉਸ ਦੇ ਹੱਕ ਵਿਚ ਵੋਟਾਂ ਪਾ ਕੇ ਉਸ ਨੂੰ ਭਾਰੀ ਬਹੁਮਤ ਦੇ ਨਾਲ ਜਿਤਾ ਕੇ ਐਮ.ਪੀ ਬਣਾਇਆ ਹੈ। ਹੁਣ ਅੰਮ੍ਰਿਤਪਾਲ ਸਿੰਘ ਨੇ ਸਹੁੰ ਚੁੱਕੀ ਹੈ ਅਤੇ ਉਸ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਤਾਂ ਜੋ ਉਹ ਆਪਣੇ ਲੋਕਾਂ ਦੇ ਮੁੱਦੇ ਚੁੱਕ ਸਕੇ। ਲੋਕਾਂ ਦੀ ਨੁਮਾਇੰਦਗੀ ਲਈ ਉਸ ਨੂੰ ਰਿਹਾਅ ਕਰਨਾ ਚਾਹੀਦਾ ਹੈ। ਤਾਂ ਜੋ ਉਹ ਆਪਣੇ ਲੋਕਾਂ ਵਿਚ ਵਿਚਰ ਕੇ ਲੋਕਾਂ ਦੀ ਅਤੇ ਪੰਜਾਬ ਦੀ ਨੁਮਾਇੰਦਗੀ ਕਰ ਸਕੇ। ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਜੇਕਰ ਉਹ ਦੁਬਾਰਾ ਗਲਤੀ ਕਰੇਗਾ, ਕਾਨੂੰਨ ਦੀ ਉਲੰਘਣਾ ਕਰੇਗਾ ਤਾਂ ਉਸ 'ਤੇ ਦੁਬਾਰਾ ਦੋਸ ਵੀ ਆਇਦ ਕੀਤੇ ਜਾ ਸਕਦੇ ਹਨ ਅਤੇ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ। ਅਟਾਰਨੀ ਨੇ ਪਾਰਟੀ ਦੀ ਪ੍ਰਵਾਹ ਨਾ ਕਰਦੇ ਹੋਏ ਇਕ ਨਿੱਧੜਕ ਤੇ ਸੱਚ 'ਤੇ ਪਹਿਰਾ ਦੇਣ ਵਾਲੇ ਜਲੰਧਰ ਤੋਂ ਬਣੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਸਲਾਘਾ ਕੀਤੀ, ਜਿਸ ਨੇ ਪਾਰਲੀਮੈਂਟ ਵਿੱਚ ਇਹ ਮਸਲਾ ਚੁੱਕਿਆ। ਉਨ੍ਹਾਂ ਕਿਹਾ ਕਿ ਭਾਵੇਂ ਕਾਂਗਰਸ ਪਾਰਟੀ ਨੇ ਚੰਨੀ ਦੇ ਬਿਆਨ ਤੋਂ ਕਿਨਾਰਾ ਕਰਕੇ ਉਸ ਦਾ ਨਿੱਜੀ ਬਿਆਨ ਦੱਸਿਆ ਹੈ। ਪਰ ਚੰਨੀ ਵੱਲੋਂ ਖਡੂਰ ਸਾਹਿਬ ਦੇ ਲੋਕਾਂ ਦੇ ਹਿੱਤ ਵਿੱਚ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਮੰਗ ਸਲਾਘਾਯੋਗ ਹੈ।

# ਢੀਂਡਸਾ ਵੱਲੋਂ ਅਨੁਸ਼ਾਸਨੀ ਕਮੇਟੀ ਦਾ ਫੈਸਲਾ ਰੱਦ ਕਰਨ 'ਤੇ ਡਾ. ਦਲਜੀਤ ਚੀਮਾ ਦਾ ਵੱਡਾ ਬਿਆਨ

ਏਜੰਸੀਆਂ

ਜਲੰਧਰ/ਚੰਡੀਗੜ੍ਹ 5 ਅਗਸਤ। ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਵੱਲੋਂ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਬਾਗੀ ਧੜੇ ਦੇ 8 ਆਗੂਆਂ ਨੂੰ ਪਾਰਟੀ 'ਚੋਂ ਬਾਹਰ ਕੱਢਣ ਦੇ ਫੈਸਲੇ ਨੂੰ ਰੱਦ ਕਰਨ 'ਤੇ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਚੀਮਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਡਾ. ਦਲਜੀਤ ਚੀਮਾ ਨੇ ਕਿਹਾ ਕਿ ਸਰਪ੍ਰਸਤ ਨੂੰ ਫੈਸਲਾ ਰੱਦ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਹੁੰਦਾ। ਇਹ ਗੱਲ ਢੀਂਡਸਾ ਸਾਬ੍ਹ ਨੂੰ ਵੀ ਪਤਾ ਹੈ ਕਿ ਜਦੋਂ ਪਾਰਟੀ ਵਿਚੋਂ ਕਿਸੇ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ ਤਾਂ ਉਸ ਦੇ ਸਾਰੇ ਅਧਿਕਾਰੀ ਖਤਮ ਹੋ ਜਾਂਦੇ ਹਨ। ਡਾ. ਚੀਮਾ ਦਾ ਕਹਿਣਾ ਹੈ ਕਿ ਹੁਣ ਉਨ੍ਹਾਂ ਦੇ ਕੋਲ ਕੋਈ ਅਹੁਦੇ ਨਹੀਂ ਰਹੇ ਹਨ ਕਿਉਂਕਿ 8 ਆਗੂਆਂ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਹੀ ਬਾਹਰ ਕਰ ਦਿੱਤਾ ਗਿਆ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਢੀਂਡਸਾ ਸਾਬ੍ਹ ਪਾਰਟੀ ਦੇ ਸੀਨੀਅਰ ਲੀਡਰ ਹਨ। ਇਸੇ ਕਰਕੇ ਬਾਦਲ ਸਾਬ੍ਹ ਦੇ ਜਾਣ ਮਗਰੋਂ ਸਰਪ੍ਰਸਤ ਦਾ ਅਹੁਦਾ ਢੀਂਡਸਾ ਸਾਬ੍ਹ ਨੂੰ ਦਿੱਤਾ ਗਿਆ ਹੈ। ਆਗੂਆਂ ਨੂੰ ਬਾਹਰ ਕੱਢੇ ਜਾਣ 'ਤੇ ਢੀਂਡਸਾ ਸਾਬ੍ਹ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚਿੱਠੀ ਲਿਖ ਕੇ ਜਵਾਬ ਮੰਗਣ 'ਤੇ ਬੋਲਦੇ ਹੋਏ ਕਿਹਾ ਕਿ ਸਰਪ੍ਰਸਤ ਇਕ ਸਨਮਾਨਜਨਕ ਅਹੁਦਾ ਹੈ। ਜਦੋਂ ਤੁਸੀਂ ਬਜੁਰਗ ਹੋ ਜਾਂਦੇ ਹੋ ਅਤੇ ਪੂਰੀ ਤਰ੍ਹਾਂ ਰਾਜਨੀਤੀ ਵਿਚ ਸਰਗਰਮ ਨਹੀਂ ਰਹਿ ਪਾਉਂਦੇ ਤਾਂ ਪਾਰਟੀ ਤੁਹਾਨੂੰ ਸਨਮਾਨ ਦਿੰਦੇ ਹੋਏ ਪਾਰਟੀ ਦਾ ਸਰਪ੍ਰਸਤ ਬਣਾ ਦਿੰਦੀ ਹੈ। ਡਾ. ਦਲਜੀਤ ਚੀਮਾ ਨੇ ਕਿਹਾ ਕਿ ਜਦੋਂ ਕੋਈ ਪਾਰਟੀ ਫੈਸਲਾ ਕਰ ਦਿੰਦੀ ਹੈ ਤਾਂ ਸਰਪ੍ਰਸਤ ਨੂੰ ਵੀ ਪਾਰਟੀ ਦੇ ਮੁਤਾਬਕ ਚੱਲਣਾ ਚਾਹੀਦਾ ਹੈ। ਇਸੇ ਤਰੀਕੇ ਨਾਲ ਪਾਰਟੀ ਦੇ ਫੈਸਲੇ ਕੀਤੇ ਜਾਂਦੇ ਹਨ। ਸੁਖਦੇਵ ਢੀਂਡਸਾ ਨੂੰ ਧਿਰ ਬਣ ਕੇ ਬਾਹਰ ਕੱਢੇ ਗਏ ਲੀਡਰਾਂ ਦੀ ਪ੍ਰੈੱਸ ਕਾਨਫਰੰਸ ਵਿਚ ਬੈਠ ਕੇ ਆਪ ਲੀਡ ਨਹੀਂ ਕਰਨਾ ਚਾਹੀਦਾ ਸੀ। ਸਾਰੀ ਉਮਰ ਉਨ੍ਹਾਂ ਨੇ ਪਾਰਟੀ ਵਿਚ ਕੰਮ ਕੀਤਾ ਹੈ। ਦੱਸ ਦੇਈਏ ਕਿ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਬਾਗੀ ਧੜੇ ਦੇ 8 ਆਗੂਆਂ ਨੇ ਪਾਰਟੀ 'ਚੋਂ ਬਾਹਰ ਕੱਢਣ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਹੈ ਕਿ ਇਹ ਸੁਖਬੀਰ ਬਾਦਲ ਹੁਣ ਪ੍ਰਧਾਨਗੀ ਦੇ ਲਾਇਕ ਨਹੀਂ ਰਿਹਾ ਹੈ। ਸੁਖਬੀਰ ਦਾ ਫੈਸਲਾ ਗੈਸੰਵਿਧਾਨਕ ਹੈ, ਲਿਹਾਜਾ ਉਹ



ਪਾਰਟੀ ਦੇ ਸਰਪ੍ਰਸਤ ਹੋਣ ਦੇ ਨਾਤੇ ਇਹ ਫੈਸਲਾ ਰੱਦ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਪ੍ਰਸਤ ਦੇ ਤੌਰ 'ਤੇ ਇਸ ਸਬੰਧੀ ਮੈਂ ਲਿਖਤੀ ਤੌਰ 'ਤੇ ਸੁਖਬੀਰ ਬਾਦਲ ਨੂੰ ਭੇਜਾਂਗਾ। ਢੀਂਡਸਾ ਨੇ ਇਹ ਵੀ ਆਖਿਆ ਹੈ ਕਿ ਬਹੁਤ ਜਲਦੀ ਉਹ ਪਾਰਟੀ ਇਜਲਾਸ ਬੁਲਵਾਉਣਗੇ ਜਿਸ ਵਿਚ ਨਵਾਂ ਪ੍ਰਧਾਨ ਚੁਣਿਆ ਜਾਵੇਗਾ। ਹਾਲਾਂਕਿ ਨਵੇਂ ਪ੍ਰਧਾਨ ਦੇ ਨਾਂ 'ਤੇ ਅਜੇ ਕੋਈ ਫੈਸਲਾ ਨਹੀਂ ਹੋਇਆ ਹੈ ਅਤੇ ਇਹ ਫੈਸਲਾ ਵੀ ਸੰਗਤ ਹੀ ਕਰੇਗੀ। ਅਕਾਲੀ ਦਲ ਨੇ ਬੀਤੇ ਦਿਨ ਬਾਗੀ ਧੜੇ ਦੇ 8 ਵੱਡੇ ਆਗੂਆਂ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਸੀ। ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਨੇ ਵੱਡੀ ਕਾਰਵਾਈ ਕਰਦੇ ਹੋਏ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਅਤੇ ਚਰਨਜੀਤ ਸਿੰਘ ਬਰਾੜ ਨੂੰ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ 'ਚੋਂ ਬਾਹਰ ਕਰ ਦਿੱਤਾ ਹੈ। ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਵਿਚ ਬਲਵਿੰਦਰ ਸਿੰਘ ਭੂੰਦੜ ਅਤੇ ਮਹੇਸ਼ ਇੰਦਰ ਸਿੰਘ ਗਰੇਵਾਲ ਤੋਂ ਇਲਾਵਾ ਹੋਰ ਵੀ ਕਈ ਵੱਡੇ ਆਗੂ ਮੌਜੂਦ ਰਹੇ ਸਨ। ਜਿਸ ਵਿਚ ਅਕਾਲੀ ਦਲ ਤੋਂ ਲਗਾਤਾਰ ਬਾਗੀ ਚੱਲਦੇ ਆ ਰਹੇ ਆਗੂਆਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦੇ ਅਕਾਲੀ ਦਲ ਵਿਚੋਂ ਬਾਹਰ ਕੱਢਣ ਦਾ ਫੈਸਲਾ ਕੀਤਾ ਗਿਆ ਸੀ।

## ਜੰਗਲੀ ਰਿੱਛ ਦੇ ਹਮਲੇ 'ਚ ਇੱਕ ਵਿਅਕਤੀ ਦੀ ਮੌਤ, ਦੋ ਗੰਭੀਰ ਜਖਮੀ

ਗੌਰੇਲਾ 5 ਅਗਸਤ। ਪੇਂਦਰਾ-ਮਰਵਾਹੀ : ਛੱਤੀਸਗੜ੍ਹ ਦੇ ਗੌਰੇਲਾ-ਪੇਂਦਰਾ-ਮਰਵਾਹੀ ਜਿ਼ਲ੍ਹੇ ਵਿਚ ਐਤਵਾਰ ਨੂੰ ਜੰਗਲੀ ਰਿੱਛ ਦੇ ਹਮਲੇ ਵਿਚ ਇਕ 28 ਸਾਲਾ ਵਿਅਕਤੀ ਦੀ ਮੌਤ ਹੋ ਗਈ ਜਦਕਿ ਦੋ ਹੋਰ ਗੰਭੀਰ ਰੂਪ ਵਿਚ ਜਖਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਮਾਰਵਾਹੀ ਡਵੀਜਨ ਦੇ ਜੰਗਲਾਤ ਅਧਿਕਾਰੀ (ਡੀਐੱਫਓ) ਰੌਨਕ ਗੋਇਲ ਨੇ ਦੱਸਿਆ ਕਿ ਇਹ ਘਟਨਾ ਸਵੇਰੇ ਬਦਰੌਂਦੀ ਪਿੰਡ ਨੇੜੇ ਵਾਪਰੀ ਜਦੋਂ ਪੀੜਤ ਛਬਲ, ਘਾਸੀਰਾਮ (45) ਤੇ ਸੰਤਲਾਲ (42) ਜੰਗਲ ਵਿੱਚ ਲੱਕੜਾਂ ਇਕੱਠਾ ਕਰਨ ਗਏ ਸਨ। ਗੋਇਲ ਨੇ ਕਿਹਾ ਕਿ ਰਿੱਛ ਨਾਲ ਸਾਹਮਣਾ ਹੋਣ ਤੋਂ ਬਾਅਦ ਤਿੰਨਾਂ ਨੇ ਉਸ ਨਾਲ ਲੜਨ ਦੀ ਕੋਸਿ਼ਸ ਕੀਤੀ, ਪਰ ਰਿੱਛ ਨੇ ਛੱਬਲਾਲ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ, ਜਦੋਂ ਕਿ ਘਸੀਰਾਮ ਅਤੇ ਸੰਤਲਾਲ ਗੰਭੀਰ ਰੂਪ ਨਾਲ ਜਖਮੀ ਹੋ ਗਏ। ਉਨ੍ਹਾਂ ਕਿਹਾ ਕਿ ਜਖਮੀਆਂ ਨੂੰ ਮਰਵਾਹੀ ਵਿਚ ਕਮਿਊਨਿਟੀ ਹੈਲਥ ਸੈਂਟਰ 'ਚ ਦਾਖਲ ਕਰਵਾਇਆ ਗਿਆ ਹੈ। ਫਿਰ ਬਾਅਦ ਵਿੱਚ ਬਿਲਾਸਪੁਰ ਦੇ ਇੱਕ ਹਸਪਤਾਲ ਵਿੱਚ ਸਿ਼ਫਟ ਕੀਤਾ ਗਿਆ, ਅਧਿਕਾਰੀਆਂ ਨੇ ਕਿਹਾ ਕਿ ਮ੍ਰਿਤਕ ਦੇ ਪਰਿਵਾਰਾਂ ਨੂੰ ਰਾਜ ਸਰਕਾਰ ਦੇ ਨਿਯਮਾਂ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ।